ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 142| 25 Sept. to 1 Oct. , 2024 | Ph.: (510) 240-5949 | Email: asrtimes@gmail.com

‘ਆਪ’ ਸਰਕਾਰ ਦੀ ਬਦਲੀ ਆਬੋ-ਹਵਾ

## ਕੀ ਮਾਨ ਸਰਕਾਰ ਦੇ ਨਵੇਂ ਹੀਰੇ ਲਾਉਣਗੇ ਬੇੜਾ ਪਾਰ ?

ਬਲਰਾਜ ਪਨੂੰ



ਭਗਵੰਤ ਮਾਨ ਸਰਕਾਰ ਨੇ ਕੱਲ੍ਹ ਐਲਾਨ ਕਰ ਦਿੱਤਾ ਕਿ ਪੰਚਾਇਤੀ ਚੋਣਾਂ ਦੁਸਹਿਰੇ ਤੋਂ ਬਾਅਦ ਹੋਣਗੀਆਂ। ਪਿੰਡਾਂ ਦੇ ਸਰਪੰਚਾਂ ਦੀ ਸਿੱਖਿਆ ਬੀ.ਏ. ਤੋਂ ਘੱਟ ਨਾ ਹੋਵੇ ਕਹਿਣ ਵਾਲੀ ਸਰਕਾਰ ਨੇ ਬੀਤੇ ਦਿਨੀਂ ਤਰੁਣਪ੍ਰੀਤ ਸਿੰਘ ਸੌਂਦ, ਜੋ ਕਿ ਸਿਰਫ਼ 12ਵੀਂ ਪਾਸ ਹੈ, ਦੇ ਹੱਥਾਂ ਵਿੱਚ 6 ਵਿਭਾਗਾਂ ਦੀ ਜ਼ਿੰਮੇਵਾਰੀ ਦੇ ਦਿੱਤੀ ਹੈ, ਜਿਸ ਵਿੱਚ ਉਦਯੋਗ, ਪੰਚਾਇਤ ਤੇ ਚਾਰ ਹੋਰ ਵਿਭਾਗ ਸ਼ਾਮਲ ਹਨ। ਦਸਵੀਂ ਪਾਸ ਹਰਦੀਪ ਸਿੰਘ ਮੁੰਡੀਆਂ ਨੂੰ ਮਾਲ, ਮੁੜ ਵਸੇਬਾ, ਵਾਟਰ ਸਪਲਾਈ ਆਦਿ ਵਰਗੇ ਅਹੁਦੇ ਦੇ ਕੇ ਪੰਜਾਬ ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਜਿਸ ਦੀ ਲਾਠੀ ਉਸ ਦੀ ਹੀ ਮੱਝ ਹੁੰਦੀ ਹੈ।

ਮੁੱਖ ਮੰਤਰੀ ਨੇ ਕੱਲ੍ਹ ਆਪ ਵੀ ਕੁਝ ਵਿਭਾਗ ਛੱਡੇ, ਹੁਣ ਉਹਨਾਂ ਦੇ ਕੋਲ 9 ਵਿਭਾਗਾਂ ਦੀ ਜ਼ਿੰਮੇਵਾਰੀ ਰਹਿ ਗਈ ਹੈ। ਢਾਈ ਸਾਲ ਦੇ ਵਿੱਚ ਚੌਥੀ ਵਾਰ ਮੰਤਰੀ ਮੰਡਲ ਵਿੱਚ ਫ਼ੇਰਬਦਲ ਹੋਣਾ ਬੁੱਧੀਜੀਵੀਆਂ ਦੇ ਮੁਤਾਬਿਕ ਇੱਕ ਗੈਰਤਜਰਬੇਕਾਰ ਸਰਕਾਰ ਦੀ ਨਿਸ਼ਾਨੀ ਹੈ, ਕਿਉਂਕਿ ਮੁੱਖ ਮੰਤਰੀ ਨੇ ਇਸ ਫ਼ੇਰਬਦਲ ਦੇ ਕਾਰਨਾਂ ਦਾ ਕਦੀ ਖੁਲਾਸਾ ਨਹੀਂ ਕੀਤਾ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕੈਗ ਦੀ ਰਿਪੋਰਟ ਨੇ ਪੰਜਾਬ ਸਰਕਾਰ ਦੀ ਸਥਿਤੀ ਨੂੰ ਬੇਪਰਦਾ ਕਰ ਦਿੱਤਾ ਸੀ ਪਰ ਕੋਈ ਭੁਲੇਖਾ ਵੀ ਨਹੀਂ ਹੈ, ਕਿਉਂਕਿ ਪਾਵਰ ਕਾਰਪੋਰੇਸ਼ਨ ਵਿੱਤੀ ਸੰਕਟ ਵਿੱਚ ਹੈ। ਰੋਡਵੇਜ਼ ਦਾ ਘਾਟਾ ਪੂਰਿਆ ਨਹੀਂ ਜਾ ਰਿਹਾ। ਸੋਲਰ ਪੰਪਾਂ ਦੀ ਸਕੀਮ ਹਵਾ ਦੇ ਵਿੱਚ ਹੈ। ਇੱਕ ਵਾਅਦਾ ਸਰਕਾਰ ਨੇ ਕਿਸਾਨੀ ਧਰਨੇ ਸਮੇਂ 700 ਕਿਸਾਨ ਜੋ ਇਸ ਦੁਨੀਆਂ ਤੋਂ ਬਾਰਡਰ ’ਤੇ ਬੈਠੇ ਰੁਖਸਤ ਹੋ ਗਏ ਸੀ, ਉਹਨਾਂ ਦੇ ਪਰਿਵਾਰਾਂ ਨਾਲ ਸਰਕਾਰੀ ਨੌਕਰੀ ਦੇਣ ਦਾ ਕੀਤਾ ਸੀ, ਜਿਨ੍ਹਾਂ ਵਿਚੋਂ 30 ਪਰਿਵਾਰਾਂ ਨੂੰ ਨੌਕਰੀ ਨਸੀਬ ਹੋਈ ਹੈ ਤੇ ਬਾਕੀ ਹਾਲੇ ਉਡੀਕ ਦਾ ਪੱਲਾ ਫੜੀ ਬੈਠੇ ਨੇ। ਸ਼ੰਭੂ ਬਾਰਡਰ ’ਤੇ ਬੈਠੇ ਕਿਸਾਨਾਂ ਦੀ ਸਰਕਾਰ ਕੋਈ ਸਾਰ ਨਹੀਂ ਲੈ ਰਹੀ। 1158 ਅਸਿਸਟੈਂਟ ਪ੍ਰੋਫ਼ੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਭਾਵੇਂ ਸੁਪਰੀਮ ਕੋਰਟ ਵੱਲੋਂ ਹਰੀ ਝੰਡੀ ਮਿਲੀ ਹੈ ਪਰ ਪੰਜਾਬ ਸਰਕਾਰ ਬਦੋਬਦੀ ਜਿੱਤ ਦਾ ਸਿਹਰਾ ਆਪਣੇ ਸਿਰ ਆਪੇ ਹੀ ਬੰਨ ਰਹੀ ਹੈ। ਤੇ ਦੂਜੇ ਪਾਸੇ ਸਰਕਾਰ ਦੇ ਅੰਦਰਲੇ ਲੀਡਰਾਂ ਦਾ ਮੁੱਖ ਮੰਤਰੀ ਦੇ ਉੱਤੇ ਵਿਸ਼ਵਾਸ ਨਹੀਂ ਬੱਝ ਰਿਹਾ ਕਿਉਂਕਿ ਖ਼ਬਰਾਂ ਇਹ ਆ ਰਹੀਆਂ ਨੇ ਕਿ ਭਗਵੰਤ ਮਾਨ ਦੀ ਕੁਰਸੀ ਨੂੰ ਖਤਰਾ ਹੈ। ਹੋ ਸਕਦਾ ਹੈ ਕਿ ਕੋਈ ਡਿਪਟੀ ਸੀ.ਐਮ. ਦਾ ਅਹੁਦਾ ਨਾ ਸੰਭਾਲ ਲਵੇ। ਬੁੱਧੀਜੀਵੀ ਇਹ ਗੱਲ ਕਹਿੰਦੇ ਨੇ ਕਿ ਕੇਜਰੀਵਾਲ ਆਪਣੇ ਆਪ ਤੋਂ ਕਿਸੇ ਦਾ ਵੀ ਵੱਡਾ ਕੱਦ ਹੁੰਦਾ ਵੇਖ ਨਹੀਂ ਸਕਦਾ, ਇਸ ਦੀ ਉਦਾਹਰਨ ਭੂਸ਼ਣ, ਜਿਸ ਨੇ ਕਿ ਕਰੋੜਾਂ ਦਾ ਫ਼ੰਡ ਵੀ ਦਿੱਤਾ ਸੀ, ਤੇ ਬਾਅਦ ਵਿੱਚ ਮੱਖਣ ਵਿਚੋਂ ਵਾਲ ਵਾਂਗੂ ਕੱਢ ਦਿੱਤਾ। ਪ੍ਰਸ਼ਾਂਤ ਭੂਸ਼ਣ, ਕੁਮਾਰ ਵਿਸ਼ਵਾਸ ਵਰਗੇ ਕਈ ਕੇਜਰੀਵਾਲ ਨੇ ਆਪਣੇ ਰਸਤੇ ਤੋਂ ਲਾਂਭੇ ਕੀਤੇ ਕਿਉਂਕਿ ਉਸ ਨੂੰ ਡਰ ਸੀ ਕਿ ਇਹ ਲੋਕ ਕਿਸੇ ਵੇਲੇ ਵੀ ਉਸ ਨੂੰ ਪੁੱਛ ਸਕਦੇ ਨੇ ਕਿ ਕੀ ਹੋ ਰਿਹੈ ? ਤੇ ਇਸੇ ਤਰੀਕੇ ਦੇ ਨਾਲ ਹੀ ਭਗਵੰਤ ਮਾਨ ਦੇ ਕਿਲੇ ਦੇ ਵਿੱਚ ਮੋਰੀਆਂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੇਜਰੀਵਾਲ ਦੇ ਅਸਤੀਫ਼ੇ ਵਾਲੇ ਦਿਨ ਤੋਂ ਭਗਵੰਤ ਮਾਨ ਤੇ ਕੇਜਰੀਵਾਲ ਦੇ ਸਬੰਧਾਂ ਵਿੱਚ ਖਟਾਸ ਚਰਚਾ ਦੇ ਵਿੱਚ ਹੈ, ਬੀਤੇ ਦਿਨੀਂ ਹਰਿਆਣਾ ਚੋਣ ਪ੍ਰਚਾਰ ’ਤੇ ਆਏ ਕੇਜਰੀਵਾਲ ਬਠਿੰਡਾ ਏਅਰਪੋਰਟ ’ਤੇ ਭਗਵੰਤ ਮਾਨ ਨੂੰ ਮਿਲੇ ਪਰ ਗਲਵਕੜੀ ਨਹੀਂ ਪਈ। ਭਗਵੰਤ ਮਾਨ ਨੇ ਫੁੱਲਾਂ ਦਾ ਇੱਕ ਗੁਲਦਸਤਾ ਦੇ ਕੇ ਹੀ ਸਾਰ ਛੱਡਿਆ। ਕਹਿੰਦੇ ਹੁੰਦੇ ਨੇ ਘਰ ਦਾ ਭੇਤੀ ਲੰਕਾ ਢਾਹੇ। ਕੇਜਰੀਵਾਲ ਨੇ ਭਗਵੰਤ ਮਾਨ ਤੋਂ ਸਾਰਾ ਭੇਤ ਲੈ ਲਿਆ ਹੈ, ਜਿਸ ਕਰਕੇ ਇੱਕ ਇੱਕ ਇੱਟ ਖਿਸਕਦੀ ਨਜ਼ਰ ਆ ਰਹੀ ਹੈ। ਭਾਵੇਂ ਪੰਜਾਬ ਦੇ ਚਾਰ ਮੰਤਰੀ ਘਰਾਂ ਨੂੰ ਰਵਾਨਾ ਹੋ ਗਏ ਨੇ ਤੇ ਪੰਜਾਂ ਨੇ ਸਹੁੰ ਚੁੱਕ ਲਈ ਹੈ ਪਰ ਸਭ ਤੋਂ ਜ਼ਿਆਦਾ ਚਰਚਾ ਓਂਕਾਰ ਸਿੰਘ ਓ.ਐਸ.ਡੀ. ਦੀ ਹੈ। ਭਗਵੰਤ ਮਾਨ ਦੇ ਨਜ਼ਦੀਕੀ ਤੇ ਉਸ ਦਾ ਕਾਰੋਬਾਰ ਸੰਭਾਲਣ ਵਾਲੇ ਓਂਕਾਰ ਸਿੰਘ ਕਿੱਤੇ ਵਜੋਂ ਪ੍ਰੋਫ਼ੈਸਰ ਨੇ ਤੇ ਬਠਿੰਡਾ ਤੋਂ ਨੇ। ਉਹਨਾਂ ਦੇ ਅਹੁਦੇ ਤੋਂ ਉਹਨਾਂ ਨੂੰ ਵਾਂਝਿਆਂ ਕਰ ਦੇਣਾ ਗੱਲ ਦੁਚਿੱਤੀ ਵਾਲੀ ਹੈ। ਮਾਹਿਰ ਤਾਂ ਇਹ ਵੀ ਕਹਿ ਰਹੇ ਨੇ ਕਿ ਇੱਕ ਸਾਜ਼ਿਸ਼ ਅਨੁਸਾਰ ਉਹਦੇ ਆਪਣਿਆਂ ਨੂੰ ਉਸ ਤੋਂ ਦੂਰ ਕੀਤਾ ਜਾ ਰਿਹਾ ਹੈ। ਤੇ ਓਧਰ ਬਿਕਰਮ ਸਿੰਘ ਮਜੀਠੀਆ ਵੀ ਕਹਿੰਦਾ ਹੈ ਕਿ ਮਾਨ ਸਾਬ੍ਹ ਅਸਤੀਫ਼ੇ ਦਾ ਕਾਰਨ ਦੱਸੋ, ਨਹੀਂ ਤਾਂ ਮੈਂ ਦੱਸਾਂਗਾ। ਵੈਸੇ ਅਕਾਲੀਆਂ ਵਿੱਚ ਇਕੱਲਾ ਬਿਕਰਮ ਮਜੀਠੀਆ ਹੀ ਆਮ ਆਦਮੀ ਪਾਰਟੀ ਨੂੰ ਲਲਕਾਰਦਾ ਆ ਰਿਹਾ ਹੈ। ਭਾਵੇਂ ਕਿ ਈ.ਡੀ. ਹਮੇਸ਼ਾ ਓਹਦੀ ਪੈੜ ਨੱਪਦਾ ਰਹਿੰਦਾ ਹੈ। ਜਿਸ ਤਰੀਕੇ ਦੇ ਨਾਲ ਭਗਵੰਤ ਮਾਨ ਦੀ ਕੁਰਸੀ ਨੂੰ ਖ਼ਤਰੇ ਵਾਲੀ ਗੱਲ ਉਛਾਲੀ ਜਾ ਰਹੀ ਹੈ, ਜਾਂ ਦਬਾਅ ਬਣਾਇਆ ਜਾ ਰਿਹਾ ਹੈ, ਜਾਂ ਕੋਈ ਪੈਂਤੜਾ ਜਾਂ ਸਾਜ਼ਿਸ਼ ਹੈ, ਤਾਂ ਸਾਡੇ ਅਨੁਸਾਰ ਭਗਵੰਤ ਮਾਨ ਦੇ ਨਾਲੋਂ ਮਜ਼ਬੂਤ ਚਿਹਰਾ ਆਮ ਆਦਮੀ ਪਾਰਟੀ ਨੂੰ ਹੋਰ ਨਹੀਂ ਮਿਲ ਸਕਦਾ। ਪਰ ਨਾਲ ਹੀ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਗਵੰਤ ਮਾਨ ਵੱਡੀ ਕੁਰਸੀ ’ਤੇ ਬੈਠ ਕੇ ਰੁਤਬੇ ਤੋਂ ਥੱਲੇ ਡਿੱਗਣ ਵਾਲੀਆਂ ਗੱਲਾਂ ਕਈ ਵਾਰ ਕਰ ਜਾਂਦੇ ਨੇ। ਉਹਨਾਂ ਦੇ ਵਿਚਾਰ ਤੇ ਵਿਵਹਾਰ ਮੁੱਖ ਮੰਤਰੀ ਵਰਗਾ ਨਹੀਂ ਦਿਸਦਾ, ਸ਼ੁਗਲ ਹਮੇਸ਼ਾ ਚੰਗਾ ਨਹੀਂ ਲੱਗਦਾ, ਓਹ ਵੀ ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠ ਕੇ। ਲੋਕ ਕਹਿੰਦੇ ਨੇ ਕਿ ਦਾਲ ਵਿੱਚ ਕੁੱਝ ਕਾਲਾ ਹੈ। ਕਿਧਰੇ ਭਗਵੰਤ ਮਾਨ ਦੀਆਂ ਕੁਝ ਇਹੋ ਜਿਹੀਆਂ ਹਰਕਤਾਂ ਨੇ ਹੀ ਦਾਲ ਵਿੱਚ ਕੋਕੜੂ ਤਾਂ ਨਹੀਂ ਕਰ ਦਿੱਤੇ ? ਆਮ ਆਦਮੀ ਪਾਰਟੀ ਦੀ ਸਰਕਾਰ ਮੁਕੰਮਲ ਤੌਰ ’ਤੇ ਪੰਜਾਬ ਦੇ ਵਿੱਚ ਹੀ ਹੈ, ਤੇ ਪੰਜਾਬ ਨੂੰ ਹੀ ਵੱਡੀਆਂ ਸਟੇਜਾਂ ਤੋਂ ਮਾਣ ਨਾ ਦੇਣਾ ਪੰਜਾਬ ਵਾਸੀਆਂ ਲਈ ਚਿੰਤਾ ਦੀ ਗੱਲ ਹੈ। ਆਤਿਸ਼ੀ ਦਾ ਨਾਂਅ ਦਿੱਲੀ ਦੇ ਮੁੱਖ ਮੰਤਰੀ ਵਜੋਂ ਐਲਾਨ ਕਰਨ ਸਮੇਂ ਵੀ ਪੰਜਾਬ ਦੇ ਮੁੱਖ ਮੰਤਰੀ ਦੀ ਮੌਜੂਦਗੀ ਨਾ ਹੋਣਾ ਚਰਚਾ ਦੇ ਵਿੱਚ ਰਹੀ। ਕੀ ਕੇਜਰੀਵਾਲ ਇਹ ਚਾਹੁੰਦੇ ਨੇ ਕਿ ਜਿਸ ਤਰੀਕੇ ਦੇ ਨਾਲ ਆਤਿਸ਼ੀ ਨੇ ਉਸ ਦੀ ਕੁਰਸੀ ਆਪਣੀ ਕੁਰਸੀ ਦੇ ਬਰਾਬਰ ਰੱਖੀ ਹੋਈ ਹੈ ਤੇ ਆਖ ਰਹੀ ਹੈ ਕਿ ਭਰਤ ਨੇ ਸ੍ਰੀ ਰਾਮ ਦੀਆਂ ਖੜਾਵਾਂ ਰੱਖ ਕੇ ਰਾਜ ਕੀਤਾ ਸੀ ਤੇ ਇਸ ਤਰ੍ਹਾਂ ਅਸੀਂ ਕੇਜਰੀਵਾਲ ਦੀ ਛਤਰ-ਛਾਇਆ ਹੇਠ ਰਾਜ ਕਰਨਾ ਹੈ। ਕੀ ਭਗਵੰਤ ਮਾਨ ਵੀ ਕੇਜਰੀਵਾਲ ਦੀ ਉਂਗਲ ਫੜ ਕੇ ਤੁਰਿਆ ਕਰਨ ਨਹੀਂ ਤਾਂ ਕੇਜਰੀਵਾਲ ਨਾਰਾਜ਼ ਹੋ ਜਾਣਗੇ। ਵੈਸੇ ਇੱਕ ਗੱਲ ਹੈ ਕਿ ਹੋਰਨਾਂ ਪਾਰਟੀਆਂ ਵਾਂਗ ‘ਆਪ’ ਪਾਰਟੀ ਵੀ ਹਰ ਗੱਲ ਦੇ ਵਿੱਚ ਧਰਮ ਨੂੰ ਲਿਆਉਂਦੀ ਹੈ ਤੇ ਫਿਰ ਜੇ ਕੋਈ ਬੁੱਧੀਜੀਵੀ ਟਿੱਪਣੀ ਕਰ ਦਿੰਦਾ ਹੈ ਤਾਂ ਮਾਲਵਿੰਦਰ ਮਾਲੀ ਵਾਂਗ ਉਹਨੂੰ ਜੇਲ੍ਹ ਵਿੱਚ ਭੇਜ ਦਿੱਤਾ ਜਾਂਦਾ ਹੈ। ਕਮਾਲ ਕਰਦੇ ਹੋ ਦੇਵਤਿਓ ! ਇਹ ਤਾਂ ਛਲਾਵੇ ਦੀ ਰਾਜਨੀਤੀ ਹੈ ਨਾ। ਹਰਿਆਣੇ ਵਿੱਚ ਵੀ ‘ਆਪ’ ਪਾਰਟੀ ਦੀ ਸਥਿਤੀ ਕੁਝ ਇਸ ਤਰ੍ਹਾਂ ਦੀ ਹੈ ਕਿ ਇੱਕ ਕਹਾਵਤ ਹੈ ਕਿ “ਨਾ ਤਿੰਨ ’ਚੋਂ ਨਾ ਤੇਰ੍ਹਾਂ ’ਚੋਂ” ਪਰ ਕੇਜਰੀਵਾਲ ਦਾ ਕਹਿਣੈ ਕਿ ‘ਆਪ’ ਬਗੈਰ ਹਰਿਆਣਾ ਵਿੱਚ ਸਰਕਾਰ ਨਹੀਂ ਬਣਨੀ। ਬੁਲੰਦ ਹੌਂਸਲੇ ਨੂੰ ਦਾਦ ਤਾਂ ਦੇਣੀ ਬਣਦੀ ਹੈ। ਖ਼ੈਰ ਗੱਲਾਂ ਤਾਂ ਹੋਰ ਵੀ ਬਥੇਰੀਆਂ ਨੇ। ਪਰ ਇਹ ਸਿਆਸੀ ਘਾਲੇ ਮਾਲੇ ਨੇ ਅਕਾਲੀ ਪਾਰਟੀ ਦੀ ਚਰਚਾ ਨੂੰ ਲੁਕੋ ਲਿਆ ਹੈ। ਮਾਫ਼ੀਆਂ, ਤਨਖ਼ਾਹਾਂ ਲੱਗਣੀਆਂ, ਬਾਗੀ ਅਕਾਲੀਆਂ ਦੇ ਤਿੱਖੇ ਤੇਵਰ, ਸਪੱਸ਼ਟੀਕਰਨ, ਪ੍ਰਧਾਨ ਬਦਲੀ ਦੀ ਮੰਗ ਹਾਲ ਦੀ ਘੜੀ ਠੰਡੇ ਬਸਤੇ ਵਿੱਚ ਪੈ ਗਈ ਹੈ। ਬਸ ਭਗਵੰਤ ਮਾਨ ਸਰਕਾਰ ਆਪਣਾ ਰਿਪੋਰਟ ਕਾਰਡ ਮੁੜ ਮੁੜ ਬਣਾ ਰਹੀ ਹੈ। ਪਰ ਆਉਣ ਵਾਲੇ ਸਮੇਂ ਦੇ ਵਿੱਚ ਇਸ ਰਿਪੋਰਟ ਕਾਰਡ ਦੇ ਉੱਤੇ ਮੋਹਰ ਪੰਜਾਬ ਦੀ ਜਨਤਾ ਨੇ ਲਗਾਉਣੀ ਹੈ। ਤੁਹਾਨੂੰ ਯਾਦ ਹੋਣੈ, ਜਦੋਂ ਭਗਵੰਤ ਮਾਨ ਮੁੱਖ ਮੰਤਰੀ ਬਣਿਆ ਸੀ ਤਾਂ ਇੱਕ ਗੀਤ ਦੀਆਂ ਲਾਈਨਾਂ ਵਾਰ ਵਾਰ ਭਗਵੰਤ ਮਾਨ ਦੇ ਵੀਡੀਓ ਕਲਿੱਪਸ ’ਤੇ ਲਗਾਈਆਂ ਜਾਂਦੀਆਂ ਸੀ “ ਅਖੇ ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਨੇ, ਦੱਬਦਾ ਕਿਥੇ ਐ। ਪਰ ਸਵਾਲ ਇਹ ਹੈ ਕਿ ਕਿਧਰੇ ਦਿੱਲੀ ਵਾਲੇ ਲਾਲੇ ਨੇ ਦੱਬ ਤਾਂ ਨਹੀਂ ਲਿਆ ?

ਸਰਵੇ ’ਚ ਹੋਇਆ ਖ਼ੁਲਾਸਾ

## ਟਰੰਪ ਨਾਲੋਂ ਵਧੇਰੇ ਹਰਮਨਪਿਆਰੀ ਹੈ ਕਮਲਾ ਹੈਰਿਸ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ’ਚ ਕੀਤੇ ਗਏ ਇੱਕ ਨਵੇਂ ਸਰਵੇਖਣ ਅਨੁਸਾਰ ਏਸ਼ੀਆਈ ਅਮਰੀਕੀ, ਹਵਾਈ ਦੀ ਮੂਲ ਨਿਵਾਸੀ ਤੇ ਪ੍ਰਸ਼ਾਂਤ ਟਾਪੂ ਦੀ ਵੋਟਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੁਕਾਬਲੇ ਵਧੇਰੇ ਯੋਗ ਉਮੀਦਵਾਰ ਮੰਨਿਆ ਜਾ ਰਿਹਾ ਹੈ।

ਏ.ਏ.ਪੀ.ਆਈ. (ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ) ਵੋਟਰ ਵੀ ਮੰਨਦੇ ਹਨ ਕਿ ਹੈਰਿਸ ਇੱਕ ਅਜਿਹੀ ਉਮੀਦਵਾਰ ਹੈ ਜੋ ਉਨ੍ਹਾਂ ਦੇ ਪਿਛੋਕੜ ਅਤੇ ਨੀਤੀਗਤ ਵਿਚਾਰਾਂ ਨੂੰ ਬਿਹਤਰ ਢੰਗ ਨਾਲ ਪੇਸ਼ ਕਰਦੀ ਹੈ। ਏ.ਏ.ਪੀ.ਆਈ. ਡੇਟਾ ਅਤੇ ਏ.ਪੀ.ਆਈ.ਵੋਟ ਦੇ ਇੱਕ ਨਵੇਂ ਪੋਲ ’ਚ ਪਾਇਆ ਗਿਆ ਹੈ ਕਿ ਲਗਭਗ 10 ਵਿੱਚੋਂ 6 ਏ.ਏ.ਪੀ.ਆਈ. ਵੋਟਰਾਂ ਦੀ ਹੈਰਿਸ ਬਾਰੇ ਬਹੁਤ ਜਾਂ ਕੁਝ ਹੱਦ ਤੱਕ ਅਨੁਕੂਲ ਰਾਏ ਹੈ, ਜਦੋਂ ਕਿ ਲਗਭਗ ਇੱਕ ਤਿਹਾਈ ਦੀ ਕੁਝ ਹੱਦ ਤੱਕ ਜਾਂ ਬਹੁਤ ਕੁਝ ਦੀ ਉਲਟ ਰਾਇ ਹੈ।

ਹਰ 10 ਏ.ਏ.ਪੀ.ਆਈ. ਵੋਟਰਾਂ ਵਿੱਚੋਂ ਤਿੰਨ ਦੀ ਟਰੰਪ ਪ੍ਰਤੀ ਸਕਾਰਾਤਮਕ ਰਾਇ ਹੈ ਤੇ ਲਗਭਗ ਦੋ ਤਿਹਾਈ ਦੀ ਨਕਾਰਾਤਮਕ ਰਾਇ ਹੈ। ਇਹ ਅਕਤੂਬਰ 2023 ਤੋਂ ਹੈਰਿਸ ਦੇ ਪੱਖ ਵਿੱਚ ਸੁਧਾਰ ਨੂੰ ਦਰਸਾਉਂਦਾ ਹੈ, ਜਦੋਂ ਇੱਕ ਏ.ਪੀ.-ਐਨ.ਓ.ਆਰ.ਸੀ./ਏ.ਪੀ.ਪੀ. ਡੇਟਾ ਸਰਵੇਖਣ ਵਿੱਚ ਪਾਇਆ ਗਿਆ ਕਿ ਲਗਭਗ ਅੱਧੇ ਏ.ਏ.ਪੀ.ਆਈ ਬਾਲਗਾਂ ਦੀ ਉਸ ਬਾਰੇ ਕੁਝ ਹੱਦ ਤੱਕ ਜਾਂ ਬਹੁਤ ਅਨੁਕੂਲ ਰਾਇ ਸੀ। ਹਾਲਾਂਕਿ, ਇਸ ਸਮੂਹ ’ਚ ਟਰੰਪ ਬਾਰੇ ਰਾਇ ਸਥਿਰ ਹੈ।

ਹੈਰਿਸ ਗੈਰ ਗੋਰੇ ਤੇ ਦੱਖਣੀ ਏਸ਼ੀਆਈ ਅਮਰੀਕੀ ਹਨ ਤੇ ਉਸਨੇ ਜਾਰਜੀਆ ਵਰਗੇ ਪ੍ਰਮੁੱਖ ਰਾਜਾਂ ’ਚ ਏ.ਏ.ਪੀ.ਆਈ ਵੋਟਰਾਂ ਨੂੰ ਇਕੱਠਾ ਕੀਤਾ ਹੈ, ਜਿੱਥੇ ਉਨ੍ਹਾਂ ਦੀ ਗਿਣਤੀ ਵੱਧ ਰਹੀ ਹੈ। ਪਰ ਪੋਲ ਦਰਸਾਉਂਦਾ ਹੈ ਕਿ ਏ.ਏ.ਪੀ.ਆਈ. ਵੋਟਰਾਂ ਨੂੰ ਟਰੰਪ ਨਾਲੋਂ ਹੈਰਿਸ ’ਚ ਆਪਣੀ ਸੱਭਿਆਚਾਰਕ ਪਛਾਣ ਪ੍ਰਤੀਬਿੰਬਤ ਦੇਖਣ ਦੀ ਜ਼ਿਆਦਾ ਸੰਭਾਵਨਾ ਹੈ।

ਏ.ਏ.ਪੀ.ਆਈ ਵੋਟਰਾਂ ’ਚੋਂ ਅੱਧੇ ਦਾ ਕਹਿਣਾ ਹੈ ਕਿ ਹੈਰਿਸ ਉਨ੍ਹਾਂ ਦੇ ਪਿਛੋਕੜ ਤੇ ਸੱਭਿਆਚਾਰ ਨੂੰ ਬਿਹਤਰ ਢੰਗ ਨਾਲ ਪੇਸ਼ ਕਰਦੀ ਹੈ, ਜਦੋਂ ਕਿ 10 ਵਿੱਚੋਂ ਸਿਰਫ਼ ਇੱਕ ਨੇ ਟਰੰਪ ਬਾਰੇ ਅਜਿਹਾ ਕਿਹਾ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਇਹ ਉਮੀਦਵਾਰਾਂ ਦੀ ਉਨ੍ਹਾਂ ਦੀ ਰਾਏ ਨੂੰ ਕਿੰਨਾ ਪ੍ਰਭਾਵਿਤ ਕਰ ਰਿਹਾ ਹੈ। ਏ.ਏ.ਪੀ.ਆਈ ਦੇ 10 ’ਚੋਂ ਸਿਰਫ਼ 3 ਵੋਟਰਾਂ ਦਾ ਕਹਿਣਾ ਹੈ ਕਿ ਹੈਰਿਸ ਦੀ ਏਸ਼ੀਆਈ ਭਾਰਤੀ ਪਛਾਣ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹੈ।

ਪੋਲ ਦਰਸਾਉਂਦਾ ਹੈ ਕਿ ਹੈਰਿਸ ਇੱਕ ਔਰਤ ਹੋਣ ਕਰ ਕੇ ਏ.ਏ.ਪੀ.ਆਈ ਵੋਟਰਾਂ ਲਈ ਉਸਦੇ ਨਸਲੀ ਪਿਛੋਕੜ ਨਾਲੋਂ ਵਧੇਰੇ ਮਹੱਤਵਪੂਰਨ ਹੋ ਸਕਦੀ ਹੈ। ਹਾਲਾਂਕਿ, ਹੈਰਿਸ ਦੀ ਮੁਹਿੰਮ ਨੇ ਇਸ ਗੱਲ ’ਤੇ ਜ਼ੋਰ ਦੇਣ ਤੋਂ ਬਚਾਅ ਕੀਤਾ ਹੈ ਕਿ ਉਹ ਪਹਿਲੀ ਮਹਿਲਾ ਰਾਸ਼ਟਰਪਤੀ ਹੋ ਸਕਦੀ ਹੈ।

# ਕੈਨੇਡਾ ’ਚ ਪੜ੍ਹ ਰਹੇ ਹਨ 4.27 ਲੱਖ ਭਾਰਤੀ ਵਿਦਿਆਰਥੀ

## ਕੈਨੇਡਾ ਦੀ ਰਿਹਾਇਸ਼, ਸਮਾਜਿਕ ਸੇਵਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ ’ਤੇ ਵੀ ਬੋਝ ਪਾ ਰਹੀ ਹੈ ਬੇਕਾਬੂ ਇਮੀਗ੍ਰੇਸ਼ਨ

### ਟਰੂਡੋ ਦੇ ਫ਼ੈਸਲੇ ਦਾ ਭਾਰਤੀ ਵਿਦਿਆਰਥੀਆਂ ’ਤੇ ਪਵੇਗਾ ਵੱਡਾ ਪ੍ਰਭਾਵ

ਓਟਾਵਾ/ਏ.ਟੀ.ਨਿਊਜ਼: ਕੈਨੇਡਾ ਵਿੱਚ ਆਮ ਚੋਣਾਂ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵਾਰ ਫਿਰ ਵਿਦੇਸ਼ੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਗਿਣਤੀ ਘਟਾ ਦਿੱਤੀ ਹੈ। ਇਸ ਤੋਂ ਇਲਾਵਾ ਵਿਦੇਸ਼ੀਆਂ ਲਈ ਵਰਕ ਪਰਮਿਟ ਘਟਾਉਣ ਅਤੇ ਇਸ ਲਈ ਯੋਗਤਾ ਨੂੰ ਹੋਰ ਸਖ਼ਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਟਰੂਡੋ ਦਾ ਇਹ ਐਲਾਨ ਅਜਿਹੇ ਸਮੇਂ ’ਚ ਆਇਆ ਹੈ ਜਦੋਂ ਉਨ੍ਹਾਂ ਦੀ ਸਰਕਾਰ ਦੇਸ਼ ’ਚੋਂ ਵਿਦੇਸ਼ੀਆਂ ਦੀ ਗਿਣਤੀ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਸਟਿਨ ਟਰੂਡੋ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਇਸ ਕਦਮ ਨਾਲ ਦੇਸ਼ ’ਚ ਰਿਹਾਇਸ਼ੀ ਸੰਕਟ ਘੱਟ ਹੋਵੇਗਾ ਅਤੇ ਇਸ ਦਾ ਉਨ੍ਹਾਂ ਨੂੰ ਚੋਣਾਂ ’ਚ ਫ਼ਾਇਦਾ ਹੋਵੇਗਾ। ਇਸ ਵਾਰ ਜਸਟਿਨ ਟਰੂਡੋ ਨੂੰ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਦਾ ਵੀ ਸਮਰਥਨ ਨਹੀਂ ਮਿਲ ਰਿਹਾ ਹੈ। ਕੈਨੇਡੀਅਨ ਸਰਕਾਰ ਦੇ ਇਸ ਕਦਮ ਦਾ ਸਿੱਧੇ ਤੌਰ ’ਤੇ ਵੱਡੀ ਗਿਣਤੀ ਭਾਰਤੀਆਂ ’ਤੇ ਅਸਰ ਪਵੇਗਾ ਜੋ ਉੱਥੇ ਪੜ੍ਹਾਈ ਅਤੇ ਕੰਮ ਕਰਨ ਦਾ ਇਰਾਦਾ ਰੱਖਦੇ ਹਨ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵਿੱਟਰ ’ਤੇ ਇੱਕ ਪੋਸਟ ਵਿੱਚ ਲਿਖਿਆ, ‘ਅਸੀਂ ਇਸ ਸਾਲ 35 ਪ੍ਰਤੀਸ਼ਤ ਘੱਟ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ



ਦੇ ਰਹੇ ਹਾਂ।’ ਅਗਲੇ ਸਾਲ ਇਹ ਗਿਣਤੀ 10 ਫੀਸਦੀ ਹੋਰ ਘੱਟ ਜਾਵੇਗੀ। ਪਿਛਲੇ ਦਿਨੀਂ ਐਲਾਨੀਆਂ ਗਈਆਂ ਤਬਦੀਲੀਆਂ 2025 ਵਿੱਚ ਜਾਰੀ ਕੀਤੇ ਗਏ ਅੰਤਰਰਾਸ਼ਟਰੀ ਅਧਿਐਨ ਪਰਮਿਟਾਂ ਦੀ ਗਿਣਤੀ ਨੂੰ ਘਟਾ ਕੇ 437,000 ਕਰ ਦੇਣਗੀਆਂ। ਜਦੋਂ ਕਿ ਇੱਕ ਸਾਲ ਪਹਿਲਾਂ 2023 ਵਿੱਚ 5,09,390 ਪਰਮਿਟ ਮਨਜ਼ੂਰ ਹੋਏ ਸਨ। ਇਸ ਸਾਲ ਦੀ ਗੱਲ ਕਰੀਏ ਤਾਂ 2024 ਦੇ ਪਹਿਲੇ ਸੱਤ ਮਹੀਨਿਆਂ ਵਿੱਚ 175,920 ਸਟੱਡੀ ਪਰਮਿਟ ਮਨਜ਼ੂਰ ਕੀਤੇ ਗਏ ਸਨ। ਨਿਯਮਾਂ ਵਿੱਚ ਬਦਲਾਅ ਵਿਦਿਆਰਥੀਆਂ ਦੇ ਭਾਈਵਾਲਾਂ ਅਤੇ ਅਸਥਾਈ ਵਿਦੇਸ਼ੀ ਕਰਮਚਾਰੀਆਂ ਲਈ ਵਰਕ ਪਰਮਿਟ ਦੀ ਯੋਗਤਾ ਨੂੰ ਵੀ ਸੀਮਤ ਕਰ ਦੇਵੇਗਾ।

**ਇਸ ਬਦਲਾਅ ਦਾ ਭਾਰਤੀਆਂ ’ਤੇ ਕਿੰਨਾ ਅਸਰ**

ਪਿਛਲੇ ਮਹੀਨੇ ਜਾਰੀ ਕੀਤੇ ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਕੁੱਲ 13,35,878 ਭਾਰਤੀ ਵਿਦਿਆਰਥੀ ਵਿਦੇਸ਼ ਵਿੱਚ ਪੜ੍ਹ ਰਹੇ ਹਨ। ਇਨ੍ਹਾਂ ਵਿੱਚ ਕਰੀਬ 4.27 ਲੱਖ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਹਨ। ਬੀਤੇ ਕੁਝ ਸਾਲਾਂ ਵਿੱਚ ਭਾਰਤੀ ਵਿਦਿਆਰਥੀਂ ਦੀ ਗਿਣਤੀ ਵਿੱਚ 260 ਫੀਸਦੀ ਦਾ ਵਾਧਾ ਹੋਇਆ ਹੈ। 2023 ਵਿੱਚ ਕੈਨੇਡਾ ਦੀ ਅੰਤਰਰਾਸ਼ਟਰੀ ਪੋਸਟ-ਸੈਕੰਡਰੀ ਵਿਦਿਆਰਥੀ ਸੰਸਥਾ ਵਿੱਚ ਭਾਰਤੀ ਵਿਦਿਆਰਥੀਆਂ ਦੇ 50 ਪ੍ਰਤੀਸ਼ਤ ਹੋਣ ਦੀ ਉਮੀਦ ਹੈ। ਵਰਣਨਯੋਗ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਕੈਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ। ਕੈਨੇਡਾ ਵਿੱਚ ਅਧਿਕਾਰਤ ਤੌਰ ’ਤੇ ਰਜਿਸਟਰਡ ਭਾਰਤੀਆਂ ਦੀ ਗਿਣਤੀ 2000 ਵਿੱਚ 6,70,000 ਤੋਂ ਵੱਧ ਕੇ 2020 ਵਿੱਚ 10 ਲੱਖ ਤੋਂ ਵੱਧ ਹੋ ਗਈ ਹੈ। 2020 ਤੱਕ, ਕੈਨੇਡਾ ਵਿੱਚ ਕੁੱਲ 1,021,356 ਭਾਰਤੀ ਰਜਿਸਟਰਡ ਸਨ।ਗੌਰਤਲਬ ਹੈ ਕਿ ਕੈਨੇਡਾ ਜਾਣਾ ਮੁਸ਼ਕਿਲ ਹੋਣ ਮਗਰੋਂ ਹੁਣ ਭਾਰਤੀ ਵਿਦਿਆਰਥੀ ਅਮਰੀਕਾ, ਯੂ.ਕੇ, ਅਤੇ ਆਸਟ੍ਰੇਲੀਆ ਦੇ ਸਟੱਡੀ ਵੀਜ਼ਾ ਲਈ ਅਰਜ਼ੀ ਦੇ ਸਕਦੇ ਹਨ। ਕੈਨੇਡਾ ਵਿੱਚ ਭਾਰਤੀਆਂ ਦਾ ਸਭ ਤੋਂ ਵੱਡਾ ਹਿੱਸਾ ਵਿਦੇਸ਼ੀਆਂ ਦਾ ਹੈ। ਅਜਿਹੀ ਸਥਿਤੀ ਵਿੱਚ ਇਹ ਸਪੱਸ਼ਟ ਹੈ ਕਿ ਕੈਨੇਡੀਅਨ ਸਰਕਾਰ ਦਾ ਨਵਾਂ ਕਦਮ ਭਾਰਤੀਆਂ ਦੇ ਪੜ੍ਹਾਈ ਅਤੇ ਨੌਕਰੀਆਂ ਲਈ ਕੈਨੇਡਾ ਦੀ ਚੋਣ ਕਰਨ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰੇਗਾ। ਬਦਲੇ ਹੋਏ ਨਿਯਮਾਂ ਕਾਰਨ ਨਾ ਸਿਰਫ਼ ਵਿਦਿਆਰਥੀਆਂ ਲਈ ਪੜ੍ਹਾਈ ਲਈ ਕੈਨੇਡਾ ਜਾਣਾ ਮੁਸ਼ਕਿਲ ਹੋਵੇਗਾ ਸਗੋਂ ਕੰਮ ਲੱਭਣਾ ਵੀ ਆਸਾਨ ਨਹੀਂ ਹੋਵੇਗਾ। ਅਜਿਹੇ ’ਚ ਆਉਣ ਵਾਲੇ ਸਮੇਂ ’ਚ ਭਾਰਤੀ ਵਿਦਿਆਰਥੀ ਕੈਨੇਡਾ ਦੀ ਬਜਾਏ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਯੂਰਪੀ ਦੇਸ਼ਾਂ ਨੂੰ ਚੁਣਦੇ ਨਜ਼ਰ ਆ ਸਕਦੇ ਹਨ।

**ਸਰਕਾਰ ਇਸ ਲਈ ਕਰ ਰਹੀ ਸਖ਼ਤ ਕਾਰਵਾਈ**

ਹਾਲ ਹੀ ਦੇ ਸਾਲਾਂ ਵਿੱਚ ਕੈਨੇਡਾ ਵਿੱਚ ਇਮੀਗ੍ਰੇਸ਼ਨ ਵਿੱਚ ਸਭ ਤੋਂ ਵੱਧ ਵਾਧਾ ਅਸਥਾਈ ਨਿਵਾਸੀਆਂ, ਖਾਸ ਕਰਕੇ ਕਾਮਿਆਂ ਅਤੇ ਵਿਦਿਆਰਥੀਆਂ ਕਾਰਨ ਹੋਇਆ ਹੈ। ਇਹ ਗਿਣਤੀ ਸਿਰਫ਼ ਦੋ ਸਾਲਾਂ ਵਿੱਚ ਦੁੱਗਣੀ ਹੋ ਗਈ ਹੈ। ਬੇਕਾਬੂ ਇਮੀਗ੍ਰੇਸ਼ਨ ਦੇਸ਼ ਦੀ ਰਿਹਾਇਸ਼, ਸਮਾਜਿਕ ਸੇਵਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ ’ਤੇ ਵੀ ਬੋਝ ਪਾ ਰਹੀ ਹੈ। ਪੋਲਾਂ ਨੇ ਦਿਖਾਇਆ ਹੈ ਕਿ ਲੋਕਾਂ ਦੀ ਵੱਡੀ ਬਹੁਗਿਣਤੀ ਸੋਚਦੀ ਹੈ ਕਿ ਕੈਨੇਡਾ ਬਹੁਤ ਜ਼ਿਆਦਾ ਪ੍ਰਵਾਸੀਆਂ ਨੂੰ ਲਿਆ ਰਿਹਾ ਹੈ, ਸਥਾਨਕ ਲੋਕਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਤੋਂ ਰੋਕ ਰਿਹਾ ਹੈ। ਇਸ ਦੇ ਮੱਦੇਨਜ਼ਰ ਸਰਕਾਰ ਨਿਯਮਾਂ ਨੂੰ ਹੋਰ ਸਖ਼ਤ ਕਰ ਰਹੀ ਹੈ।

# ਅਮਰੀਕਾ ਵਿੱਚ ਪ੍ਰਵਾਸੀ ਭਾਰਤੀਆਂ ਦਾ ਪੜ੍ਹਾਈ ਖੇਤਰ ’ਚ ਬੋਲਬਾਲਾ

### ਪੜ੍ਹੇ-ਲਿਖੇ ਪ੍ਰਵਾਸੀਆਂ ’ਚੋਂ 20 ਲੱਖ ਗਿਣਤੀ ਨਾਲ ਸਭ ਤੋਂ ਅੱਗੇ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਪ੍ਰਵਾਸੀ ਭਾਰਤੀ ਹਨ। ਅਮਰੀਕਾ ਰਹਿੰਦੇ ਭਾਰਤੀਆਂ ਨੇ ਪੜ੍ਹਾਈ ਦੇ ਖੇਤਰ ਵਿੱਚ ਆਪਣਾ ਦਬਦਬਾ ਕਾਇਮ ਕੀਤਾ ਹੈ। ਅਮਰੀਕਾ ਸਥਿਤ ਥਿੰਕਟੈਂਕ ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ (ਐਮ.ਪੀ.ਆਈ) ਦੁਆਰਾ ਕੀਤੇ ਗਏ ਇੱਕ ਤਾਜ਼ਾ ਵਿਸ਼ਲੇਸ਼ਣ ਨੇ ਖੁਲਾਸਾ ਕੀਤਾ ਹੈ ਕਿ ਲਗਭਗ 48% ‘ਹਾਲੀਆ’ ਪ੍ਰਵਾਸੀ, ਜੋ ਕਿ 2018 ਅਤੇ 2022 ਵਿਚਕਾਰ ਅਮਰੀਕਾ ਆਏ ਹਨ - ਕੋਲ ਕਾਲਜ ਦੀ ਡਿਗਰੀ ਹੈ।

ਇੱਕ ਸੀਨੀਅਰ ਨੀਤੀ ਵਿਸ਼ਲੇਸ਼ਕ ਜੀਨ ਬਟਾਲੋਵਾ ਦੁਆਰਾ ਕੀਤੇ ਗਏ ਇਸ ਅਧਿਐਨ ਦਾ ਹਵਾਲਾ ਦਿੰਦੇ ਹੋਏ ਦੱਸਿਆ ਗਿਆ ਹੈ ਕਿ 2022 ਤੱਕ ਸਾਰੇ ਪ੍ਰਵਾਸੀ ਬਾਲਗਾਂ (14.1 ਮਿਲੀਅਨ ਲੋਕਾਂ) ਵਿੱਚੋਂ 35



ਪ੍ਰਤੀਸ਼ਤ ਕੋਲ ਬੈਚਲਰ ਡਿਗਰੀ ਜਾਂ ਇਸ ਤੋਂ ਵੱਧ ਸੀ, ਜੋ ਕਿ ਅਮਰੀਕਾ ਵਿੱਚ ਜਨਮੇ ਸਾਰੇ ਬਾਲਗਾਂ (67.8 ਮਿਲੀਅਨ) ਦੇ 36% ਦੇ ਬਰਾਬਰ ਹੈ, ਜੋ ਕਾਲਜ ਗ੍ਰੈਜੂਏਟ ਹੋਏ ਹਨ। ਭਾਰਤ ਪੜ੍ਹੇ-ਲਿਖੇ ਪ੍ਰਵਾਸੀਆਂ ਦੇ ਗਲੋਬਲ ਪੂਲ ਦੀ ਅਗਵਾਈ ਕਰ ਰਿਹਾ ਹੈ, ਜਿਸ ਵਿਚ 20 ਲੱਖ ਡਿਗਰੀ ਧਾਰਕ, ਜਾਂ ਕੁੱਲ ਪੜ੍ਹੀ-ਲਿਖੀ ਪ੍ਰਵਾਸੀ ਆਬਾਦੀ ਦਾ 14% ਹਿੱਸਾ ਸ਼ਾਮਲ ਹੈ। ਚੀਨ (ਹਾਂਗਕਾਂਗ ਸਮੇਤ) ਦੇ 1.1 ਮਿਲੀਅਨ ਪੜ੍ਹੇ-ਲਿਖੇ ਪ੍ਰਵਾਸੀ ਹਨ, ਜੋ ਕਿ 2022 ਤੱਕ ਕੁੱਲ ਕਾਲਜ-ਪੜ੍ਹੇ-ਲਿਖੇ ਪ੍ਰਵਾਸੀ ਆਬਾਦੀ ਦਾ 7.9% ਬਣਾਉਂਦੇ ਹਨ। ਫਿਲੀਪੀਨਜ਼ ਅਤੇ ਮੈਕਸੀਕੋ ਕ੍ਰਮਵਾਰ 7% ਅਤੇ 6% ਦੇ ਨਾਲ ਦੂਜੇ ਸਥਾਨ ’ਤੇ ਹਨ। ਇਹ ਵਿਸ਼ਲੇਸ਼ਣ ਅਮਰੀਕੀ ਜਨਗਣਨਾ ਬਿਊਰੋ ਦੇ ਅੰਕੜਿਆਂ ’ਤੇ ਨਿਰਭਰ ਹੈ। ਕੁਝ ਕਾਲਜ-ਪੜ੍ਹੇ-ਲਿਖੇ ਪ੍ਰਵਾਸੀ ਉੱਚ-ਹੁਨਰਮੰਦ ਕਾਮਿਆਂ ਅਤੇ ਖੋਜੀਆਂ ਲਈ ਅਸਥਾਈ ਵੀਜ਼ਿਆਂ ’ਤੇ, ਜਾਂ ਅਮਰੀਕੀ ਨਿਵਾਸੀਆਂ ਦੇ ਪਰਿਵਾਰਕ ਮੈਂਬਰਾਂ ਵਜੋਂ, ਜਾਂ ਮਾਨਵਤਾਵਾਦੀ ਪ੍ਰਵਾਸੀਆਂ ਵਜੋਂ, ਜਾਂ ਹੋਰ ਮਾਰਗਾਂ ਰਾਹੀਂ ਅਮਰੀਕਾ ਆਉਂਦੇ ਹਨ। ਦੂਸਰੇ ਅਮਰੀਕਾ ਵਿੱਚ ਜਨਮ ਲੈਣ ਤੋਂ ਬਾਅਦ ਆਪਣੀ ਸਿੱਖਿਆ ਪ੍ਰਾਪਤ ਕਰਦੇ ਹਨ। ਇਹ ਵਿਸ਼ਲੇਸ਼ਣ 2022 ਤੱਕ ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੀ ਸੰਖਿਆ ਨੂੰ ਨਹੀਂ ਦਰਸਾਉਂਦਾ। ਹਾਲਾਂਕਿ ਇਹ 2018-2022 ਵਿਚਕਾਰ ਆਉਣ ਵਾਲੇ ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੀ ਗਿਣਤੀ ਦਾ ਵਿਸ਼ਲੇਸ਼ਣ ਕਰਦਾ ਹੈ, ਇਹ ਪ੍ਰਵਾਹ 1.7 ਮਿਲੀਅਨ ਸੀ। ਇਸ ਪ੍ਰਵਾਹ ਦਾ ਲਗਭਗ 20% ਭਾਰਤ ਤੋਂ ਸੀ।

(ਬਾਕੀ ਸਫ਼ਾ 30 ’ਤੇ)

# ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ 28 ਸਤੰਬਰ ਨੂੰ

### ਅਮਰੀਕਾ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਵਿੱਚ ਵੱਖ-ਵੱਖ ਰਾਜਾਂ ਤੋਂ ਖਿਡਾਰੀ ਲੈਣਗੇ ਹਿੱਸਾ

ਨਿਊ ਯਾਰਕ/ਏ.ਟੀ.ਨਿਊਜ਼: ਅਮਰੀਕਾ ਵਿੱਚ ਗੱਤਕੇ ਦੇ ਪ੍ਰਚਾਰ-ਪ੍ਰਸਾਰ ਹਿੱਤ ਕੰਮ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ



ਫੈਡਰੇਸ਼ਨ ਯੂ.ਐਸ.ਏ. ਅਮਰੀਕਾ ਵਿੱਚ 28 ਸਤੰਬਰ ਨੂੰ ਦਿ ਸਿੱਖ ਸੈਂਟਰ ਆਫ ਨਿਉਯਾਰਕ ਇੰਕ ਅਵੈਨਿਉ, ਕੁਇਨਜ ਵਿਲੇਜ ਨਿਉਯਾਰਕ ਦੇ ਉਚੇਚੇ ਸਹਿਯੋਗ ਨਾਲ ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਵਿਖੇ ਕਰਵਾਉਣ ਜਾ ਰਹੀ ਹੈ।

ਅਮਰੀਕਾ ਵਿੱਚ ਕਰਵਾਈ ਜਾ ਰਹੀ ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਦੇ ਬਾਰੇ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਚੈਅਰਮੈਨ ਸ. ਗੁਰਿੰਦਰ ਸਿੰਘ ਖ਼ਾਲਸਾ ਅਤੇ ਪ੍ਰਧਾਨ ਸ. ਕਲਵਿੰਦਰ ਸਿੰਘ ਕੈਲੀਫ਼ੋਰਨੀਆ ਨੇ ਕਿਹਾ ਕਿ ਇਸ ਵਾਰ ਦੇ ਗੱਤਕਾ ਮੁਕਾਬਲੇ ਪਹਿਲਾ ਸਿੱਖ ਰਾਜ ਸਥਾਪਤ ਕਰਨ ਵਾਲੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹੋਣਗੇ।

ਉਹਨਾਂ ਕਿਹਾ ਕਿ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵੱਖ-ਵੱਖ ਉਮਰ ਵਰਗ ਦੇ ਤਿੰਨ ਵੱਖ-ਵੱਖ ਮੁਕਾਬਲੇ ਕਰਵਾਉਣ ਜਾ ਰਹੀ ਹੈ, ਜਿਸਦੇ ਤਹਿਤ ਉਮਰ ਵਰਗ 14 ਸਾਲ ਦੇ

(ਬਾਕੀ ਸਫ਼ਾ 30 ’ਤੇ)

# ਬਰਤਾਨੀਆਂ ਦੇ ਸਕੂਲਾਂ ’ਚ ਵੀ ਸ਼ੁਰੂ ਹੋਈ ਗੁਰਬਾਣੀ ਕੀਰਤਨ ਦੀ ਪੜ੍ਹਾਈ

### ਯੂ.ਕੇ. ਦੀਆਂ ਯੂਨੀਵਰਸਿਟੀਆਂ ’ਚ ਵੀ ਮਿਲੇਗਾ ਪ੍ਰਾਪਤ ਕੀਤੇ ਅੰਕਾਂ ਦਾ ਲਾਭ

ਲੰਡਨ/ਏ.ਟੀ.ਨਿਊਜ਼: ਬਰਤਾਨੀਆਂ ਦੇ ਸਕੂਲਾਂ ’ਚ ਹੁਣ ਚਾਹਵਾਨਾਂ ਨੂੰ ਕੀਰਤਨ ਦੀ ਸਿੱਖਿਆ ਵੀ ਦਿਤੀ ਜਾਵੇਗੀ। ਇਹ ਬਰਤਾਨੀਆਂ ਦੀ ਅੱਠਵੀਂ ਤਕ ਦੀ ਸੰਗੀਤ ਇਮਤਿਹਾਨ ਪ੍ਰਣਾਲੀ ਦਾ ਹਿੱਸਾ ਬਣ ਗਿਆ ਹੈ। ਪੰਜ ਭਾਰਤੀ ਤਾਰ ਯੰਤਰਾਂ ਦਿਲਰੂਬਾ, ਤੌਸ, ਐਸਰਾਜ, ਸਾਰੰਗੀ ਅਤੇ ਸਰਾਂਦਾ ’ਚ ਕੀਰਤਨ ਸਿਖਿਆ ਪ੍ਰਾਪਤ ਕੀਤੀ ਜਾ ਸਕਦੀ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਸੰਗੀਤ ਅਧਿਆਪਕ ਬੋਰਡ (ਐਮ.ਟੀ.ਬੀ.) ਦੇ ਡੇਵਿਡ ਕੇਸਲ ਨੇ ਕਿਹਾ, “ਆਮ ਤੌਰ ’ਤੇ ਯੂ.ਕੇ. ਦੇ ਇਮਤਿਹਾਨ ਬੋਰਡ ਹਮੇਸ਼ਾ ਪਛਮੀ, ਕਲਾਸੀਕਲ ਅਤੇ ਸਮਕਾਲੀਨ ਸੰਗੀਤ ’ਤੇ ਧਿਆਨ ਕੇਂਦਰਤ ਕੀਤਾ।ਐਮ.ਟੀ.ਬੀ. ਇਸ ਨੂੰ ਖ਼ਤਮ ਕਰਨਾ



ਚਾਹੁੰਦਾ ਹੈ। ਹੁਣ ਅਸੀਂ ਸਿੱਖ ਕੀਰਤਨ ਦੀ ਸਿਖਿਆ ਦੇਣੀ ਵੀ ਸ਼ੁਰੂ ਕਰ ਦਿੱਤੀ ਹੈ।ਇਮਤਿਹਾਨ ਪਾਸ ਕਰਨ ਵਾਲਿਆਂ ਨੂੰ ਗ੍ਰੇਡ ਦਿੱਤਾ ਜਾਵੇਗਾ। ਇਸ ਦੀ ਸਿਖਿਆ ਅੱਠਵੀਂ ਜਮਾਤ ਤੱਕ ਦਿੱਤੀ ਜਾਵੇਗੀ। ਫਿਰ ਡਿਪਲੋਮੇ ਕਰਵਾਏ ਜਾਣਗੇ। ਪਾਸ ਕਰਨ ਵਾਲਿਆਂ ਨੂੰ ਯੂ.ਸੀ.ਏ.ਐਸ. ਅੰਕ ਦਿਤੇ ਜਾਣਗੇ। ਮੈਰਿਟ ’ਚ ਪਾਸ ਹੋਣ ਵਾਲਿਆਂ ਨੂੰ ਵੱਧ ਅੰਕ ਮਿਲਣਗੇ। ਇਨ੍ਹਾਂ ਅੰਕਾਂ ਦਾ ਫ਼ਾਇਦਾ ਯੂ.ਕੇ. ਦੀਆਂ ਯੂਨੀਵਰਸਿਟੀਆਂ ’ਚ ਦਾਖ਼ਲਾ ਲੈਣ ’ਚ ਵੀ ਹੋਵੇਗਾ।15ਵੀਂ ਸਦੀ ’ਚ ਪਹਿਲੇ ਸਿੱਖ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲਦੇ ਆ ਰਹੇ ਕੀਰਤਨ ਬਾਰੇ ਬਰਤਾਨੀਆਂ ’ਚ ਗੁਰਮਤਿ ਸੰਗੀਤ ਅਕਾਦਮੀ ਦੇ ਅਧਿਆਪਕ ਹਰਜਿੰਦਰ ਲਾਲੀ ਨੇ ਕਿਹਾ, “ਮੇਰੇ ਕੋਲ ਲੋਕ ਕੀਰਤਨ ਸਿੱਖਣ ਲਈ ਆ ਰਹੇ ਸਨ। ਉਹ ਦੋ ਕੁ ਸਾਲ ਸਿਖਦੇ ਸਨ ਅਤੇ ਚਲੇ ਜਾਂਦੇ ਸਨ ਕਿਉਂਕਿ ਉਨ੍ਹਾਂ ਨੂੰ ਅੱਗੇ ਸਿੱਖਣ ਲਈ ਕੋਈ ਹੱਲਾਸ਼ੇਰੀ ਨਹੀਂ ਮਿਲਦੀ ਸੀ। ਕਈ ਵਾਰੀ ਤਾਂ ਉਹ ਕਹਿੰਦੇ ਕਿ ‘ਮਾਫ਼ ਕਰਨਾ ਉਸਤਾਦ ਜੀ ਮੈਂ ਪਿਆਨੋ ਸਿਖਣ ਜਾ ਰਿਹਾ ਹਾਂ। ਮੇਰੇ ਮਾਪੇ ਚਾਹੁੰਦੇ ਹਨ ਕਿ ਮੈਂ ਇਮਤਿਹਾਨ ਦੇਵਾਂ। ਇਮਤਿਹਾਨ ਬਹੁਤ ਮੁਸ਼ਕਿਲ ਹੁੰਦਾ ਹੈ। ਪਰ ਇਸ ਦਾ ਫ਼ਾਇਦਾ ਵੀ ਤਾਂ ਹੁੰਦਾ ਹੈ।’



# ਕਸ਼ਮੀਰ 'ਚ ਲੋਕਤੰਤਰ ਦੀ ਹੋ ਰਹੀ ਹੈ ਜਿੱਤ

## ਭਾਰਤ ਦੀ ਕੌਮੀ ਸਿਆਸਤ 'ਤੇ ਪ੍ਰਭਾਵ ਪਾਉਣਗੇ ਜੰਮੂ-ਕਸ਼ਮੀਰ ਦੇ ਚੋਣ ਨਤੀਜੇ

ਜੰਮੂ-ਕਸ਼ਮੀਰ ਦੀਆਂ ਚੋਣਾਂ ਦੀ ਗੱਲ ਕਰੀਏ ਤਾਂ ਕਹਾਣੀ ਬੜੀ ਗੁੰਝਲਦਾਰ ਹੈ। ਜੋ ਦਿੱਖਦਾ ਹੈ, ਉਹ ਹੈ ਨਹੀਂ ਤੇ ਜੋ ਹੈ ਉਹ ਦਿੱਖਦਾ ਨਹੀਂ। ਜੰਮੂ-ਕਸ਼ਮੀਰ ਦੇ ਪਹਿਲੇ ਗੇੜ ਦੀਆਂ ਵੋਟਾਂ 18 ਸਤੰਬਰ ਤੋਂ ਸ਼ੁਰੂ ਹੋਈਆਂ ਸੀ, 25 ਸਤੰਬਰ ਨੂੰ ਦੂਜੇ ਗੇੜ ਦੀਆਂ ਤੇ 1 ਅਕਤੂਬਰ ਨੂੰ ਤੀਜਾ ਗੇੜ ਤੇ ਨਤੀਜਾ 8 ਅਕਤੂਬਰ ਨੂੰ ਹੋਵੇਗਾ। 10 ਸਾਲ ਬਾਅਦ ਜੰਮੂ-ਕਸ਼ਮੀਰ ਦੇ ਵਿੱਚ ਅਸੈਂਬਲੀ ਚੋਣਾਂ ਹੋ ਰਹੀਆਂ ਹਨ। ਧਾਰਾ 370 ਹਟਣ ਤੋਂ ਬਾਅਦ ਪਹਿਲੀ ਵਾਰ ਅਸੈਂਬਲੀ ਚੋਣਾਂ ਦੇ ਨਤੀਜੇ ਕੀ ਹੋਣਗੇ? ਪਤਾ ਨਹੀਂ। ਕੀ ਕਸ਼ਮੀਰ ਦੀ ਤਕਦੀਰ ਬਦਲੇਗੀ? ਚਰਚਾ ਤਾਂ ਇਹ ਵੀ ਹੈ ਕਿ ਬੀਜੇਪੀ ਵੋਟਾਂ ਦੇ ਵਿੱਚ ਕੁਝ ਗੜਬੜੀ ਕਰ ਸਕਦੀ ਹੈ। ਜੇ ਜੰਮੂ ਅਤੇ ਕਸ਼ਮੀਰ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਕਦੇ ਜੰਮੂ-ਕਸ਼ਮੀਰ ਸਟੇਟ ਦਾ ਹਿੱਸਾ ਸੀ ਲਦਾਖ। ਫੇਰ 5 ਅਗਸਤ 2019 ਨੂੰ ਧਾਰਾ 370 ਬੀਜੇਪੀ ਨੇ ਰੱਦ ਕੀਤੀ ਤੇ ਸਟੇਟ ਨੂੰ ਵੰਡ ਦਿੱਤਾ। ਲੇਹ, ਕਾਰਗਿਲ ਰਾਜ ਨੂੰ ਅਲੱਗ ਕਰਕੇ ਲੱਦਾਖ ਯੂਨੀਅਨ ਟਰੈਟਰੀ ਬਣਾ ਦਿੱਤਾ। ਹੁਣ ਜੰਮੂ-ਕਸ਼ਮੀਰ ਸਟੇਟ ਨਹੀਂ ਯੂਨੀਅਨ ਟਰੈਟਰੀ ਹਨ ਜਿਸ ਦੇ ਦੋ ਹਿੱਸੇ ਹਨ ਜੰਮੂ ਅਤੇ ਕਸ਼ਮੀਰ। ਪੀਰ ਪੰਜਾਲ਼ ਪਰਬਤ ਲੜੀ ਦੋਵਾਂ ਇਲਾਕਿਆਂ ਨੂੰ ਵੰਡਦੀ ਹੈ। ਕਸ਼ਮੀਰ ਘਾਟੀ ਖੇਤਰ ਹੈ, ਜਦੋਂਕਿ ਜੰਮੂ ਪਹਾੜੀ ਇਲਾਕਾ ਹੈ। 60 ਪ੍ਰਤੀਸ਼ਤ ਜਨਸੰਖਿਆ ਕਸ਼ਮੀਰ ਵਿੱਚ ਹੈ, ਤੇ 40 ਫੀਸਦੀ ਜਨਸੰਖਿਆ ਜੰਮੂ ਵਿੱਚ ਰਹਿੰਦੀ ਹੈ। ਸੈਰ ਸਪਾਟਾ ਤੋਂ ਹੁੰਦੀ ਆਮਦਨ ਹੀ ਇੱਥੋਂ ਦੀ ਰੋਜ਼ੀ ਰੋਟੀ ਦਾ ਸਾਧਨ ਹੈ। ਪਰ ਕੁਝ ਹਿੱਸੇ ਵਿੱਚ ਲੋਕ ਖੇਤੀਬਾੜੀ, ਬਾਗਬਾਨੀ 'ਤੇ ਨਿਰਭਰ ਹਨ। ਆਜ਼ਾਦੀ ਤੋਂ ਪਹਿਲਾਂ ਜੰਮੂ-ਕਸ਼ਮੀਰ ਇੱਕ ਰਿਆਸਤ ਸੀ। ਹਰੀ ਸਿੰਘ ਇਸ ਰਿਆਸਤ ਦਾ ਰਾਜਾ ਸੀ। ਉਸ ਸਮੇਂ ਜਗੀਰੂ ਸਿਸਟਮ ਚਲਦਾ ਸੀ। ਮੁਸਲਿਮ ਜਨਸੰਖਿਆ ਦੀ ਬਹੁਤਾਤ ਸੀ ਪਰ ਵੱਖੋ ਵੱਖਰਾ ਸੱਭਿਆਚਾਰ ਵੀ ਇਸ ਦਾ ਹਿੱਸਾ ਰਹੇ ਨੇ।

ਹੁਣ ਵਾਲੇ ਸਮੇਂ ਦੀ ਗੱਲ ਕਰੀਏ ਤਾਂ ਸੁਪਰੀਮ ਕੋਰਟ ਜੰਮੂ-ਕਸ਼ਮੀਰ ਬਾਰੇ ਦੋ ਮਹੱਤਵਪੂਰਨ ਫੈਸਲੇ ਲੰਘੇ ਸਮੇਂ ਦੇ ਵਿੱਚ ਸੁਣਾਉਂਦੀ ਹੈ। ਪਹਿਲਾ ਇਹ ਕਿ ਆਰਟੀਕਲ 370 ਰੱਦ ਹੋਣਾ ਸੰਵਿਧਾਨ ਅਨੁਸਾਰ ਜਾਇਜ਼ ਹੈ। ਤੇ ਦੂਜਾ 30 ਸਤੰਬਰ 2024 ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਜੰਮੂ-ਕਸ਼ਮੀਰ ਵਿੱਚ ਚੋਣਾਂ ਕਰਵਾਈਆਂ ਜਾਣ। ਹੁਣ ਚੋਣਾਂ ਹੋ ਰਹੀਆਂ ਨੇ ਪਰ ਯੂਨੀਅਨ ਟਰੈਟਰੀ ਦੇ ਰੂਪ ਵਿੱਚ ਹੋ ਰਹੀਆਂ ਹਨ। ਜਿਥੇ ਹਰ ਚੀਜ਼ ਦੇ ਲਈ ਐਲ.ਜੀ. ਦੀ ਆਗਿਆ ਲੈਣੀ ਪੈਂਦੀ ਹੈ। ਸਮਝੋ ਦਿੱਲੀ ਦੀ ਰਾਜਨੀਤੀ ਵਾਲਾ ਹੀ ਨਕਸ਼ਾ ਹੈ। ਜੰਮੂ-ਕਸ਼ਮੀਰ ਦੇ ਲੋਕ ਵੱਧ ਚੜ੍ਹ ਕੇ ਵੋਟਾਂ ਪਾ ਰਹੇ ਨੇ ਕਿ ਸਾਨੂੰ ਪੂਰਨ ਰਾਜ ਦਾ ਦਰਜ਼ਾ ਮਿਲੇ ਤਾਂ ਹੀ ਤਾਂ 18 ਸਤੰਬਰ



ਨੂੰ ਪਹਿਲੇ ਗੇੜ ਵਿੱਚ 61 ਪ੍ਰਤੀਸ਼ਤ ਵੋਟਾਂ ਪਈਆਂ, ਜੋ ਪਿਛਲੇ ਸੱਤ ਅਸੈਂਬਲੀ ਚੋਣਾਂ ਤੋਂ ਵੱਧ ਨੇ। ਜੋ ਵੀ ਪਾਰਟੀ ਜਿੱਤੇ ਪਰ ਇਹ ਪੱਕਾ ਹੈ ਕਿ ਪਹਿਲਾ ਗੇੜ ਵੇਖ ਕੇ ਲੱਗਦਾ ਹੈ ਕਿ ਲੋਕਤੰਤਰ ਦੀ ਜਿੱਤ ਹੋ ਰਹੀ ਹੈ। ਪਹਿਲੇ ਗੇੜ 'ਚ ਕਿਸ਼ਤਵਾੜ ਵਿੱਚ 80 ਪ੍ਰਤੀਸ਼ਤ, ਡੋਡਾ ਵਿੱਚ 71 ਪ੍ਰਤੀਸ਼ਤ, ਰਾਮਬਨ ਵਿੱਚ 70 ਪ੍ਰਤੀਸ਼ਤ, ਇਸ ਤੋਂ ਇਲਾਵਾ ਪੁਲਵਾਮਾ, ਅਨੰਤਨਾਗ, ਕੁਲਗਾਮ, ਸ਼ੌਪੀਆ ਜ਼ਿਲ੍ਹਿਆਂ ਵਿੱਚ ਵੋਟਿੰਗ ਸਭ ਤੋਂ ਵੱਧ ਦੇਖੀ ਗਈ। ਇਹ ਓਸ ਜਗ੍ਹਾ ਦੀ ਗੱਲ ਕਰ ਰਹੇ ਹਾਂ, ਜਿਥੇ 30 ਸਾਲ ਤੱਕ ਲੋਕਾਂ ਨੇ ਚੋਣਾਂ ਦਾ ਬਾਈਕਾਟ ਕਰੀ ਰੱਖਿਆ ਪਰ ਹੁਣ ਬੇਖ਼ੌਫ਼ ਹੋ ਕੇ ਵੋਟਾਂ ਪੈ ਰਹੀਆਂ ਨੇ। ਇਸੇ ਚੋਣ ਵਿੱਚ ਚਾਰ ਵੱਡੀਆਂ ਪਾਰਟੀਆਂ ਨੇ ਕਾਂਗਰਸ, ਬੀਜੇਪੀ, ਐਨ.ਸੀ., ਤੇ ਪੀ.ਡੀ.ਪੀ. ਤੋਂ ਇਲਾਵਾ ਛੋਟੀਆਂ ਛੋਟੀਆਂ ਪਾਰਟੀਆਂ ਵੀ ਨੇ ਜਿਵੇਂ ਜਮਾਤ ਏ ਇਸਲਾਮੀ, ਸੀ.ਪੀ.ਐਮ., ਪੀਪਲਜ਼ ਕਾਨਫਰੰਸ ਆਦਿ। ਬੀਜੇਪੀ ਦਾ ਕੋਈ ਵੀ ਗਠਜੋੜ ਨਹੀਂ ਹੈ, ਪਰ ਕਈ ਛੋਟੀਆਂ ਛੋਟੀਆਂ ਪਾਰਟੀਆਂ ਨਾਲ ਸਮਝੌਤਾ ਜ਼ਰੂਰ ਹੈ। ਜੰਮੂ-ਕਸ਼ਮੀਰ ਵਿੱਚ ਕੁਲ 90 ਸੀਟਾਂ ਨੇ ਤੇ ਬਹੁਮਤ 46 ਸੀਟਾਂ ਦਾ ਹੈ। 43 ਸੀਟਾਂ ਜੰਮੂ ਵਿੱਚ ਨੇ ਤੇ 47 ਸੀਟਾਂ ਕਸ਼ਮੀਰ ਦੇ ਵਿੱਚ ਆਉਂਦੀਆਂ ਨੇ। ਜਿਥੋਂ ਤੱਕ ਆਬਾਦੀ ਦੀ ਗੱਲ ਹੈ ਕਿ ਤਾਂ 68 ਪ੍ਰਤੀਸ਼ਤ ਆਬਾਦੀ ਮੁਸਲਿਮ ਆਬਾਦੀ ਹੈ, 29 ਪ੍ਰਤੀਸ਼ਤ ਹਿੰਦੂ ਤੇ 2 ਪ੍ਰਤੀਸ਼ਤ ਸਿੱਖ ਨੇ। 50 ਤੋਂ 55 ਪ੍ਰਤੀਸ਼ਤ ਉਹ ਲੋਕ ਨੇ ਜੋ ਕਸ਼ਮੀਰੀ ਭਾਸ਼ਾ ਬੋਲਦੇ ਨੇ, 20 ਪ੍ਰਤੀਸ਼ਤ ਡੋਗਰਾ ਉਪ ਬੋਲੀ ਬੋਲਦੇ ਨੇ। ਪੀਰ ਪੰਜਾਲ਼ ਤੇ ਜੰਮੂ ਦੇ ਪਹਾੜਾਂ ਵਿੱਚ 10 ਪ੍ਰਤੀਸ਼ਤ ਗੁੱਜਰ ਰਹਿੰਦੇ ਨੇ। ਬਕਰਵਾਲ ਬਰਾਦਰੀ ਵੀ ਕੁਝ ਪ੍ਰਤੀਸ਼ਤ ਹੈ। ਬੀਜੇਪੀ ਤੇ ਕਾਂਗਰਸ ਦਾ ਦਬਦਬਾ ਜੰਮੂ ਵਿੱਚ ਹੈ। ਐਨ ਸੀ, ਤੇ ਪੀਡੀਪੀ ਕਸ਼ਮੀਰ ਵਿੱਚ ਦਬਦਬਾ ਰਖਦੀ ਹੈ। ਲੋਕ ਸਭਾ ਚੋਣਾਂ ਸਮੇਂ ਬੀਜੇਪੀ ਕਸ਼ਮੀਰ ਦੇ ਵਿੱਚ ਹਿੱਸੇਦਾਰ ਨਹੀਂ ਬਣੀ ਸੀ ਪਰ ਹੁਣ ਕੁਝ ਸੀਟਾਂ ਤੇ ਛੋਟੀਆਂ ਪਾਰਟੀਆਂ ਦੇ ਨਾਲ ਗਠਜੋੜ ਕੀਤਾ ਹੈ। ਇਹਨਾਂ ਪਾਰਟੀਆਂ ਨੂੰ ਬੀਜੇਪੀ ਦੀ ਡੰਮੀ ਪਾਰਟੀ ਵੀ ਆਖਦੇ ਨੇ। ਰਣਨੀਤੀ ਬੀਜੇਪੀ ਦੀ ਸਾਧਾਰਨ ਹੈ ਕਿ ਜੰਮੂ 'ਤੇ ਪੂਰੇ ਤਰੀਕੇ ਦੇ ਨਾਲ ਦਬਦਬਾ ਬਣਾ ਲਓ। ਡੋਗਰਾ, ਪਹਾੜੀ, ਕਸ਼ਮੀਰੀ ਪੰਡਤਾਂ ਨੂੰ ਮਜ਼ਬੂਤ ਕਰ ਲਓ। ਤੁਹਾਨੂੰ ਯਾਦ ਹੋਣਾ ਕਿ ਫਰਵਰੀ 2024 ਦੇ ਵਿੱਚ ਬੀਜੇਪੀ ਨੇ ਪਹਾੜੀ ਕਮਿਊਨਿਟੀ ਦੀਆਂ ਵੋਟਾਂ ਲੈਣ ਲਈ ਓਹਨਾਂ ਨੂੰ ਐਸ.ਟੀ. ਐਲਾਨ ਕਰ ਦਿੱਤਾ।

ਸੋਚਣਾ ਇਹ ਬਣਦਾ ਹੈ ਕਿ ਸਰਕਾਰਾਂ ਦੇ ਦਾਅ ਪੇਚਾਂ ਤੋਂ ਬਿਨਾ ਉਥੋਂ ਦੇ ਲੋਕਾਂ ਦੇ ਮਨਾਂ ਦੇ ਵਿੱਚ ਕੀ ਚੱਲਦੈ। ਲੋਕ ਪਿਛਲੇ ਪੰਜ ਛੇ ਸਾਲਾਂ ਤੋਂ ਅੱਕੇ ਪਏ ਸਨ। ਬੀਜੇਪੀ ਦਾ ਪਲਾਨ ਸੀ ਕਿ ਪੱਥਰਵਾਜ ਤੇ ਮਿਲੀਟੈਂਟਸ ਨੂੰ ਖਤਮ ਕੀਤਾ ਜਾਵੇ, ਸੈਰ ਸਪਾਟਾ ਵਧੇ ਤੇ ਲੋਕ ਸਾਡੇ 'ਤੇ ਵਿਸ਼ਵਾਸ ਕਰਨ। ਭਾਵੇਂ ਕਿ ਬੀਜੇਪੀ ਕਹਿੰਦੀ ਹੈ ਕਿ ਅਸੀਂ ਪੱਥਰਵਾਜੀ ਖਤਮ ਕੀਤੀ ਹੈ। ਅੱਤਵਾਦੀ ਹਮਲੇ ਘੱਟ ਹੋਏ ਨੇ ਪਰ ਬਿਲਕੁਲ ਖਤਮ ਤੋਂ ਉਹ ਵੀ ਕੰਨੀ ਕਤਰਾਉਂਦੀ ਹੈ। ਬੀਜੇਪੀ ਤਾਂ ਇਹ ਵੀ ਕਹਿੰਦੀ ਹੈ ਕਿ ਪਹਿਲਾਂ ਸੈਰ ਸਪਾਟੇ ਦੇ ਲਈ ਇੱਥੇ 20 ਲੱਖ ਲੋਕ ਆਉਂਦੇ ਸੀ ਤੇ ਹੁਣ ਡੇਢ ਕਰੋੜ ਦੇ ਕਰੀਬ ਲੋਕ ਸੈਰ ਸਪਾਟੇ ਲਈ ਆਉਂਦੇ ਨੇ ਪਰ ਇਹ ਵੀ ਘਾਲਾ ਮਾਲਾ ਹੈ। ਅਸਲ ਵਿੱਚ ਜੰਮੂ ਤੇ ਕਸ਼ਮੀਰ ਦੀ ਸਰਕਾਰ ਪਹਿਲਾਂ ਮਾਤਾ ਵੈਸਨੋ ਦੇਵੀ ਤੇ ਅਮਰਨਾਥ ਯਾਤਰਾ 'ਤੇ ਜਾਣ ਵਾਲੇ ਭਗਤਾਂ ਨੂੰ ਟੂਰਿਸਟ ਦੀ ਕੈਟਾਗਰੀ ਵਿੱਚ ਨਹੀਂ ਸੀ ਰੱਖਦੀ। ਪਰ ਹੁਣ ਗਿਣ ਲਿਆ ਗਿਆ। ਨੌਜਵਾਨਾਂ ਦੇ ਵਿੱਚ ਨੌਕਰੀ ਨੂੰ ਲੈ ਕੇ ਨਿਰਾਸ਼ਾ ਆਮ ਹੈ, ਨਸ਼ਿਆਂ ਵੱਲ ਵੀ ਝੁਕਾਅ ਦਰਜ਼ ਕੀਤਾ ਗਿਆ। ਵੱਡੇ ਵੱਡੇ ਕੰਟਰੈਕਟ ਜੰਮੂ-ਕਸ਼ਮੀਰ ਤੋਂ ਬਾਹਰੀ ਲੋਕਾਂ ਨੂੰ ਮਿਲ ਰਹੇ ਨੇ। ਅਸਲੀ ਰਾਜ ਦੇ ਦਰਜ਼ੇ ਦੀ ਮੰਗ ਮੂੰਹ ਅੱਡੀ ਖੜੀ ਹੈ। ਅਸੈਂਬਲੀ ਬਾਰੇ ਤਾਂ ਪਤਾ ਨਹੀਂ। ਇੰਡੀਆ ਅਲਾਇੰਸ ਦਾ ਦਾਅਵਾ ਹੈ ਕਿ ਉਹ ਬੀਜੇਪੀ ਦੇ ਉੱਤੇ ਏਨਾ ਦਬਾਓ ਬਣਾਏਗੀ ਕਿ ਰਾਜ ਦਾ ਦਰਜ਼ਾ ਦੇਣਾ ਪਵੇਗਾ। ਅਨੁਰਾਧਾ ਭਸੀਨ ਜੋ ਕਿ ਕਸ਼ਮੀਰ ਟਾਈਮਜ਼ ਦੀ ਐਡੀਟਰ ਹੈ, ਲੋਕ ਸਭਾ ਦੇ ਨਤੀਜਿਆਂ ਤੋਂ ਲਿਖਦੀ ਹੈ ਕਿ ਇਹ ਪਹਿਲੀ ਵਾਰ ਹੈ ਕਿ ਵੋਟਰਾਂ ਨੂੰ ਵੇਖ ਕੇ ਸਮਝ ਆਇਆ ਹੈ ਕਿ ਹੁਣ ਨੌਜਵਾਨਾਂ ਨੂੰ ਬੇਬਾਕ ਲੀਡਰ ਚਾਹੀਦਾ ਹੈ ਤਾਂ ਹੀ ਤਾਂ ਇੰਜੀਨੀਅਰ ਰਸ਼ੀਦ ਚੋਣਾਂ ਜਿੱਤਦਾ ਹੈ ਤੇ ਉਹ ਵੀ ਤਿਹਾੜ ਜੇਲ੍ਹ ਵਿੱਚ ਕੈਦੀ ਹੋਣ ਦੇ ਬਾਵਜੂਦ। ਲੋਕ ਸਭਾ ਦੀਆਂ ਚੋਣਾਂ ਸਮੇਂ ਇੱਕ ਵੱਡੀ ਗੱਲ ਹੋਰ ਸਾਹਮਣੇ ਆਈ ਹੈ ਕਿ 1987 ਦੇ ਮੁਸਲਿਮ ਯੂਨਾਈਟਿਡ ਫਰੰਟ ਅਲਾਇੰਸ ਦੇ ਬਾਅਦ ਪਹਿਲੀ ਵਾਰ ਜਮਾਤ ਏ ਇਸਲਾਮੀ ਵੀ ਇਹਨਾਂ ਚੋਣਾਂ ਵਿੱਚ ਹਿੱਸਾ ਲੈ ਰਹੀ ਹੈ ਤੇ 30-35 ਸਾਲਾਂ ਤੋਂ ਜਿਹੜੀ ਪਾਰਟੀ ਚੋਣਾਂ ਦਾ ਬਾਈਕਾਟ ਕਰਦੀ ਆ ਰਹੀ ਸੀ, 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜਦੋਂ ਇਸ ਦੇ ਲੀਡਰ ਵੋਟ ਪਾਉਣ ਲਈ ਲਾਈਨ ਵਿੱਚ ਲੱਗੇ ਤਾਂ ਲੋਕ ਹੈਰਾਨ ਰਹਿ ਗਏ। ਵੈਸੇ ਇਹ ਇੱਕ ਵੱਡਾ ਬਦਲਾਓ ਹੈ ਪਰ ਇਸ ਪਿੱਛੇ ਵੀ ਸਾਜ਼ਿਸ਼ ਦੱਸਿਆ ਜਾ ਰਿਹੈ। ਵੈਸੇ ਵਿਸ਼ਲੇਸ਼ਕ ਕਹਿ ਰਹੇ ਨੇ ਕਿ ਇਸ ਵਾਰ ਮੋਦੀ ਵੇਵ ਜੰਮੂ-ਕਸ਼ਮੀਰ ਦੇ ਵਿੱਚ ਪਹਿਲਾਂ ਵਰਗੀ ਨਹੀਂ ਦਿਖ ਰਹੀ। ਕਾਂਗਰਸ ਦੇ ਚਾਂਸ ਵਧੇਰੇ ਲੱਗ ਰਹੇ ਨੇ ਪਰ ਜਿਵੇਂ ਪਹਿਲਾਂ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਵਿੱਚ ਜੋ ਦਿੱਖਦਾ ਹੈ, ਉਹ ਹੁੰਦਾ ਨਹੀਂ ਤੇ ਜੋ ਹੁੰਦਾ ਹੈ, ਉਹ ਦਿੱਖਦਾ ਨਹੀਂ।

# ਨੇਤਾਵਾਂ ਦੇ ਵਿਗੜਦੇ ਬੋਲ, ਜ਼ਿੰਮੇਵਾਰ ਕੌਣ ?

## ਸਿਆਸੀ ਨੇਤਾਵਾਂ ਦੇ ਬਿਆਨਾਂ ਦਾ ਹੋਰ ਕਿੰਨਾ ਕੁ ਡਿੱਗੇਗਾ ਮਿਆਰ ?

ਰਿਸ਼ੀ ਮੁਨੀਆਂ ਦੀ ਧਰਤੀ ਮੰਨੇ ਜਾਂਦੇ ਭਾਰਤ ਵਿੱਚ ਸੰਤ, ਪੀਰ ਅਤੇ ਫਕੀਰ ਸਦੀਆਂ ਤੋਂ ਮਿੱਠੀ ਜ਼ਬਾਨ ਬੋਲਣ ਦਾ ਸੰਦੇਸ਼ ਦਿੰਦੇ ਆ ਰਹੇ ਹਨ ਪਰ ਅਨੇਕਾਂ ਲੋਕ ਤੇ ਕੁਝ ਸਿਆਸੀ ਆਗੂ ਇਸ ਨੂੰ ਕਿੱਥੇ ਮੰਨਦੇ ਹਨ। ਅੱਜ ਕੱਲ੍ਹ ਭਾਰਤ ਦੇ ਕੁਝ ਸਿਆਸੀ ਆਗੂਆਂ ਦੇ ਬੋਲ ਵਿਗੜਦੇ ਜਾ ਰਹੇ ਹਨ ਅਤੇ ਅਨੇਕਾਂ ਸਿਆਸੀ ਆਗੂ ਅਜਿਹੇ ਬਿਆਨ ਦੇ ਰਹੇ ਹਨ, ਜਿਸ ਕਾਰਨ ਦੇਸ਼ 'ਚ ਨਫ਼ਰਤ ਦੀ ਅੱਗ ਫੈਲਦੀ ਜਾ ਰਹੀ ਹੈ। ਜਿਸ ਤਰੀਕੇ ਨਾਲ ਹਰ ਦਿਨ ਸਿਆਸੀ ਆਗੂ ਬੜਬੋਲੇਪਣ ਵਾਲੇ ਅਤੇ ਹਿੰਸਕ ਬਿਆਨ ਦੇ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਜਿਵੇਂ ਇਹਨਾਂ ਆਗੂਆਂ ਵਿੱਚ ਅਜਿਹੇ ਬਿਆਨ ਦੇਣ ਦਾ ਕੋਈ ਮੁਕਾਬਲਾ ਚੱਲ ਰਿਹਾ ਹੋਵੇ।

ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਅਮਰੀਕਾ ਵਿੱਚ ਦਿੱਤੇ ਇੱਕ ਬਿਆਨ ਨੂੰ ਆਧਾਰ ਬਣਾ ਕੇ ਕਈ







ਭਾਜਪਾ ਆਗੂਆਂ ਵੱਲੋਂ ਰਾਹੁਲ ਗਾਂਧੀ ਦੀ ਨਿੰਦਾ ਕਰਦਿਆਂ ਉਹਨਾਂ ਪ੍ਰਤੀ ਮੰਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ, ਜਿਸਦੀ ਕਾਂਗਰਸੀ ਆਗੂਆਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ। ਦੂਜੇ ਪਾਸੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਪਹਿਲਾਂ ਸੋਨੀਆਂ ਗਾਂਧੀ ਅਤੇ ਰਾਹੁਲ ਗਾਂਧੀ ਵੀ ਪ੍ਰਧਾਨ ਮੰਤਰੀ ਮੋਦੀ ਪ੍ਰਤੀ ਇਸੇ ਤਰ੍ਹਾਂ ਦੀ ਸ਼ਬਦਾਵਲੀ ਵਰਤਦੇ ਰਹੇ ਹਨ। ਸਿਆਸੀ ਆਗੂਆਂ ਦੇ ਬੜਬੋਲੇਪਣ ਦਾ ਹਾਲ ਇਹ ਹੋ ਗਿਆ ਹੈ ਕਿ ਕੋਈ ਸਿਆਸੀ ਆਗੂ ਕਿਸੇ ਦੂਜੇ ਸਿਆਸੀ ਆਗੂ ਦੀ ਜੀਭ ਕੱਟਣ ਦੀ ਗੱਲ ਕਰ ਰਿਹਾ ਹੈ, ਕੋਈ ਸਿਆਸੀ ਆਗੂ ਕਿਸੇ ਦੂਜੇ ਸਿਆਸੀ ਆਗੂ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਆਪਣੀ ਜ਼ਮੀਨ ਦੇਣ ਦਾ ਬਿਆਨ ਦੇ ਰਿਹਾ ਹੈ। ਭਾਜਪਾ ਦੀ ਹਿਮਾਚਲ ਪ੍ਰਦੇਸ਼ ਤੋਂ ਇੱਕ ਮਹਿਲਾ ਸਾਂਸਦ ਨੇ ਹੁਣ ਖੇਤੀ ਬਿਲਾਂ ਨੂੰ ਮੁੜ ਬਹਾਲ ਕਰਨ ਦੀ ਵਕਾਲਤ ਕਰ ਦਿੱਤੀ ਹੈ, ਜਿਸ ਕਾਰਨ ਕਿਸਾਨਾਂ ਵਿੱਚ ਰੋਸ ਫੈਲ ਗਿਆ ਹੈ। ਇਹ ਮਹਿਲਾ ਆਗੂ ਪਹਿਲਾਂ ਵੀ ਕਿਸਾਨਾਂ ਤੇ ਪੰਜਾਬੀਆਂ ਨੂੰ ਅੱਤਵਾਦੀ ਅਤੇ ਖ਼ਾਲਿਸਤਾਨੀ ਕਹਿ ਕੇ ਵਿਵਾਦਾਂ ਵਿੱਚ ਰਹਿ ਚੁੱਕੀ ਹੈ। ਅਸਲ ਵਿੱਚ ਹੁਣ ਸਿਆਸੀ ਨੇਤਾਵਾਂ ਦੇ ਬਿਆਨਾਂ ਦਾ ਪੱਧਰ ਡਿੱਗ ਗਿਆ ਹੈ। ਹੁਣ ਸਿਆਸੀ ਪਾਰਟੀਆਂ ਇੱਕ-ਦੂਜੇ ਨੂੰ ਭਾਸ਼ਾ ਵਿੱਚ ਸਿਆਸੀ ਸ਼ੁੱਧਤਾ ਦੀ ਯਾਦ ਦਿਵਾ ਰਹੀਆਂ ਹਨ। ਇੱਕ-ਦੂਜੇ ਦੇ ਆਗੂ ਇੱਕ ਦੂਜੇ 'ਤੇ ਅਪਸ਼ਬਦ ਬੋਲਣ ਦੇ ਦੋਸ਼ ਲਗਾ ਰਹੇ ਹਨ। ਇਸ ਲਈ ਦੋਵੇਂ ਧਿਰਾਂ ਇੱਕ ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ। ਵੱਖ-ਵੱਖ ਬੁੱਧੀਜੀਵੀਆਂ ਨੇ ਸਿਆਸੀ ਭਾਸ਼ਾ ਦੇ ਡਿੱਗਦੇ ਪੱਧਰ 'ਤੇ ਚਿੰਤਾ ਪ੍ਰਗਟਾਈ ਹੈ। ਹਾਲਾਂਕਿ ਸਮਾਜ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਮੌਜੂਦਾ ਰਾਜਨੀਤੀ ਦੀ ਭਾਸ਼ਾ ਨੇ ਸਮਾਜ ਵਿੱਚ ਡਰ ਅਤੇ ਹਮਲਾਵਰਤਾ ਪੈਦਾ ਕਰ ਦਿੱਤੀ ਹੈ ਜੋ ਸਮਾਜ ਨੂੰ ਮੌਬ ਲਿੰਚਿੰਗ ਵੱਲ ਲੈ ਜਾਂਦੀ ਹੈ। ਰਾਜਨੀਤੀ ਵਿੱਚ ਆਪਣੀ ਥਾਂ ਤਲਾਸ਼ ਰਹੀਆਂ ਔਰਤਾਂ ਦਾ ਕਹਿਣਾ ਹੈ ਕਿ ਜਦੋਂ ਭਾਸ਼ਾ ਵਿੱਚ ਮਰਿਆਦਾ ਦੀਆਂ ਰੁਕਾਵਟਾਂ ਟੁੱਟਦੀਆਂ ਹਨ ਤਾਂ ਸਭ ਤੋਂ ਵੱਡਾ ਨਿਸ਼ਾਨਾ ਔਰਤਾਂ ਹੀ ਹੁੰਦੀਆਂ ਹਨ। (ਬਾਕੀ ਸਫ਼ਾ 30 'ਤੇ)

# ਜੇਕਰ ਮੈਂ ਕਮਲਾ ਹੈਰਿਸ ਕੋਲੋਂ ਚੋਣ ਹਾਰ ਗਿਆ ਤਾਂ ਮੈਂ 2028 'ਚ ਚੋਣ ਨਹੀਂ ਲੜਾਂਗਾ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਚੋਣ ਵਿੱਚ, ਡੋਨਾਲਡ ਟਰੰਪ ਕੋਲ ਬਹੁਤ ਘੱਟ ਸਮਾਂ ਹੈ ਅਤੇ ਬਹੁਤ ਸਾਰਾ ਕੰਮ ਕਰਨ ਲਈ ਲੋਕਪ੍ਰਿਯ ਰੇਟਿੰਗਾਂ 'ਚ ਉਹ ਲਗਾਤਾਰ ਪਿੱਛੇ ਚੱਲ ਰਹੇ ਹਨ ਅਤੇ ਕਮਲਾ ਹੈਰਿਸ ਨੇ ਉਨ੍ਹਾਂ ਨੂੰ ਪਛਾੜ ਦਿੱਤਾ ਹੈ। ਟਰੰਪ ਖੁਦ ਹੀ ਮੰਨਦੇ ਹਨ ਕਿ ਜੇਕਰ ਉਹ ਇਹ ਚੋਣ ਨਹੀਂ ਜਿੱਤ ਸਕੇ ਤਾਂ ਉਹ 2028 ਵਿੱਚ ਵੀ ਚੋਣ ਮੈਦਾਨ ਵਿੱਚ ਨਹੀਂ ਉੱਤਰਨਗੇ। ਰਿਪਬਲਿਕਨ ਪਾਰਟੀ ਦੇ ਨੇਤਾ ਟਰੰਪ ਹੁਣ 78 ਸਾਲ ਦੇ ਹੋ ਗਏ ਹਨ। ਉਹ ਚਾਰ ਸਾਲਾਂ ਵਿੱਚ 82 ਸਾਲ ਦੇ ਹੋ ਜਾਣਗੇ। ਜੇਕਰ ਉਹ ਇਸ ਵਾਰ ਚੋਣ ਹਾਰ ਜਾਂਦੇ ਹਨ ਤਾਂ ਉਮਰ ਸ਼ਾਇਦ ਉਨ੍ਹਾਂ ਦੇ ਹੱਕ ਵਿੱਚ ਨਾ ਰਹੇ। ਟਰੰਪ ਨੇ ਕਿਹਾ ਕਿ ਜੇਕਰ ਉਹ ਇਸ ਵਾਰ ਚੋਣ ਨਹੀਂ ਜਿੱਤ ਸਕੇ ਤਾਂ ਅਗਲੀ ਚੋਣ ਨਹੀਂ ਲੜਨਗੇ। ਅਮਰੀਕੀ ਚੋਣਾਂ ਵਿੱਚ ਡੋਨਾਲਡ ਟਰੰਪ ਹੁਣ ਨਵੇਂ ਤਰ੍ਹਾਂ ਦੇ ਦਾਅਵੇ ਕਰ ਰਹੇ ਹਨ। ਹੁਣ ਉਨ੍ਹਾਂ ਐਲਾਨ ਕੀਤਾ ਹੈ ਕਿ ਜੇਕਰ ਉਹ ਕਮਲਾ ਹੈਰਿਸ ਤੋਂ ਇਹ ਚੋਣ ਹਾਰ ਜਾਂਦੇ ਹਨ ਤਾਂ ਉਹ 2028 'ਚ ਦੁਬਾਰਾ ਚੋਣ ਨਹੀਂ ਲੜਨਗੇ। ਯਾਨੀ ਅਮਰੀਕੀ ਰਾਸ਼ਟਰਪਤੀ ਬਣਨ ਦਾ ਇਹ ਉਨ੍ਹਾਂ ਦਾ ਆਖਰੀ ਮੌਕਾ ਹੈ। ਟਰੰਪ ਨੇ ਬੀਤੇ ਦਿਨ ਇਕ ਪ੍ਰੋਗਰਾਮ 'ਚ ਐਲਾਨ ਕੀਤਾ। ਪ੍ਰੋਗਰਾਮ 'ਚ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਮੰਨ ਲਓ ਤੁਸੀਂ ਇਸ ਵਾਰ ਚੋਣ ਹਾਰ ਗਏ ਤਾਂ ਚਾਰ ਸਾਲ ਬਾਅਦ ਜਦੋਂ ਦੁਬਾਰਾ ਚੋਣ ਹੋਵੇਗੀ ਤਾਂ ਤੁਸੀਂ ਦੁਬਾਰਾ ਕੋਸ਼ਿਸ਼ ਕਰੋਗੇ ਜਾਂ ਨਹੀਂ ? ਟਰੰਪ ਨੇ ਕਿਹਾ ਕਿ ਨਹੀਂ, ਮੈਨੂੰ ਨਹੀਂ ਲੱਗਦਾ ਕਿ ਮੈਂ ਦੁਬਾਰਾ ਚੋਣ ਲੜਨ ਲਈ



ਦੌੜਾਂਗਾ। ਟਰੰਪ ਦਾ ਇਹ ਬਿਆਨ ਬਹੁਤ ਮਹੱਤਵਪੂਰਨ ਸਮੇਂ 'ਤੇ ਆਇਆ ਹੈ। ਕਿਉਂਕਿ 2024 ਦੀਆਂ ਰਾਸ਼ਟਰਪਤੀ ਚੋਣਾਂ ਅਹਿਮ ਪੜਾਅ 'ਤੇ ਪਹੁੰਚ ਗਈਆਂ ਹਨ। ਐਨ.ਬੀ.ਸੀ. ਨਿਊਜ਼ ਪੋਲ ਦੇ ਅਨੁਸਾਰ, ਕਮਲਾ ਹੈਰਿਸ ਦੀ ਲੋਕਪ੍ਰਿਅਤਾ ਲਗਾਤਾਰ ਵੱਧ ਰਹੀ ਹੈ ਅਤੇ ਟਰੰਪ ਲਈ ਅੱਗੇ ਦਾ ਰਸਤਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਜਦੋਂ ਜੋ ਬਾਇਡੇਨ ਦੌੜ ਵਿੱਚ ਸੀ ਤਾਂ ਚੀਜ਼ਾਂ ਵੱਖਰੀਆਂ ਸਨ, ਪਰ ਹੈਰਿਸ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਬਣਨ ਤੋਂ ਬਾਅਦ ਉਹ ਤੇਜ਼ੀ ਦੇ ਨਾਲ ਅੱਗੇ ਵਧ ਰਹੀ ਹੈ। ਇਹ ਮਤਦਾਨ ਅਮਰੀਕਾ ਵਿੱਚ 13 ਸਤੰਬਰ ਤੋਂ 17 ਸਤੰਬਰ ਦਰਮਿਆਨ ਹੋਇਆ ਸੀ ਜਿਸ ਵਿੱਚ 1000 ਤੋਂ ਵੱਧ ਰਜਿਸਟਰਡ ਵੋਟਰਾਂ ਨੇ ਹਿੱਸਾ ਲਿਆ ਸੀ। ਇਹ ਦਰਸਾਉਂਦਾ ਹੈ ਕਿ ਕਮਲਾ ਹੈਰਿਸ ਦੀ ਰੇਟਿੰਗ ਜੁਲਾਈ ਤੋਂ ਹੁਣ ਤੱਕ 16 ਅੰਕ ਵਧੀ ਹੈ। ਕਮਲਾ ਹੈਰਿਸ ਪਹਿਲਾਂ ਬਹੁਤ ਪਿੱਛੇ ਸੀ ਪਰ ਹੁਣ ਉਸ ਦਾ ਸਕਾਰਾਤਮਕ ਸਕੋਰ 48 ਫੀਸਦੀ ਹੈ। ਜੁਲਾਈ ਦੇ ਮਹੀਨੇ ਵਿੱਚ, ਉਸਦੀ ਨੈਗੇਟਿਵ ਰੇਟਿੰਗ ਮਾਇਨਸ 8 'ਤੇ ਸੀ। ਜਦੋਂ ਕਿ ਹੁਣ ਉਸ ਦੀ ਸਕਾਰਾਤਮਕ ਸ਼ੁੱਧ ਰੇਟਿੰਗ ਪਲੱਸ 3 ਹੈ। ਜੁਲਾਈ 'ਚ 32 ਫੀਸਦੀ ਲੋਕ ਕਮਲਾ ਹੈਰਿਸ ਦੇ ਪੱਖ 'ਚ ਸਨ ਅਤੇ 50 ਫੀਸਦੀ ਉਸ ਦੇ ਖ਼ਿਲਾਫ਼ ਸਨ। ਇਸ ਸਰਵੇਖਣ ਨੂੰ ਅੰਜਾਮ ਦੇਣ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਜੋ ਬਾਈਡੇਨ ਦਾ ਕੰਮ ਔਖਾ ਸੀ ਪਰ ਹੁਣ ਮਾਹੌਲ ਕਮਲਾ ਹੈਰਿਸ ਦੇ ਹੱਕ ਵਿੱਚ ਹੈ। ਦੂਜੇ ਪਾਸੇ ਡੋਨਾਲਡ ਟਰੰਪ ਦੀ ਨੈੱਟ ਰੇਟਿੰਗ ਮਾਈਨਸ 13 'ਤੇ ਚੱਲਦੀ ਹੈ। 40 ਫੀਸਦੀ ਲੋਕ ਟਰੰਪ ਦੇ ਪੱਖ 'ਚ ਹਨ ਜਦਕਿ 53 ਫੀਸਦੀ ਲੋਕਾਂ ਦਾ ਉਸ ਪ੍ਰਤੀ ਨਕਾਰਾਤਮਕ ਰਵੱਈਆ ਹੈ।

(ਬਾਕੀ ਸਫ਼ਾ 30 'ਤੇ)

## ਡਾ. ਬੀਰਇੰਦਰ ਸਿੰਘ ਨਾਰੰਗ ਕਿੰਗ ਚਾਰਲਸ ਕੋਰੋਨੇਸ਼ਨ ਮੈਡਲ ਨਾਲ ਸਨਮਾਨਿਤ

ਐਬਟਸਫੋਰਡ/ਏ.ਟੀ.ਨਿਊਜ਼: ਬ੍ਰਿਗਸ਼ ਕੋਲੰਬੀਆ ਦੀ ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕਾ ਕੈਟਰੀਨਾ ਚੇਨ ਨੇ ਬਰਨਬੀ ਨਿਵਾਸੀ ਫੈਮਿਲੀ ਫਿਜੀਸ਼ੀਅਨ ਉੱਘੇ ਡਾਕਟਰ ਬੀਰਇੰਦਰ ਸਿੰਘ ਨਾਰੰਗ ਦਾ ਵਕਾਰੀ ਸਨਮਾਨ ਕਿੰਗ ਚਾਰਲਸ ਕੋਰੋਨੇਸ਼ਨ ਮੈਡਲ ਨਾਲ ਸਨਮਾਨ ਕੀਤਾ ਹੈ । ਕਿੰਗ ਚਾਰਲਸ ਕੋਰੋਨੇਸ਼ਨ ਮੈਡਲ 6 ਮਈ, 2023 ਨੂੰ ਕਿੰਗ ਚਾਰਲਸ ਤੀਜਾ ਦੀ ਤਾਜਪੋਸ਼ੀ ਮੌਕੇ ਸਿਰਜਿਆ ਗਿਆ ਸੀ। ਕਿੰਗ ਚਾਰਲਸ ਦੀ ਤਾਜਪੋਸ਼ੀ ਨੂੰ ਦਰਸਾਉਣ ਵਾਲਾ ਇਹ ਪਹਿਲਾ ਕੈਨੇਡੀਅਨ ਯਾਦਗਾਰੀ ਮੈਡਲ ਹੈ। ਡਾ. ਬੀਰਇੰਦਰ ਸਿੰਘ ਨਾਰੰਗ ਨੂੰ ਇਹ ਸਨਮਾਨ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਬਦਲੇ ਦਿੱਤਾ ਗਿਆ ਹੈ । ਲੁਧਿਆਣਾ ਨਾਲ ਸੰਬੰਧਿਤ ਬਰਨਬੀ ਦੀ 3 ਵਾਰ ਸਕੂਲ ਟਰੱਸਟੀ ਰਹੀ ਬਲਜਿੰਦਰ ਕੌਰ ਨਾਰੰਗ ਦਾ ਹੋਣਹਾਰ ਫਰਜੰਦ



ਡਾ. ਬੀਰਇੰਦਰ ਸਿੰਘ ਜਿੱਥੇ ਫੈਮਿਲੀ ਫਿਜੀਸ਼ੀਅਨ ਦੇ ਤੌਰ 'ਤੇ ਸੇਵਾਵਾਂ ਨਿਭਾ ਰਿਹਾ ਹੈ, ਉੱਥੇ ਉਹ ਵੈਨਕੂਵਰ ਸਥਿਤ ਯੂਨੀਵਰਸਿਟੀ ਆਫ਼ ਬ੍ਰਿਗਸ਼ ਕੋਲੰਬੀਆ ਦੇ ਫੈਮਿਲੀ ਪ੍ਰੈਕਟਿਸ ਵਿਭਾਗ 'ਚ ਕਲੀਨਿਕਲ ਅਸਿਸਟੈਂਟ ਪ੍ਰੋਫ਼ੈਸਰ ਹੈ । ਡਾ. ਬੀਰਇੰਦਰ ਸਿੰਘ ਪ੍ਰਮੁੱਖ ਟੀ.ਵੀ. ਚੈਨਲ ਗਲੋਬਲ ਬੀ.ਸੀ. ਤੇ ਰੇਡੀਓ ਸੀ.ਕੇ.ਐਨ.ਡਬਲੀਓ. 980 'ਤੇ ਨਿਰੰਤਰ ਸਿਹਤ ਸੰਬੰਧੀ ਜਾਣਕਾਰੀ ਦਿੰਦੇ ਹਨ । ਉਹ ਡਾਕਟਰਾਂ ਦੀ ਸੰਸਥਾ ਬਰਨਬੀ ਡਵੀਜ਼ਨ ਆਫ਼ ਫੈਮਿਲੀ ਪ੍ਰੈਕਟਿਸ ਬੋਰਡ ਦੇ ਵੀ ਚੇਅਰਮੈਨ ਰਹਿ ਚੁੱਕੇ ਹਨ। ਇਸ ਮੌਕੇ ਬ੍ਰਿਗਸ਼ ਕੋਲੰਬੀਆ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ ਵੀ ਮੌਜੂਦ ਸਨ।

## ਭਾਰਤ 'ਚ 70 ਫ਼ੀਸਦੀ ਲੋਕ ਆਪਣੀ ਨੌਕਰੀ ਤੋਂ ਨਾਖੁਸ਼, ਅੱਧੇ ਤੋਂ ਵੱਧ ਛੱਡਣਾ ਚਾਹੁੰਦੇ ਹਨ ਨੌਕਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਭਾਰਤ ਵਿੱਚ 70 ਫੀਸਦੀ ਲੋਕ ਆਪਣੀ ਨੌਕਰੀ ਤੋਂ ਸੰਤੁਸ਼ਟ ਨਹੀਂ ਹਨ। ਭਾਵ ਦੇਸ਼ ਦੇ 10 ਵਿੱਚੋਂ 7 ਲੋਕ ਆਪਣੀ ਨੌਕਰੀ ਤੋਂ ਖੁਸ਼ ਨਹੀਂ ਹਨ। ਇਸ ਦੇ ਨਾਲ ਹੀ ਅੱਧੇ ਤੋਂ ਵੱਧ ਲੋਕ ਵੀ ਆਪਣੀ ਨੌਕਰੀ ਛੱਡਣਾ ਚਾਹੁੰਦੇ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਉਦਯੋਗਿਕ ਖੇਤਰਾਂ ਵਿੱਚ ਪੁਰਸ਼ ਅਤੇ ਮਹਿਲਾ ਕਰਮਚਾਰੀਆਂ ਵਿੱਚ ਉਨ੍ਹਾਂ ਦੀ ਨੌਕਰੀ ਨੂੰ ਲੈ ਕੇ ਹੈਪੀਨੇਸ ਵਿੱਚ ਕਾਫ਼ੀ ਅੰਤਰ ਹੈ।

**ਫਿਨਟੇਕ ਸੈਕਟਰ ਵਿੱਚ 60% ਲੋਕ ਨੌਕਰੀ ਤੋਂ ਨਾਖੁਸ਼**

ਰਿਪੋਰਟ ਦੇ ਅਨੁਸਾਰ ਸਭ ਤੋਂ ਵੱਧ ਆਪਣੀ ਨੌਕਰੀ ਤੋਂ ਖੁਸ਼ ਲੋਕ ਫਿਨਟੇਕ ਸੈਕਟਰ ਵਿੱਚ ਹਨ। ਫਿਨਟੇਕ ਸੈਕਟਰ ਵਿੱਚ 40 ਫੀਸਦੀ ਲੋਕ




ਆਪਣੀ ਨੌਕਰੀ ਤੋਂ ਖੁਸ਼ ਹਨ, ਜਦੋਂ ਕਿ 60 ਫੀਸਦੀ ਲੋਕ ਆਪਣੀ ਨੌਕਰੀ ਤੋਂ ਖੁਸ਼ ਨਹੀਂ ਹਨ। ਜਦੋਂ ਕਿ ਬਾਇਓਟੈਕਨਾਲੋਜੀ ਸੈਕਟਰ ਵਿੱਚ ਸਿਰਫ਼ 39 ਫ਼ੀਸਦੀ ਲੋਕ ਹੀ ਆਪਣੀ ਨੌਕਰੀ ਤੋਂ ਖੁਸ਼ ਹਨ ਅਤੇ ਆਈ.ਟੀ. ਸੈਕਟਰ ਵਿੱਚ 38 ਫ਼ੀਸਦੀ ਲੋਕ ਆਪਣੀ ਨੌਕਰੀ ਤੋਂ ਖੁਸ਼ ਹਨ। ਰੀਅਲ ਅਸਟੇਟ ਅਤੇ ਉਸਾਰੀ ਖੇਤਰ ਵਿੱਚ ਸਿਰਫ਼ 20 ਫੀਸਦੀ ਲੋਕ ਹੀ ਆਪਣੀ ਨੌਕਰੀ ਤੋਂ ਖੁਸ਼ ਹਨ, ਬਾਕੀ 80 ਫੀਸਦੀ ਲੋਕ ਆਪਣੀ ਨੌਕਰੀ ਤੋਂ ਨਾਖੁਸ਼ ਹਨ।

**54 ਫੀਸਦੀ ਲੋਕ ਛੱਡਣਾ ਚਾਹੁੰਦੇ ਹਨ ਆਪਣੀ ਨੌਕਰੀ**

ਦੇਸ਼ ਦੇ 54 ਫੀਸਦੀ ਲੋਕ ਆਪਣੀ ਨੌਕਰੀ ਵੀ ਛੱਡਣਾ ਚਾਹੁੰਦੇ ਹਨ, ਇਸ ਦਾ ਕਾਰਨ ਕੰਮ ਵਾਲੀ ਥਾਂ 'ਤੇ ਵਿਵਾਦ ਅਤੇ ਸਹਿਕਰਮੀਆਂ ਦੇ ਨਾਲ ਸਹਿਯੋਗ ਵਿੱਚ ਵੱਡੀ ਰੁਕਾਵਟ ਹੈ। 62% ਕਰਮਚਾਰੀ ਕੰਮ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਪਾਉਂਦੇ। ਸੁਤੰਤਰ ਰੂਪ ਨਾਲ ਵਿਚਾਰ ਪ੍ਰਗਟ ਕਰਨ ਵਿੱਚ ਅਸਮਰੱਥ ਇੱਕ ਨੇਗਟਿਵ ਕੰਮ ਸੱਭਿਆਚਾਰ ਕਰਮਚਾਰੀਆਂ ਨੂੰ ਅਲੱਗ ਮਹਿਸੂਸ ਕਰਵਾਉਂਦਾ ਹੈ। ਇਸ ਤੋਂ ਇਲਾਵਾ ਨੌਕਰੀ ਕਾਰਨ ਕੁਝ ਲੋਕਾਂ ਨੂੰ ਨਿੱਜੀ ਹਿੱਤਾਂ ਲਈ ਸਮਾਂ ਨਹੀਂ ਮਿਲਦਾ, ਜਿਸ ਕਾਰਨ ਲੋਕ

## ਧਾਰਮਿਕ ਕਵੀ ਦਰਬਾਰ ਕਰਵਾਇਆ

ਸੈਨਹੋਜ਼ੇ (ਕੈਲੀਫ਼ੋਰਨੀਆ)/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਕਰਬਾਰ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਕਰਵਾਇਆ ਗਿਆ। ਇਸ ਮੌਕੇ ਮੰਚ ਸੰਭਾਲਦਿਆਂ ਪ੍ਰਵਾਨਾ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦੀਵੀ ਗੁਰੂ ਹਨ। ਇਹ ਇੱਕ ਅਜਿਹਾ ਗ੍ਰੰਥ ਹੈ, ਜਿਸ ਨੂੰ ਗੁਰੂ ਦੀ ਉਪਾਧੀ ਨਾਲ ਸਨਮਾਨਿਆ ਗਿਆ ਹੈ। ਜਿਸ ਦੀ ਸਿੱਖਿਆ ਸਮੁੱਚੀ ਮਾਨਵਤਾ ਵਾਸਤੇ ਹੈ। ਜੋ ਅਧਿਆਤਮਕ ਜਨ ਕਲਿਆਨ ਵਾਸਤੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਵਨਾ, ਚਿੰਤਨ ਅਤੇ ਦ੍ਰਿਸ਼ਟੀਕੋਣ ਵਿਸ਼ਵ ਵਿਆਪੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਜੋਤੀ ਜੋਤਿ ਸਮਾਉਣ ਸਮੇਂ ਨੰਦੇੜ ਸਾਹਿਬ ਵਿਖੇ ਗੁਰਆਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਗਈ। ਸਭ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ 'ਤੇ ਚੱਲਣ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਜੀ




ਨੇ ਦੇਹ ਧਾਰੀ ਗੁਰੂ ਅਤੇ ਮੂਰਤੀ ਪੂਜਾ ਤੋਂ ਹਟਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਉਪਰੰਤ ਧਾਰਮਿਕ ਕਵੀ ਦਰਬਾਰ ਵਿੱਚ ਤ੍ਰਲੋਚਨ ਸਿੰਘ ਦੁਪਾਲਪੁਰੀ, ਤਰਸੇਮ ਸਿੰਘ ਸੁਮਨ, ਜਸਦੀਪ ਸਿੰਘ ਫਰੀਮੋਂਟ, ਅਮਰਜੀ ਸਿੰਘ ਇਬਰਹੀਮਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਗੁਰਮਤਿ ਆਸ਼ੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਫਤ ਸਾਲਾਹਿ ਵਿੱਚ ਕਵਿਤਾਵਾਂ ਸੁਣਾਈਆਂ। ਗੁਰਦੁਆਰਾ ਸਾਹਿਬ ਦੇ ਸਕੱਤਰ ਰਜਿੰਦਰ ਸਿੰਘ ਮਘਾਰ ਵੱਲੋਂ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਈ ਗਈ ਅਤੇ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਉਲੀਕੇ ਜਾਣਗੇ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰਪਾਊ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

## 700 ਤੋਂ ਵਧੇਰੇ ਪ੍ਰਵਾਸੀਆਂ ਨੇ ਛੋਟੀਆਂ ਕਿਸ਼ਤੀਆਂ 'ਚ ਪਾਰ ਕੀਤਾ ਇੰਗਲਿਸ਼ ਚੈਨਲ, ਸਰਕਾਰ ਦੀ ਵਧੀ ਚਿੰਤਾ

ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਦੇ ਗ੍ਰਹਿ ਮੰਤਰਾਲਾ ਦੇ ਦਫਤਰ ਨੇ ਕਿਹਾ ਕਿ ਪਿਛਲੇ ਦਿਨੀਂ 707 ਲੋਕਾਂ ਨੇ ਛੋਟੀਆਂ ਕਿਸ਼ਤੀਆਂ 'ਚ ਇੰਗਲਿਸ਼ ਚੈਨਲ ਨੂੰ ਪਾਰ ਕੀਤਾ, ਜੋ ਇਸ ਸਾਲ ਹੁਣ ਤੱਕ ਦਾ ਚੌਥੀ ਸਭ ਤੋਂ ਵੱਧ ਰੋਜ਼ਾਨਾ ਗਿਣਤੀ ਹੈ। 2024 'ਚ ਹੁਣ ਤੱਕ ਇਸੇ ਤਰੀਕੇ ਆਉਣ ਵਾਲਿਆਂ ਦੀ ਕੁੱਲ ਗਿਣਤੀ ਹੁਣ 24,335 ਹੋ ਗਈ ਹੈ। 18 ਜੂਨ ਨੂੰ ਇਸੇ ਤਰੀਕੇ ਸਭ ਤੋਂ ਵਧੇਰੇ 882 ਲੋਕ ਇਥੇ ਪਹੁੰਚੇ ਸਨ। ਜੁਲਾਈ ਵਿੱਚ ਲੇਬਰ ਪਾਰਟੀ ਦੇ ਚੋਣ ਜਿੱਤਣ ਤੋਂ ਬਾਅਦ 10,000 ਤੋਂ ਵੱਧ ਲੋਕ ਚੈਨਲ ਪਾਰ ਕਰ ਚੁੱਕੇ ਹਨ।

ਸਰਕਾਰ ਨੇ ਕਿਹਾ ਕਿ ਉਹ ਕ੍ਰਾਸਿੰਗਾਂ ਨੂੰ ਰੋਕਣ ਲਈ ਆਪਣੀ ਬਿਡ ਨੂੰ ਬਦਲ ਰਹੀ ਹੈ। ਸਾਬਕਾ ਪੁਲਿਸ ਮੁਖੀ ਮਾਰਟਿਨ ਹੈਵਿਟ ਨੂੰ ਇਸਦੇ ਨਵੇਂ ਬਾਰਡਰ ਸੁਰੱਖਿਆ ਕਮਾਂਡਰ ਵਜੋਂ ਭਰਤੀ ਕੀਤਾ ਗਿਆ ਹੈ। ਨਵਾਂ ਮਾਮਲਾ ਪ੍ਰਧਾਨ ਮੰਤਰੀ ਦੇ ਕਹਿਣ



ਤੋਂ ਕੁਝ ਦਿਨ ਬਾਅਦ ਸਾਹਮਣੇ ਆਇਆ ਹੈ ਜਦੋਂ ਉਨ੍ਹਾਂ ਕਿਹਾ ਕਿ ਉਹ ਛੋਟੀਆਂ ਕਿਸ਼ਤੀਆਂ ਦੇ ਚੈਨਲ ਕ੍ਰਾਸਿੰਗਾਂ ਨੂੰ ਰੋਕਣ ਲਈ 'ਮਨਮਾਨੀ ਤਾਰੀਖ ਨਹੀਂ ਲਗਾਉਣ ਜਾ ਰਹੇ'। ਇੱਕ ਇੰਟਰਵਿਊ ਵਿੱਚ ਸਰ ਕੀਅਰ ਸਟਾਰਮਰ ਨੇ ਕਿਹਾ ਕਿ ਉਹ ਤਸਕਰੀ ਕਰਨ ਵਾਲੇ ਗਿਰੋਹਾਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਦ੍ਰਿੜ ਹਨ ਜੋ ਕ੍ਰਾਸਿੰਗ ਦੀ ਸਹੂਲਤ ਦਿੰਦੇ ਹਨ, ਪਰ ਅਜਿਹਾ ਕਰਨ ਲਈ ਇੱਕ ਸਮਾਂ ਸੀਮਾ ਲਈ ਵਚਨਬੱਧ ਨਹੀਂ ਹੋਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵ ਦੇ ਵੱਖ-ਵੱਖ ਨੇਤਾਵਾਂ ਨਾਲ ਕੀਤੀ ਮੁਲਾਕਾਤ

## ਆਲਮੀ ਸ਼ਾਂਤੀ ਅਤੇ ਵਿਕਾਸ ਲਈ ਵਿਸ਼ਵ ਸੰਸਥਾਵਾਂ 'ਚ ਸੁਧਾਰ ਦੀ ਲੋੜ : ਮੋਦੀ





ਨਿਊਯਾਰਕ/ਏ.ਟੀ.ਨਿਊਜ਼: ਭਾਰਤ ਦੇ ਪ੍ਰਧਾਨ ਮੰਤਰੀ ਮੋਦੀ 21 ਤੋਂ 23 ਸਤੰਬਰ ਤੱਕ ਅਮਰੀਕਾ ਦੌਰੇ 'ਤੇ ਰਹੇ। ਉਨ੍ਹਾਂ ਦੀ ਲਗਪਗ 55 ਘੰਟੇ ਦੀ ਇਹ ਯਾਤਰਾ ਕਾਫ਼ੀ ਰੁੱਝੀ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਯੁਕਤ ਰਾਸ਼ਟਰ ਦੇ 'ਭਵਿੱਖ ਬਾਰੇ ਸਿਖ਼ਰ ਸੰਮੇਲਨ' ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸਫ਼ਲਤਾ ਜੰਗ ਦੇ ਮੈਦਾਨ ਵਿੱਚ ਨਹੀਂ, ਸਗੋਂ ਇਹ ਸਮੂਹਿਕ ਤਾਕਤ 'ਚ ਹੈ। ਸੰਮੇਲਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਅੱਜ ਜਦੋਂ ਕੌਮਾਂਤਰੀ ਭਾਈਚਾਰਾ ਦੁਨੀਆਂ ਦੇ ਭਵਿੱਖ ਬਾਰੇ ਚਰਚਾ ਕਰ ਰਿਹਾ ਹੈ ਤਾਂ ਅਜਿਹੇ ਵਿੱਚ ਮਨੁੱਖ ਪੱਖੀ ਪਹੁੰਚ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਉਨ੍ਹਾਂ ਕਿਸੇ ਵੀ ਜੰਗ ਦਾ ਨਾਮ ਲਏ ਬਗ਼ੈਰ ਕਿਹਾ ਕਿ ਆਲਮੀ ਸ਼ਾਂਤੀ ਅਤੇ ਵਿਕਾਸ ਲਈ ਵਿਸ਼ਵ ਸੰਸਥਾਵਾਂ 'ਚ ਸੁਧਾਰ ਦੀ ਲੋੜ ਹੈ। ਅਤਿਵਾਦ ਨੂੰ ਆਲਮੀ ਸ਼ਾਂਤੀ ਲਈ ਗੰਭੀਰ ਖ਼ਤਰਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਾਈਬਰ, ਸਮੁੰਦਰੀ ਅਤੇ ਪੁਲਾੜ ਜਿਹੇ ਖੇਤਰ ਜੰਗ ਦੇ ਨਵੇਂ ਖ਼ਿੱਤਿਆਂ ਵਜੋਂ ਉਭਰ ਰਹੇ ਹਨ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਸਥਿਰ ਵਿਕਾਸ, ਮਨੁੱਖਤਾ ਦੀ ਭਲਾਈ, ਖ਼ੁਰਾਕ ਤੇ ਸਿਹਤ ਸੁਰੱਖਿਆ ਯਕੀਨੀ ਬਣਾਉਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਭਾਰਤ 'ਚ ਅਸੀਂ 25 ਕਰੋੜ ਲੋਕਾਂ ਨੂੰ ਗਰੀਬੀ 'ਚੋਂ ਕੱਢ ਕੇ ਦਰਸਾ ਦਿੱਤਾ ਹੈ ਕਿ ਸਥਿਰ ਵਿਕਾਸ ਨੂੰ ਸਫ਼ਲ ਬਣਾਇਆ ਜਾ ਸਕਦਾ ਹੈ। ਭਾਰਤ ਆਪਣੀ ਸਫ਼ਲਤਾ ਦੇ ਤਜਰਬੇ ਗਲੋਬਲ ਸਾਊਥ ਨਾਲ ਸਾਂਝੇ ਕਰਨ ਲਈ ਤਿਆਰ ਹੈ।' ਮੋਦੀ ਨੇ ਆਲਮੀ ਸੰਸਥਾਵਾਂ 'ਚ ਸੁਧਾਰ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਆਲਮੀ ਸ਼ਾਂਤੀ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹਨ।

**ਅੰਤਰਰਾਸ਼ਟਰੀ ਨੇਤਾਵਾਂ ਨਾਲ ਮੁਲਾਕਾਤ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਰਾਸ਼ਟਰਪਤੀ ਜੋਅ ਬਾਇਡੇਨ, ਨੇਪਾਲ ਦੇ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ, ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਅਤੇ ਕੁਵੈਤ ਦੇ ਕ੍ਰਾਊਨ ਪ੍ਰਿੰਸ ਸ਼ੇਖ ਸਬਾਹ ਖਾਲਿਦ ਅਲ ਸਬਾਹ ਨਾਲ ਵੱਖ-ਵੱਖ ਗੱਲਬਾਤ ਕੀਤੀ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੀ.ਐਮ. ਮੋਦੀ ਨਾਲ ਮੁਲਾਕਾਤ ਦਾ ਐਲਾਨ ਕੀਤਾ ਸੀ ਪਰ ਦੋਵਾਂ ਨੇਤਾਵਾਂ ਵਿਚਾਲੇ ਗੱਲਬਾਤ ਨਹੀਂ ਹੋ ਸਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਲਈ ਰਵਾਨਾ ਹੋਣ ਤੋਂ ਪਹਿਲਾਂ ਇਥੇ ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ। ਸ੍ਰੀ ਮੋਦੀ ਨੇ ਰੂਸ-ਯੂਕਰੇਨ ਜੰਗ ਦਾ 'ਕੂਟਨੀਤੀ ਤੇ ਸੰਵਾਦ ਜ਼ਰੀਏ ਸ਼ਾਂਤੀਪੂਰਨ ਹੱਲ' ਕੱਢਣ ਦੀ ਭਾਰਤ ਦੇ ਸਟੈਂਡ ਨੂੰ ਦੁਹਰਾਇਆ।



**ਸਿੱਖ ਵਫ਼ਦ ਨਾਲ ਮੁਲਾਕਾਤ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਫੇਰੀ ਦੇ ਤੀਜੇ ਤੇ ਆਖਰੀ ਦਿਨ ਨਿਊਯਾਰਕ ਵਿੱਚ ਸਿੱਖਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ। 'ਸਿੱਖਸ ਆਫ਼ ਅਮਰੀਕਾ' ਜਥੇਬੰਦੀ ਦੇ ਜਸਦੀਪ ਸਿੰਘ ਜੱਸੀ ਨੇ ਸ੍ਰੀ ਮੋਦੀ ਨਾਲ ਮੁਲਾਕਾਤ ਮਗਰੋਂ ਕਿਹਾ, 'ਅਸੀਂ ਬਹੁਤ ਖ਼ੁਸ਼ ਹਾਂ ਤੇ ਬੈਠਕ ਉਪਰੰਤ ਸਾਨੂੰ ਸਕਾਰਾਮਤਕ ਅਹਿਸਸ ਹੋਇਆ ਹੈ। ਜਿਵੇਂ ਹੀ ਪ੍ਰਧਾਨ ਮੰਤਰੀ ਤੁਰ ਕੇ ਕਮਰੇ ਵਿੱਚ ਆਏ ਅਸੀਂ ਸਿੱਖਾਂ ਦੇ ਰਵਾਇਤੀ ਜੈਕਾਰੇ 'ਜੋ ਬੋਲੇ ਸੋ ਨਿਹਾਲ' ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਪ੍ਰਧਾਨ ਮੰਤਰੀ ਨੇ ਸਤਿ ਸ੍ਰੀ ਅਕਾਲ ਨਾਲ ਇਸ ਦਾ ਜਵਾਬ ਦਿੱਤਾ।' ਵਿਸਕੌਨਸਿਨ ਤੋਂ ਉੱਘੇ ਸਿੱਖ ਆਗੂ ਦਰਸ਼ਨ ਸਿੰਘ ਧਾਲੀਵਾਲ ਨੇ ਵੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ। ਜੱਸੀ ਨੇ ਦੱਸਿਆ, 'ਸਾਡੀ ਉਨ੍ਹਾਂ ਨਾਲ ਬਹੁਤ ਵਧੀਆ ਗੱਲਬਾਤ ਹੋਈ। ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਬਹੁਤ ਕੁਝ ਕੀਤਾ ਹੈ। ਮੈਨੂੰ ਨਹੀਂ ਲੱਗਦਾ ਕਿ ਭਾਰਤ ਦੇ ਇਤਿਹਾਸ ਵਿਚ ਕਿਸੇ ਹੋਰ ਪ੍ਰਧਾਨ ਮੰਤਰੀ ਨੇ ਸਿੱਖਾਂ ਲਈ ਇੰਨਾ ਕੁਝ ਕੀਤਾ ਹੋਵੇਗਾ, ਜਿੰਨਾ ਸ੍ਰੀ ਮੋਦੀ ਕਰ ਰਹੇ ਹਨ। ਉਨ੍ਹਾਂ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਮਨਾਏ, ਸਿੱਖਾਂ, ਜੋ ਭਾਰਤ ਨਹੀਂ ਜਾ ਸਕਦੇ ਸਨ, ਦੀ ਕਾਲੀ ਸੂਚੀ ਖ਼ਤਮ ਕੀਤੀ, ਕਾਂਗਰਸ ਸਰਕਾਰ ਵੇਲੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਯਕੀਨੀ ਬਣਾਇਆ।' ਜੱਸੀ ਨੇ ਕਿਹਾ, 'ਸਿੱਖਾਂ ਲਈ ਕੀਤੇ ਕੰਮਾਂ ਵਾਸਤੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਅਸੀਂ ਜਲਦੀ ਹੀ ਇਕ ਹੋਰ ਵਫ਼ਦ ਲੈ ਕੇ ਭਾਰਤ ਜਾਵਾਂਗੇ ਤੇ ਉਨ੍ਹਾਂ ਨਾਲ ਹੋਰ ਕਈ ਮੁੱਦੇ ਵਿਚਾਰਾਂਗੇ।

**ਕੁਆਡ ਸੰਮੇਲਨ 'ਚ ਭਾਸ਼ਣ**

ਚਾਰ ਮੁਲਕੀ ਸਮੂਹ ਕੁਆਡ ਵਿੱਚ ਸ਼ਾਮਲ ਭਾਰਤ, ਅਮਰੀਕਾ, ਆਸਟਰੇਲੀਆ ਅਤੇ ਜਪਾਨ ਨੇ ਚੀਨ ਦੇ ਹਮਲਾਵਰ ਰੁਖ਼ ਦੇ ਟਾਕਰੇ ਲਈ ਪਹਿਲੀ ਵਾਰ ਸਾਂਝੇ ਕੋਸਟ ਗਾਰਡ ਮਿਸ਼ਨ ਦਾ ਐਲਾਨ ਕੀਤਾ ਹੈ। ਇਸ ਮਿਸ਼ਨ ਤਹਿਤ ਹਿੰਦ-ਪ੍ਰਸ਼ਾਂਤ ਖ਼ਿੱਤੇ ਵਿਚਲੇ ਛੋਟੇ ਮੁਲਕਾਂ ਨੂੰ ਸਮੁੰਦਰੀ ਸੁਰੱਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਇਸ ਵਿੱਚ ਅਗਲੀ ਪਰਤ ਤਕਨਾਲੋਜੀ ਦੀ ਜੋੜੀ ਜਾਵੇਗੀ ਅਤੇ ਸਮੁੰਦਰ ਉੱਤੇ ਨਜ਼ਰ ਬਣਾਈ ਰੱਖਣ ਲਈ ਵੇਲੇ ਸਿਰ ਨਾਲ ਦੀ ਨਾਲ ਡੇਟਾ ਮੁਹੱਈਆ ਕਰਵਾਇਆ ਜਾਵੇਗਾ। ਇਹ ਐਲਾਨ ਅਮਰੀਕੀ ਸੂਬੇ ਡੈਲਾਵੇਅਰ ਦੇ ਵਿਲਮਿੰਗਟਨ ਵਿਚ ਐਤਵਾਰ ਸਵੇਰੇ ਖ਼ਤਮ ਹੋਏ 'ਕੁਆਡ' ਸਿਖਰ ਸੰਮੇਲਨ ਵਿਚ ਜਾਰੀ ਕੀਤੇ ਗਏ ਵਿਲਮਿੰਗਟਨ ਐਲਾਨਨਾਮੇ ਵਿੱਚ ਕੀਤਾ ਗਿਆ ਹੈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ੍ਰੀ ਮੋਦੀ ਨੇ ਕਿਹਾ, "ਕੁਆਡ ਕਿਸੇ ਦੇ ਖ਼ਿਲਾਫ਼ ਨਹੀਂ ਹੈ। ਅਸੀਂ ਸਾਰੇ ਨੇਮਾਂ ਆਧਾਰਤ ਆਲਮੀ ਢਾਂਚੇ, ਪ੍ਰਭੂਸੱਤਾ ਦੇ ਸਤਿਕਾਰ, ਇਲਾਕਾਈ ਅਖੰਡਤਾ ਅਤੇ ਸਾਰੇ ਮਾਮਲਿਆਂ ਦੇ ਪੁਰਅਮਨ ਹੱਲ ਦੇ ਹਾਮੀ ਹਾਂ।'

**ਵੱਖ- ਵੱਖ ਕੰਪਨੀਆਂ ਦੇ ਅਧਿਕਾਰੀਆਂ ਨਾਲ ਮੁਲਾਕਾਤ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਵਿੱਚ ਪ੍ਰਮੁੱਖ

(ਬਾਕੀ ਸਫ਼ਾ 30 'ਤੇ)

## ਹੁਣ ਯੂਰੋਪੀਅਨ ਦੇਸ਼ਾਂ ਵੱਲ ਪਰਵਾਸ ਕਰ ਰਹੇ ਹਨ ਅੰਤਰਰਾਸ਼ਟਰੀ ਵਿਦਿਆਰਥੀ

ਨਵੀਂ ਦਿੱਲੀ/ਏ.ਟੀ.ਨਿਊਜ਼ :- ਕਈ ਸਾਲਾਂ ਤੋਂ ਉੱਚ ਸਿੱਖਿਆ ਲਈ ਕੈਨੇਡਾ, ਆਸਟ੍ਰੇਲੀਆ ਵਿਦਿਆਰਥੀਆਂ ਦੀ ਪਹਿਲੀ ਪਸੰਦ ਰਹੇ ਹਨ। ਪਰ ਹੁਣ ਇਨ੍ਹਾਂ ਦੇਸ਼ਾਂ ਦੀਆਂ ਸਖ਼ਤ ਵੀਜ਼ਾ ਨੀਤੀਆਂ ਕਾਰਨ ਵਿਦਿਆਰਥੀ ਦੂਜੇ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਆਸਟ੍ਰੇਲੀਆ ਦੁਆਰਾ 2025 ਲਈ ਆਪਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ 2,70,000 ਤੱਕ ਸੀਮਤ ਕਰਨ ਦੇ ਹਾਲ ਹੀ ਦੇ ਫ਼ੈਸਲੇ ਨੇ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬ ਦੇ ਵਿਦਿਆਰਥੀਆਂ ਲਈ ਵਿਦੇਸ਼ੀ ਸਿੱਖਿਆ ਲਈ ਵੀਜ਼ਾ ਪ੍ਰਾਪਤ ਕਰਨਾ ਮੁਸ਼ਕਿਲ ਬਣਾ ਦਿੱਤਾ ਹੈ। ਸਾਲ 2022 ਵਿੱਚ ਇਹ ਗਿਣਤੀ 5,10,000 ਸੀ। ਦੂਜੇ ਪਾਸੇ ਕੈਨੇਡਾ ਨੇ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਲਾਗੂ ਕੀਤੀਆਂ ਹੋਈਆਂ ਹਨ, ਵਿਦਿਆਰਥੀ ਵੀਜ਼ਾ ਦੀ ਸੀਮਾ ਅਤੇ ਗਾਰੰਟੀਸ਼ੁਦਾ ਨਿਵੇਸ਼ ਸਰਟੀਫਿਕੇਟ ਦੀ ਲੋੜ ਨੂੰ 20,000 ਡਾਲਰ ਤੱਕ ਵਧਾ ਦਿੱਤਾ ਸੀ। ਇਨ੍ਹਾਂ ਤਬਦੀਲੀਆਂ ਨੇ ਮਾਈਗ੍ਰੇਸ਼ਨ ਤਰਜੀਹਾਂ ਵਿੱਚ ਇੱਕ ਤਬਦੀਲੀ ਨੂੰ ਜਨਮ ਦਿੱਤਾ ਹੈ, ਵਧੇਰੇ ਵਿਦਿਆਰਥੀ ਹੁਣ ਯੂਰਪ ਨੂੰ ਇੱਕ ਵਿਹਾਰਕ ਵਿਕਲਪ ਵਜੋਂ ਦੇਖ ਰਹੇ ਹਨ।

ਰਵਾਇਤੀ ਤੌਰ 'ਤੇ ਪੰਜਾਬ ਦੇ ਵਿਦਿਆਰਥੀਆਂ ਲਈ ਸਭ ਤੋਂ ਪ੍ਰਸਿੱਧ ਸਥਾਨ ਅਮਰੀਕਾ, ਕੈਨੇਡਾ, ਯੂ.ਕੇ ਅਤੇ ਆਸਟ੍ਰੇਲੀਆ ਰਹੇ ਹਨ। ਹਾਲਾਂਕਿ, ਇਹਨਾਂ ਦੇਸ਼ਾਂ ਵਿੱਚ ਵੀਜ਼ਾ ਨਿਯਮਾਂ ਦੇ ਸਖ਼ਤ ਹੋਣ ਕਾਰਨ ਪੰਜਾਬ ਤੋਂ ਪਰਵਾਸ ਦੀਆਂ ਬੇਨਤੀਆਂ ਵਿੱਚ ਮਹੱਤਵਪੂਰਨ 60% ਕਮੀ ਆਈ ਹੈ। ਜਰਮਨੀ, ਖਾਸ ਤੌਰ 'ਤੇ, ਇਸਦੇ ਖੋਜ-ਅਧਾਰਿਤ ਪ੍ਰੋਗਰਾਮਾਂ, ਫੀਸਾਂ ਵਿੱਚ ਛੋਟਾਂ ਅਤੇ ਅੰਗਰੇਜ਼ੀ-ਭਾਸ਼ਾ ਦੀਆਂ ਪੇਸ਼ਕਸ਼ਾਂ ਕਾਰਨ ਵਿਗਿਆਨ, ਗਣਿਤ,

(ਬਾਕੀ ਸਫ਼ਾ 30 'ਤੇ)

## 4 ਉਪ ਚੋਣਾਂ ਲਈ ਸਿਆਸੀ ਦਲਾਂ ਦੀ ਅਗਾਊਂ ਤਿਆਰੀ ਸ਼ੁਰੂ

### ਭਾਜਪਾ ਤੇ ਅਕਾਲੀ ਆਗੂਆਂ ਨੇ ਵਰਕਰਾਂ ਨੂੰ ਕੰਮ ਸੌਂਪੇ

ਚੰਡੀਗੜ੍ਹ/ਏ.ਟੀ.ਨਿਊਜ਼ : ਲੱਗਭਗ ਦੋ ਮਹੀਨੇ ਪਹਿਲਾਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਮੌਕੇ ਵਿਧਾਨ ਸਭਾ ਦੇ ਚਾਰ ਹਲਕਿਆਂ ਤੋਂ 'ਆਪ' ਦੇ ਮੀਤ ਹੇਅਰ ਅਤੇ ਡਾ. ਰਾਜ ਕੁਮਾਰ ਦੇ ਸੰਗਰੂਰ ਤੇ ਹੁਸ਼ਿਆਰਪੁਰ ਅਤੇ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਸੁਖਜਿੰਦਰ ਸਿੰਘ ਰੰਧਾਵਾ ਦੇ ਲੋਕ ਸਭਾ 'ਚ ਲੁਧਿਆਣਾ ਤੇ ਗੁਰਦਾਸਪੁਰ ਸੀਟਾਂ ਤੋਂ ਨੁਮਾਇੰਦਗੀ ਕਰਨ ਉਪਰੰਤ ਬਰਨਾਲਾ-ਚੱਬੇਵਾਲ-ਗਿੱਦੜਬਾਹਾ ਤੇ ਡੇਰਾ ਬਾਬਾ ਨਾਨਕ ਹਲਕਿਆਂ ਦੀ ਉਪ ਚੋਣ ਸਿਰ 'ਤੇ ਆ ਗਈ ਹੈ।

ਇਨ੍ਹਾਂ ਵਿਧਾਨ ਸਭਾ ਹਲਕਿਆਂ ਦੀ ਜ਼ਿਮਨੀ ਚੋਣ ਨੂੰ ਸੱਤਾਧਾਰੀ 'ਆਪ', ਵਿਰੋਧੀ ਧਿਰ ਕਾਂਗਰਸ, ਪਾਟੋ-ਧਾੜ ਹੋਈ ਅਤੇ ਅਪਣੀ ਹੋਂਦ ਨੂੰ ਬਚਾਉਣ ਵਿੱਚ ਲੱਗੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਾਲ-ਨਾਲ ਭਗਵਾ ਪਾਰਟੀ ਭਾਜਪਾ ਦੇ ਪ੍ਰਧਾਨਾਂ ਨੇ ਪੱਕੇ ਪੈਰੀਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਹਨ। ਭਾਵੇਂ ਇਨ੍ਹਾਂ ਜ਼ਿਮਨੀ



ਚੋਣਾਂ ਦਾ ਐਲਾਨ ਅਕਤੂਬਰ ਵਿੱਚ ਹੀ ਹੋਣਾਂ ਸੰਭਵ ਹੈ ਪਰ ਹੁਣ ਤੋਂ ਹੀ ਚਹੁੰ ਸਿਆਸੀ ਦਲਾਂ ਨੇ ਇਨ੍ਹਾਂ ਵੱਕਾਰੀ ਹਲਕਿਆਂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਪੰਜਾਬ ਦੇ ਵੋਟਰਾਂ ਦਾ ਮਾਨਸਿਕ ਝੁਕਾਅ ਪਰਖਣ ਦਾ ਮੀਟਰ ਸਮਝ ਲਿਆ ਹੈ। ਇਨ੍ਹਾਂ 4 ਵਿਧਾਨ ਸਭਾ ਹਲਕਿਆਂ ਵਿਚੋਂ 2 ਬਰਨਾਲਾ ਤੇ ਗਿੱਦੜਬਾਹਾ ਮਾਲਵੇ 'ਚ ਪੈਂਦੇ ਹਨ ਅਤੇ ਇਕ ਚੱਬੇਵਾਰ ਦੋਆਬਾ ਤੇ ਦੂਜਾ ਡੇਰਾ ਬਾਬਾ ਨਾਨਕ ਮਾਝੇ ਵਿੱਚ ਪੈਂਦਾ ਹੈ।

ਸੱਤਾਧਾਰੀ 'ਆਪ' ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਵਰਕਰਾਂ, ਵਿਧਾਇਕਾਂ, ਲੀਡਰਾਂ ਤੇ ਮੰਤਰੀਆਂ ਸਮੇਤ ਲੋਕ ਸਭਾ ਮੈਂਬਰਾਂ, ਡਾ. ਰਾਜ ਕੁਮਾਰ, ਮੀਤ ਹੇਅਰ ਅਤੇ ਮਲਵਿੰਦਰ ਸਿੰਘ ਕੰਗ ਦੀ ਡਿਊਟੀ ਵੰਡ ਕੇ ਇਨ੍ਹਾਂ ਚਹੁੰ ਹਲਕਿਆਂ ਦੇ ਪਿੰਡਾਂ ਤੇ ਕਸਬਿਆਂ ਵਿੱਚ ਡੇਰੇ ਲਗਾਉਣ ਦੀ ਲਗਾ ਦਿਤੀ ਹੈ। ਇਹ ਵੀ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਘਰੋ-ਘਰੀਂ ਜਾ ਕੇ ਵੋਟਰਾਂ ਨੂੰ ਪਾਰਟੀ ਵਲ ਖਿੱਚ ਕੇ ਲਿਆਉ। ਭਗਵੰਤ ਸਿੰਘ ਮਾਨ ਨੇ ਗੁਪਤ ਤੌਰ 'ਤੇ ਬਰਨਾਲਾ, ਚੱਬੇਵਾਲ, ਡੇਰਾ ਬਾਬਾ ਨਾਨਕ ਤੇ ਗਿੱਦੜਬਾਹਾ ਵਾਸਤੇ ਵੋਟਰ ਸਰਵੇਖਣ ਫਿਰ ਕਰਵਾਉਣ ਅਤੇ ਹਰ 15 ਦਿਨਾਂ ਬਾਅਦ ਝੁਕਾਅ ਨੂੰ ਪਰਖਣ ਦਾ ਇਸ਼ਾਰਾ ਵੀ ਕੀਤਾ ਹੈ।

ਇਸੇ ਤਰ੍ਹਾਂ ਵਿਰੋਧੀ ਧਿਰ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਰ ਹਫ਼ਤੇ ਮੰਗਲਵਾਰ ਨੂੰ ਰਾਜ ਪੱਧਰੀ, ਜ਼ਿਲ੍ਹਾ ਪੱਧਰੀ ਅਤੇ ਬਲਾਕ ਪੱਧਰ ਦੀਆਂ ਬੈਠਕਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ।

# ਹਾਈਕੋਰਟ ਵੱਲੋਂ ਜੱਗੀ ਦੇ 7 ਕੇਸਾਂ ’ਚ ਜ਼ਮਾਨਤਾਂ ਖ਼ਾਰਜ

## ਇੰਗਲੈਂਡ ਸਰਕਾਰ ਦੀ ਜੱਗੀ ਕੇਸ ’ਚ ਕੋਈ ਦਿਲਚਸਪੀ ਨਹੀਂ

## ਹਾਲ ਦੀ ਘੜੀ ਜੱਗੀ ਦੀ ਰਿਹਾਈ ਅਸੰਭਵ

ਦਿੱਲੀ ਹਾਈ ਕੋਰਟ ਨੇ ਬੀਤੇ ਦਿਨੀਂ ਬ੍ਰਿਟਿਸ਼ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਨੂੰ ਅੱਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਤਹਿਤ ਦਰਜ ਕਈ ਮਾਮਲਿਆਂ ਵਿੱਚ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ।

ਜਸਟਿਸ ਪ੍ਰਤਿਭਾ ਐਮ ਸਿੰਘ ਦੀ ਅਗਵਾਈ ਵਾਲੇ ਬੈਂਚ ਨੇ 2016-2017 ਵਿੱਚ ਪੰਜਾਬ ਦੇ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਕਥਿਤ ਟਾਰਗੇਟ ਕਿਲਿੰਗ ਅਤੇ ਕਤਲ ਦੀਆਂ ਕੋਸ਼ਿਸ਼ਾਂ ਦੇ ਸਬੰਧ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦੁਆਰਾ ਜਾਂਚ ਕੀਤੇ ਜਾ ਰਹੇ ਸੱਤ ਮਾਮਲਿਆਂ ਵਿੱਚ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਜੌਹਲ ਵੱਲੋਂ ਹੇਠਲੀ ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਦਾਇਰ ਖਾਰਜ ਕਰ ਦਿੱਤਾ ਗਿਆ।

ਅਦਾਲਤ ਨੇ ਕਿਹਾ ਕਿ ਇਹ ਜਾਂਚ ਪੰਜਾਬ ਪੁਲਿਸ ਤੋਂ ਐਨ.ਆਈ.ਏ. ਨੂੰ ਸੌਂਪ ਦਿੱਤੀ ਗਈ ਸੀ ਕਿਉਂਕਿ ਉਸ ਨੇ ਇਹ ਪਛਾਣ ਕੀਤੀ ਸੀ ਕਿ ਇਹ ਅਪਰਾਧ ਸੂਬੇ ’ਚ ‘ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਅਸਥਿਰ ਕਰਨ’ ਦੇ ਉਦੇਸ਼ ਨਾਲ ਇਕ ਕੌਮਾਂਤਰੀ ਸਾਜ਼ਿਸ਼ ਦਾ ਹਿੱਸਾ ਸਨ।ਕੋਰਟ ਨੇ ਐਨਆਈਏ ਦੇ ਬਿਆਨ ਨੂੰ ਸੱਚ ਵਜੋਂ ਪ੍ਰਵਾਨ ਕਰ ਲਿਆ ਹੈ,ਜਿਸ ਕਰਕੇ ਜੋਗੀ ਨੂੰ ਇਨਸਾਫ ਮਿਲਣਾ ਔਖਾ ਹੋ ਗਿਆ ਹੈ।

ਪਟੀਸ਼ਨਾਂ ਦਾ ਵਿਰੋਧ ਕਰਦਿਆਂ ਐਨ.ਆਈ.ਏ. ਨੇ ਦਾਅਵਾ ਕੀਤਾ ਕਿ ਜੌਹਲ, ਜਿਸ ਨੂੰ ਨਵੰਬਰ 2017 ’ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐਲ.ਐਫ.) ਦਾ ‘ਬਹੁਤ ਕੱਟੜਪੰਥੀ’ ਅਤੇ ‘ਸਰਗਰਮ ਮੈਂਬਰ’ ਸੀ।

ਇਹ ਦੋਸ਼ ਲਾਇਆ ਗਿਆ ਸੀ ਕਿ ਮੁੱਖ ਸਾਜ਼ਸ਼ਕਰਤਾਵਾਂ ਵਿਚੋਂ ਇੱਕ ਹੋਣ ਦੇ ਨਾਤੇ, ਮੁਲਜ਼ਮ ਨੇ ਫੰਡ ਮੁਹੱਈਆ ਕਰਵਾਏ ਜਿਨ੍ਹਾਂ ਦੀ ਵਰਤੋਂ ਦੋਵੇਂ ਨਿਸ਼ਾਨੇਬਾਜ਼ ਖਾੜਕੂਆਂ ਨੇ ਹਥਿਆਰ ਖਰੀਦਣ ਲਈ ਕੀਤੀ। ਬੈਂਚ ਵਿੱਚ ਜਸਟਿਸ ਅਮਿਤ ਸ਼ਰਮਾ ਵੀ ਸ਼ਾਮਲ ਸਨ। ਬੈਂਚ ਨੇ ਕਾਨੂੰਨ ਦੇ ਤਹਿਤ ਮਨਜ਼ੂਰ ਮਿਆਦ ਤੋਂ ਵੱਧ ਦਾਇਰ ਕੀਤੀਆਂ ਪੰਜ ਅਪੀਲਾਂ ਨੂੰ ਖਾਰਜ ਕਰ ਦਿੱਤਾ। ਬਾਕੀ ਦੋ ਮਾਮਲਿਆਂ ’ਚ ਬੈਂਚ ਨੇ ਮੈਰਿਟ ਦੇ ਆਧਾਰ ’ਤੇ ਅਪੀਲਾਂ ਖਾਰਜ ਕਰ ਦਿੱਤੀਆਂ ਸਨ।

ਇਹ ਦੋਵੇਂ ਮਾਮਲੇ ਜਨਵਰੀ 2017 ਵਿੱਚ ਲੁਧਿਆਣਾ ਵਿੱਚ ਸ਼੍ਰੀ ਹਿੰਦੂ ਤਖ਼ਤ ਦੇ ਪ੍ਰਧਾਨ ਅਮਿਤ ਸ਼ਰਮਾ ਦੇ ਕਥਿਤ ਕਤਲ ਅਤੇ ਅਗਸਤ 2016 ਵਿੱਚ ਜਲੰਧਰ ਵਿੱਚ ਆਰ.ਐਸ.ਐਸ. ਪੰਜਾਬ ਦੇ ਮੀਤ ਪ੍ਰਧਾਨ ਜਗਦੀਸ਼ ਕੁਮਾਰ ਗਗਨੇਜਾ ਦੇ ਕਤਲ ਦੀ ਕਥਿਤ ਕੋਸ਼ਿਸ਼ ਨਾਲ ਸਬੰਧਿਤ ਹਨ।

ਯਾਦ ਰਹੇ ਪਿਛਲੇ ਸਾਲ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਨ੍ਹਾਂ ਨੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਚੁੱਕਿਆ ਸੀ ਪਰ ਭਾਰਤ ਸਰਕਾਰ ਨੇ ਇਸ ਬਾਰੇ ਕੋਈ ਰੁਚੀ ਨਹੀਂ ਦਿਖਾਈ। ਨਾ ਹੀ ਇੰਗਲੈਂਡ ਸਰਕਾਰ ਨੇ ਇਸ ਕੇਸ ਵਿੱਚ ਦਿਲਚਸਪੀ ਲਈ ਹੈ।



### ਕੌਣ ਹਨ ਜੱਗੀ ?

ਸਕਾਟਲੈਂਡ ਦੇ ਰਹਿਣ ਵਾਲੇ ਜਗਤਾਰ ਸਿੰਘ ਨੂੰ 2017 ਵਿੱਚ ਭਾਰਤੀ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਲੈ ਕੇ ਉਹ ਹੁਣ ਤੱਕ ਭਾਰਤੀ ਜੇਲ੍ਹ ਵਿੱਚ ਬੰਦ ਹਨ। 36 ਸਾਲਾ ਜਗਤਾਰ ਸਿੰਘ ਜੌਹਲ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਕਾਰਕੁਨ ਸਨ, ਉਹ ਅਕਤੂਬਰ 2017 ਨੂੰ ਭਾਰਤ ਵਿੱਚ ਵਿਆਹ ਕਰਵਾਉਣ ਲਈ ਆਏ ਸਨ।

ਉਹ ਆਪਣੀ ਪਤਨੀ ਨਾਲ ਬਾਜ਼ਾਰ ਵਿੱਚ ਖ਼ਰੀਦਦਾਰੀ ਕਰ ਰਹੇ ਸਨ ਜਦੋਂ ਉਨ੍ਹਾਂ ਨੂੰ ਆਮ ਕੱਪੜਿਆਂ ਵਿੱਚ ਆਈ ਪੰਜਾਬ ਪੁਲਿਸ ਵੱਲੋਂ ਆਪਣੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ।

ਦਰਅਸਲ, ਰਿਸ਼ੀ ਸੁਨਕ ਉੱਤੇ ਇੰਗਲੈਂਡ ਦੇ ਸਿੱਖਾਂ ਵਲੋਂ ਦਬਾਅ ਪਾਇਆ ਗਿਆ ਸੀ ਕਿ ਉਹ ਡੰਬਰਟਨ ਦੇ ਰਹਿਣ ਵਾਲੇ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਸਾਹਮਣੇ ਚੁੱਕਣ। ਜਗਤਾਰ ਸਿੰਘ ਦੇ ਪਰਿਵਾਰ ਵੱਲੋਂ ਇਹ ਇਲਜ਼ਾਮ ਲਗਾਏ ਜਾ ਰਹੇ ਹਨ ਉਨ੍ਹਾਂ ਉੱਤੇ ਹਿਰਾਸਤ ਵਿੱਚ ਤਸ਼ੱਦਦ ਕੀਤਾ ਗਿਆ ਹੈ। ਇਸ ਸਿਲਸਿਲੇ ਵਿਚ ਕੁੱਲ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸੁਨਕ ਨੂੰ ਇੱਕ ਪੱਤਰ ਲਿਖ ਕੇ ਵੀ ਇਸ ਮਾਮਲੇ ਵਿੱਚ ਦਖ਼ਲ ਦੇਣ ਲਈ ਕਿਹਾ ਸੀ। ਪਰ ਬ੍ਰਿਟੇਨ ਦੇ ਪ੍ਰਵਾਸੀ ਮਾਮਲਿਆਂ ਬਾਰੇ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਦਖ਼ਲ ਦੇਣ ਬਾਰੇ ਇਨਕਾਰ ਕਰ ਦਿੱਤਾ ਸੀ।ਹਾਲਾਂਕਿ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲਬਾਤ ਤੋਂ ਬਾਅਦ ਸੁਨਕ ਨੇ ਕਿਹਾ ਕਿ ਉਨ੍ਹਾਂ ਨੇ ਹੋਰ ‘ਕੌਂਸੂਲਰ’ ਮਸਲਿਆਂ ਦੇ ਨਾਲ ਇਸ ਕੇਸ ਬਾਰੇ ਵੀ ਗੱਲ ਕੀਤੀ ਹੈ। ਵਿਦੇਸ਼ੀ ਮੰਤਰਾਲੇ ਵੱਲੋਂ ਜੌਹਲ ਦੇ ਪਰਿਵਾਰ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਇਹ ਜਾਰੀ ਰਹੇਗੀ।

ਇਸ ਤੋਂ ਜ਼ਾਹਿਰ ਹੈ ਕਿ ਸੁਨਕ ਸਰਕਾਰ ਨੇ ਇਸ ਕੇਸ ਬਾਰੇ ਕੋਈ ਦਿਲਚਸਪੀ ਨਹੀਂ ਦਿਖਾਈ। ਜਗਤਾਰ ਸਿੰਘ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੋ ਕਿ ਇੱਕ ਵਕੀਲ ਹਨ ਅਤੇ ਲੇਬਰ ਪਾਰਟੀ ਵੱਲੋਂ ਕਾਊਂਸਲਰ ਹਨ, ਨੇ ਸੁਨਕ ਉੱਤੇ ਇਹ ਇਲਜ਼ਾਮ ਲਾਏ ਕਿ ਉਹ ਜੌਹਲ ਨੂੰ ‘ਜੇਲ੍ਹ ਵਿੱਚ ਸੜਨ’ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਗਤਾਰ ਸਿੰਘ ਜੌਹਲ ਇੱਕ ਸਰਗਰਮ ਬਲੌਗਰ ਅਤੇ ਸਿੱਖ ਮਨੁੱਖੀ ਅਧਿਕਾਰਾਂ ਦੇ ਪ੍ਰਚਾਰਕ (ਕੈਂਪੇਨੇਰ) ਸਨ। ਇਸ ਨੇ ਜੌਹਲ ਨੂੰ ਭਾਰਤੀ ਅਧਿਕਾਰੀਆਂ ਦੀ ਨਜ਼ਰ ਵਿੱਚ ਲਿਆਂਦਾ ਸੀ।

## ਆਸਟ੍ਰੇਲੀਆ ਨੇ ਗਾਜ਼ਾ ਲਈ ਮਾਨਵਤਾਵਾਦੀ ਸਹਾਇਤਾ ਦੀ ਕੀਤੀ ਘੋਸ਼ਣਾ

ਕੈਨਬਰਾ/ਏ.ਟੀ.ਨਿਊਜ਼: ਆਸਟ੍ਰੇਲੀਆ ਸਰਕਾਰ ਨੇ ਗਾਜ਼ਾ ਲਈ ਵਾਧੂ ਮਾਨਵੀ ਸਹਾਇਤਾ ਦਾ ਐਲਾਨ ਕੀਤਾ ਹੈ। ਸਿਨਹੂਆ ਸਮਾਚਾਰ ਏਜੰਸੀ ਅਨੁਸਾਰ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਪੈਨੀ ਵੋਂਗ ਅਤੇ ਅੰਤਰਰਾਸ਼ਟਰੀ ਵਿਕਾਸ ਅਤੇ ਪ੍ਰਸ਼ਾਂਤ ਮੰਤਰੀ ਪੈਟ ਕੋਨਰੋਏ ਨੇ ਦੱਸਿਆ ਕਿ ਆਸਟ੍ਰੇਲੀਆ ਗਾਜ਼ਾ ਵਿੱਚ ਚੱਲ ਰਹੇ ਮਨੁੱਖੀ ਸੰਕਟ ਦੇ ਜਵਾਬ ਵਿੱਚ ਵਾਧੂ 10 ਮਿਲੀਅਨ ਆਸਟ੍ਰੇਲੀਅਨ ਡਾਲਰ (6.8 ਮਿਲੀਅਨ ਡਾਲਰ) ਪ੍ਰਦਾਨ ਕਰੇਗਾ।



ਉਸਨੇ ਅੱਗੇ ਕਿਹਾ ਕਿ ਤੇਜ਼, ਸੁਰੱਖਿਅਤ ਅਤੇ ਨਿਰਵਿਘਨ ਮਾਨਵਤਾਵਾਦੀ ਰਾਹਤ ਨਾਗਰਿਕਾਂ ਤੱਕ ਪਹੁੰਚਣੀ ਚਾਹੀਦੀ ਹੈ ਅਤੇ ਸਹਾਇਤਾ ਕਰਮਚਾਰੀਆਂ ਨੂੰ ਉਨ੍ਹਾਂ ਦੇ ਜੀਵਨ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ। ਵੋਂਗ ਨੇ ਅੱਗੇ ਕਿਹਾ, ‘ਅਸੀਂ ਜੰਗਬੰਦੀ, ਨਾਗਰਿਕਾਂ ਦੀ ਸੁਰੱਖਿਆ ਅਤੇ ਬੰਧਕਾਂ ਦੀ ਰਿਹਾਈ ਲਈ ਦਬਾਅ ਜਾਰੀ ਰੱਖਦੇ ਹਾਂ।’ ਗਾਜ਼ਾ ਵਿੱਚ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਆਸਟ੍ਰੇਲੀਆ ਦੁਆਰਾ ਵਚਨਬੱਧ ਫੰਡ ਦੀ ਕੁੱਲ ਰਕਮ 82.5 ਮਿਲੀਅਨ ਆਸਟ੍ਰੇਲੀਆਈ ਡਾਲਰ (56.2 ਮਿਲੀਅਨ ਅਮਰੀਕੀ ਡਾਲਰ) ਤੱਕ ਬਣਦੀ ਹੈ।

# ਹੁਣ ਆਸਟ੍ਰੇਲੀਆ ’ਚ ਘੁੰਮਣ ਜਾਣ ਵਾਲੇ ਭਾਰਤੀਆਂ ਨੂੰ ਮਿਲੇਗਾ ਉਥੇ ਕੰਮ ਕਰਨ ਦਾ ਮੌਕਾ

## ਆਸਟ੍ਰੇਲੀਆ ਸਰਕਾਰ ਨੇ ਭਾਰਤੀਆਂ ਲਈ ਸ਼ੁਰੂ ਕੀਤਾ ‘ਵਰਕ ਐਂਡ ਹੋਲੀਡੇ ਵੀਜ਼ਾ’

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਵਾਸੀਆਂ ਲਈ ਆਸਟ੍ਰੇਲੀਆ ’ਚ ਕੰਮ ਕਰਨ ਦੇ ਨਵੇਂ ਰਸਤੇ ਖੁੱਲ੍ਹ ਗਏ ਹਨ। ਹੁਣ ਆਸਟ੍ਰੇਲੀਆ ਜਾ ਕੇ ਘੁੰਮਣ ਦੇ ਨਾਲ ਕੰਮ ਵੀ ਕੀਤਾ ਜਾ ਸਕਦਾ ਹੈ। ਇਸ ਨੂੰ ਵਰਕ ਐਂਡ ਹੋਲੀਡੇ ਵੀਜ਼ਾ ਜਾਂ ਬੈਕਪੈਕਰ ਵੀਜ਼ਾ ਵੀ ਕਿਹਾ ਜਾ ਰਿਹਾ ਹੈ। ਇਹ ਵੀਜ਼ਾ 12 ਮਹੀਨਿਆਂ ਲਈ ਆਸਟ੍ਰੇਲੀਆ ’ਚ ਰਹਿਣ ਦੀ ਇਜਾਜ਼ਤ ਦਿੰਦਾ ਹੈ। ਇਹ ਵੀਜ਼ਾ ਵਿੱਤੀ ਵਰ੍ਹੇ 2024-25 ਦੌਰਾਨ ਸ਼ੁਰੂ ਕੀਤਾ ਜਾਵੇਗਾ। ਵੀਜ਼ਾ ਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ




ਇਸ ਦੌਰਾਨ ਵੱਖ-ਵੱਖ ਨੌਕਰੀਆਂ ਕਰ ਸਕਦਾ ਹੈ, ਪਰ ਹਰ ਨੌਕਰੀ ਵਿੱਚ ਵੱਧ ਤੋਂ ਵੱਧ 6 ਮਹੀਨੇ ਕੰਮ ਕੀਤਾ ਜਾ ਸਕਦਾ ਹੈ। ਤੁਸੀਂ ਇਸ ਵੀਜ਼ੇ ਦੇ ਤਹਿਤ 4 ਮਹੀਨਿਆਂ ਤੱਕ ਕੋਈ ਕੋਰਸ ਜਾਂ ਪੜ੍ਹਾਈ ਵੀ ਕਰ ਸਕਦੇ ਹੋ, ਜਿਸ ਨਾਲ ਤੁਸੀਂ ਕੋਈ ਨਵੀਂ ਕਲਾਂ ਜਾਂ ਹੁਨਰ ਸਿੱਖ ਸਕਦੇ ਹੋ। ਆਸਟ੍ਰੇਲੀਆ-ਭਾਰਤ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ (ਏ.ਆਈ.-ਈ.ਸੀ.ਟੀ.ਏ.) ਦੇ ਤਹਿਤ ਹਰ ਸਾਲ 1,000 ਭਾਰਤੀ ਨਾਗਰਿਕਾਂ ਨੂੰ ਇਸ ਵੀਜ਼ਾ ਲਈ ਅਰਜ਼ੀ ਦੇਣ ਦਾ ਮੌਕਾ ਮਿਲੇਗਾ। 18 ਤੋਂ 30 ਸਾਲ ਦੀ ਉਮਰ ਦੇ ਯੋਗ ਭਾਰਤੀ ਨਾਗਰਿਕ ਇੱਕ ਸਾਲ ਲਈ ਆਸਟ੍ਰੇਲੀਆ ਜਾ ਸਕਦੇ ਹਨ, ਥੋੜ੍ਹੇ ਸਮੇਂ ਲਈ ਕੰਮ ਕਰ ਸਕਦੇ ਹਨ ਅਤੇ ਅਪਣੇ ਠਹਿਰਨ ਦੌਰਾਨ ਪੜ੍ਹਾਈ ਕਰ ਸਕਦੇ ਹਨ। ਆਸਟ੍ਰੇਲੀਆ ਸਰਕਾਰ ਨੇ ਇਸ ਉੱਚ ਮੰਗ ਵਾਲੇ ਵਰਕ ਐਂਡ ਹੋਲੀਡੇ (ਸਬਕਲਾਸ 462) ਵੀਜ਼ਾ ਅਰਜ਼ੀਆਂ ਲਈ ਇੱਕ ਨਵੀਂ ਵੀਜ਼ਾ ਪ੍ਰੀ-ਐਪਲੀਕੇਸ਼ਨ ਪ੍ਰਕਿਰਿਆ ਦਾ ਐਲਾਨ ਕੀਤਾ ਹੈ, ਜਿਸ ਨੂੰ ਆਮ ਤੌਰ ’ਤੇ ‘ਲਾਟਰੀ’ ਕਿਹਾ ਜਾਂਦਾ ਹੈ। ਇਸ ਪ੍ਰਣਾਲੀ ਦਾ ਉਦੇਸ਼ ਬਿਨੈਕਾਰਾਂ ਦੀ ਚੋਣ ਕਰਨ ਲਈ ਇਕ ਨਿਰਪੱਖ, ਸਰਲ ਅਤੇ ਪਾਰਦਰਸ਼ੀ ਢੰਗ ਬਣਾਉਣਾ ਹੈ ਜਿੱਥੇ ਮੰਗ ਉਪਲਬਧ ਸਥਾਨਾਂ ਦੀ ਗਿਣਤੀ ਤੋਂ ਕਾਫ਼ੀ ਵੱਧ ਹੈ।

(ਬਾਕੀ ਸਫ਼ਾ 31 ’ਤੇ)

# ਡਰਬੀ ਸ਼ਹਿਰ ਵਿੱਚ ਸਿਟੀ ਕੌਂਸਲ ਵੱਲੋਂ ਸਿੱਖ ਨਸਲਕੁਸ਼ੀ ਦਾ ਮਤਾ ਪਾਸ

## ਪੁਰੇਵਾਲ ਨੇ ਕਿਹਾ ਕਿ ਸਾਰੇ ਸ਼ਹਿਰਾਂ ਵਿੱਚ ਮਤਾ ਪਾਸ ਕਰਕੇ ਯੂ.ਐਨ. ਓ. ਨੂੰ ਭੇਜਿਆ ਜਾਵੇ

ਡਰਬੀ/ਏ.ਟੀ.ਨਿਊਜ਼ : ਇੰਗਲੈਂਡ ਦੇ ਡਰਬੀ ਸ਼ਹਿਰ ਵਿੱਚ ਸਿਟੀ ਕੌਂਸਲ ਵਲੋਂ ਸਿੱਖ ਨਸਲਕੁਸ਼ੀ ਦਾ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਇਸ ਦੀ ਅਗਵਾਈ ਕੌਂਸਲਰ ਅਜੀਤ ਸਿੰਘ ਅਟਵਾਲ ਲਿਬਰਲ ਡੈਮੋਕਰੇਟ, ਕੌਂਸਲਰ ਬਲਬੀਰ ਸਿੰਘ ਸੰਧੂ ਲੇਬਰ ਪਾਰਟੀ ਨੇ 51 ਮੈਂਬਰਾਂ ਦੇ ਸਹਿਯੋਗ ਨਾਲ ਕੀਤੀ। ਇਸ ਮਤੇ ਦੇ ਹੱਕ ਵਿੱਚ 91 ਪ੍ਰਤੀਸ਼ਤ ਵੋਟਾਂ ਪਈਆਂ। ਸਿੱਖ ਨਸਲਕੁਸ਼ੀ ਵਿੱਚ ਸਿੱਖ ਘਲੂਘਾਰਾ ਜੂਨ 84, ਸਿੱਖ ਕਤਲੇਆਮ ਨਵੰਬਰ 84, ਪੰਜਾਬ ਸੰਤਾਪ ਦੇ ਦੌਰ ਦੇ ਝੂਠੇ ਪੁਲਿਸ ਮੁਕਾਬਲੇ, ਲਾਵਾਰਿਸ ਲਾਸ਼ਾਂ ਦੇ ਕੇਸ ਸ਼ਾਮਲ ਹਨ।

ਸਿੰਘ ਸਭਾ ਡਰਬੀ ਦੇ ਪ੍ਰਧਾਨ ਰਘਬੀਰ ਸਿੰਘ, ਰਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਹੋਲੋਕਾਸਟ ਮਿਊਜ਼ੀਅਮ ਡਰਬੀ, ਗੁਰੂ ਅਰਜਨ ਦੇਵ ਗੁਰਦੁਆਰਾ ਦੇ ਪ੍ਰਧਾਨ ਜਸਬੀਰ ਸਿੰਘ ਢਿੱਲੋਂ, ਰਣਜੀਤ ਸਿੰਘ ਸ਼ੀਰਾ ਜਨਰਲ ਸਕੱਤਰ ਰਾਮਗੜ੍ਹੀਆ ਗੁਰਦੁਆਰਾ, ਖ਼ਾਲਸਾ ਦਰਬਾਰ ਵਲੋਂ ਹਰਦਿਆਲ ਸਿੰਘ ਧਮਰੋਟ, ਗੁਰੂ ਰਵਿਦਾਸ ਗੁਰਦੁਆਰਾ ਦੇ ਸੁਰਿੰਦਰ ਕੁਮਾਰ ਨੇ ਇਸ ਮਤੇ ਨੂੰ ਇਤਿਹਾਸਕ ਦਸਦਿਆਂ ਇਸ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਇੰਗਲੈਂਡ ਦੀਆਂ ਸਭ ਸਿਟੀ ਕੌਂਸਲਾਂ ਨੂੰ ਇਹ ਮਤਾ ਪਾਸ ਕਰਵਾਉਣ ਦਾ ਉਦਮ ਕਰਨਾ ਚਾਹੀਦਾ ਹੈ ਤੇ ਇਸ ਨੂੰ ਯੂ. ਐਨ. ਓ. ਵਿੱਚ ਭੇਜਣਾ ਚਾਹੀਦਾ ਹੈ। ਪੁਰੇਵਾਲ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਦਾ ਫ਼ਰਜ਼ ਬਣਦਾ ਹੈ ਕਿ 1984 ਦੇ ਮਹਾਂ-ਦੁਖਾਂਤ ਨੂੰ ‘ਸਿੱਖ ਨਸਲਕੁਸ਼ੀ’ ਵਜੋਂ ਸਵੀਕਾਰ ਕੀਤਾ ਜਾਣਾ ਚਾਹੀਦਾ।

ਇਸ ਨਸਲਕੁਸ਼ੀ ਖ਼ਿਲਾਫ਼ ਇੰਗਲੈਂਡ ਦੀ ਪਾਰਲੀਮੈਂਟ ’ਚ ਮਤਾ ਉਸੇ ਤਰਜ਼ ’ਤੇ ਪਾਸ ਕਰੇ, ਜਿਵੇਂ ਚੀਨ ਵਿੱਚ ਘੱਟ-ਗਿਣਤੀ ਉਈਗਰ ਮੁਸਲਿਮ ਭਾਈਚਾਰੇ ਦੀ ਨਸਲਕੁਸ਼ੀ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕੌਮਾਂਤਰੀ ਪੱਧਰ ’ਤੇ ਇਸ ਮਹਾਂ ਦੁਖਾਂਤ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਜ਼ਰੂਰੀ ਹੈ। ਪੁਰੇਵਾਲ ਨੇ ਇਹ ਵੀ ਕਿਹਾ ਕਿ ਇੰਗਲੈਂਡ ਸਰਕਾਰ ਜੂਨ 1984 ਦੇ ਖ਼ੂਨੀ ਸਾਕੇ ਨਾਲ ਸਬੰਧਤ ਸਾਰੇ ਖ਼ੁਫ਼ੀਆ ਦਸਤਾਵੇਜ਼ ਰਿਲੀਜ਼ ਕਰਵਾ ਕੇ ਘਟਨਾ ਦੀ ਪੂਰੀ ਜਾਂਚ ਕੀਤੀ ਜਾਵੇ ਤੇ ਦੱਖਣੀ ਅਫ਼ਰੀਕਾ ਦੀ ਤਰਜ਼ ਉੱਤੇ ਟਰੁੱਥ ਕਮਿਸ਼ਨ ਬਣਾਇਆ ਜਾਵੇ।

ਪੰਥਕ ਆਗੂ ਭਾਈ ਜੋਗਾ ਸਿੰਘ, ਮਨਪ੍ਰੀਤ ਸਿੰਘ ਖ਼ਾਲਸਾ ਨੇ ਇਸ ਮਤੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ ,ਚੀਨ ਨੂੰ ਇਸ ਸਬੰਧੀ ਸਿੱਖਾਂ ਦੇ ਹੱਕ ਵਿੱਚ ਸਟੈਂਡ ਲੈਣਾ ਚਾਹੀਦਾ ਹੈ ਤੇ ਜਾਬਰਾਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇੰਗਲੈਂਡ ਸਰਕਾਰ ਜੂਨ 84 ਬਾਰੇ ਛੁਪੇ ਦਸਤਾਵੇਜ਼ ਨੂੰ ਸਾਹਮਣੇ ਲਿਆਵੇ ਕਿ ਦਰਬਾਰ ਸਾਹਿਬ ਫ਼ੌਜੀ ਹਮਲੇ ਵਿੱਚ ਇੰਗਲੈਂਡ ਸਰਕਾਰ ਦੀ ਕੀ ਭੂਮਿਕਾ ਸੀ। ਉਨ੍ਹਾਂ ਕਿਹਾ ਕਿ ਬ੍ਰਿਟੇਨ ਵਿੱਚ ਸਰਕਾਰੀ ਗੁਪਤ ਸੂਚੀ ਤੋਂ ਹਟਾਏ ਗਏ ਦਸਤਾਵੇਜ਼ਾਂ ਦੇ ਆਧਾਰ ’ਤੇ ਇਹੀ ਕਿਹਾ ਜਾ ਰਿਹਾ ਹੈ ਕਿ ਜੂਨ 1984 ਵਿੱਚ ‘ਅਪਰੇਸ਼ਨ ਬਲਿਊ ਸਟਾਰ’ ਦੀ ਯੋਜਨਾ ਲਈ ਮਾਰਗਰੇਟ ਥੈਚਰ ਦੀ ਸਰਕਾਰ ਦੁਆਰਾ ਬ੍ਰਿਟੇਨ ਦੀ ਸਪੈਸ਼ਲ ਏਅਰਫੋਰਸ ਦੇ ਅਧਿਕਾਰੀਆਂ ਨੂੰ ਭਾਰਤੀ ਫ਼ੌਜ ਦੀ ਮਦਦ ਲਈ ਭੇਜਿਆ ਗਿਆ ਸੀ। ਇੰਗਲੈਂਡ ਦੀ ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਪ੍ਰਿੰਸੀਪਲ ਨਿੱਜੀ ਸਕੱਤਰ ਅਤੇ ਬ੍ਰਿਟਿਸ਼ ਵਿਦੇਸ਼ ਸਕੱਤਰ ਦੇ ਪ੍ਰਿੰਸੀਪਲ ਨਿੱਜੀ ਸਕੱਤਰ ਦਰਮਿਆਨ 6 ਫਰਵਰੀ ਅਤੇ 23 ਫਰਵਰੀ 1984 ਨੂੰ ਹੋਏ ਖ਼ਤੋ-ਖਿਤਾਬਤ ਸਬੰਧੀ ਪ੍ਰਾਪਤ ਹੋਈਆਂ ਦੋ ਚਿੱਠੀਆਂ ਤੋਂ ਇਹ ਮਾਮਲਾ ਉਜਾਗਰ ਹੋਇਆ ਸੀ ਕਿ ਇੰਗਲੈਂਡ ਨੇ ਦਰਬਾਰ ਸਾਹਿਬ ’ਤੇ ਫ਼ੌਜੀ ਕਾਰਵਾਈ ਦੀ ਯੋਜਨਾ ਵਿੱਚ ਭਾਰਤ ਸਰਕਾਰ ਦੀ ਸਹਾਇਤਾ ਕੀਤੀ ਸੀ। ਇਨ੍ਹਾਂ ਚਿੱਠੀਆਂ ਤੋਂ ਇਲਾਵਾ ਇਸ ਮੁੱਦੇ ’ਤੇ ਤਿੰਨ ਹੋਰ ਚਿੱਠੀਆਂ ਲਿਖੇ ਜਾਣ ਦੇ ਵੀ ਸੰਕੇਤ ਮਿਲੇ ਸਨ ਜਿਹੜੀਆਂ ਅਜੇ ਜਨਤਕ ਨਹੀਂ ਹੋਈਆਂ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ ਸ੍ਰੀਮਤੀ ਥੈਚਰ ਨੇ ਸਾਕਾ ਨੀਲਾ ਤਾਰਾ ਦੇ ਮਾਮਲੇ ਵਿੱਚ ਭਾਰਤ ਸਰਕਾਰ ਦੀ ਮਦਦ ਲਈ ਇੰਗਲੈਂਡ ਦੀ ਅਤਿਵਾਦ ਵਿਰੋਧੀ ਸਪੈਸ਼ਲ ਫੋਰਸ (ਐੱਸ.ਏ.ਐੱਸ.) ਨੂੰ ਅਖਤਿਆਰ ਦਿੱਤਾ ਸੀ ਅਤੇ ਇਸ ਫੋਰਸ ਦੇ ਮਾਹਿਰ ਨੇ ਨਵੀਂ ਦਿੱਲੀ ਦਾ ਦੌਰਾ ਕਰ ਕੇ ਭਾਰਤੀ ਅਧਿਕਾਰੀਆਂ ਨੂੰ ਦਰਬਾਰ ਸਾਹਿਬ ਉੱਤੇ ਕਬਜ਼ੇ ਦੀ ਵਿਉਂਤਬੰਦੀ ਬਾਰੇ ਸਲਾਹ ਦਿੱਤੀ ਸੀ। ਇਹ ਅਸਲ ਵਿੱਚ ਇੰਦਰਾ ਗਾਂਧੀ ਦੀ ਕੂਟਨੀਤੀ ਤੇ ਸਿੱਖ ਨਸਲਕੁਸ਼ੀ ਦਾ ਹਿਸਾ ਸੀ। ਇਹ ਭੇਦ ਇੰਗਲੈਂਡ ਸਰਕਾਰ ਖੋਲੇ ਸਨ।

# ਹਰਿਆਣਾ ਚੋਣਾਂ: ਫਿਰਕੂ ਮੁੱਦੇ ਹੀ ਖੋਲ੍ਹਦੇ ਹਨ ਵੱਡੀਆਂ ਵੋਟਾਂ ਦੇ ਤਾਲੇ

ਹਰਿਆਣਾ 'ਚ ਵਿਧਾਨ ਸਭਾ ਚੋਣਾਂ ਸਬੰਧੀ ਚੋਣ ਪ੍ਰਚਾਰ ਦਿਨੋਂ ਦਿਨ ਤੇਜ਼ ਹੋ ਰਿਹਾ ਹੈ। ਚੋਣ ਪ੍ਰਚਾਰ 'ਚ ਇੱਕੋ ਸਮੇਂ ਕਈ ਮੁੱਦੇ ਚੱਲ ਰਹੇ ਹਨ। ਅਸਲ ਵਿੱਚ ਨਵੇਂ ਮੁੱਦੇ ਸਿਆਸੀ ਪਾਰਟੀਆਂ ਵੱਲੋਂ ਉਛਾਲੇ ਜਾ ਰਹੇ ਹਨ। ਕੁਝ ਸਿਆਸੀ ਪਾਰਟੀਆਂ ਹੋਰ ਨਵੇਂ ਮੁੱਦੇ ਵੀ ਲਿਆਉਣ ਦੀ ਤਿਆਰੀ ਵਿੱਚ ਹਨ। ਹੋ ਸਕਦਾ ਹੈ ਕਿ ਇਹਨਾਂ ਵਿੱਚੋਂ ਜ਼ਿਆਦਾਤਰ ਮੁੱਦੇ ਫਿਰਕੂ ਹੋਣ ਕਿਉਂਕਿ ਫਿਰਕੂ ਮੁੱਦੇ ਹੀ ਵੱਡੀਆਂ ਵੋਟਾਂ ਦੇ ਤਾਲੇ ਖੋਲ੍ਹਦੇ ਹਨ।

## ਆਉਣ ਵਾਲੇ ਦਿਨਾਂ ਵਿੱਚ ਮੌਸਮ ਹੋਵੇਗਾ ਠੰਡਾ ਪਰ ਮਿਜ਼ਾਜ ਗਰਮ





ਆਉਣ ਵਾਲੇ ਦਿਨਾਂ ਦੌਰਾਨ ਮੌਸਮ ਚਾਹੇ ਕੁਝ ਠੰਡਾ ਹੋ ਸਕਦਾ ਹੈ, ਪਰ ਮਿਜ਼ਾਜ ਗਰਮ ਹੈ। ਭਾਜਪਾ ਖੁਸ਼ ਅਤੇ ਉਤਸੁਕ ਹੈ ਕਿਉਂਕਿ ਉਹ ਭਾਰਤ ਵਿੱਚ ਤੀਜੀ ਵਾਰ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਹੈ। ਹੁਣ ਭਾਜਪਾ ਚਾਹੁੰਦੀ ਹੈ ਕਿ ਹਰਿਆਣਾ ਵਿੱਚ ਉਹ ਤੀਜੀ ਵਾਰ ਸਰਕਾਰ ਬਣਾ ਕੇ ਹੈਟ੍ਰਿਕ ਮਾਰੇ।

ਕਾਂਗਰਸ ਇਸ ਲਈ ਉਤਸ਼ਾਹਿਤ ਹੈ ਕਿਉਂਕਿ ਉਹ ਭਾਰਤ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਉਭਰ ਚੁੱਕੀ ਹੈ। ਹਰਿਆਣਾ ਵਿੱਚ ਇਸ ਸਮੇਂ ਲੋਕਾਂ ਵਿੱਚ ਸੱਤਾ ਵਿੱਚ ਬਦਲਾਓ ਦੀ ਭਾਵਨਾ ਦਾ ਪ੍ਰਚਾਰ ਵੀ ਕਾਂਗਰਸ ਵੱਲੋਂ ਕੀਤਾ ਜਾ ਰਿਹਾ ਹੈ ਤਾਂ ਕਿ ਹਰਿਆਣਾ ਵਿੱਚ ਕਾਂਗਰਸ ਦੀ ਸਰਕਾਰ ਬਣ ਸਕੇ।

ਦਿੱਲੀ ਅਤੇ ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਨੂੰ ਆਸ ਹੈ ਕਿ ਹਰਿਆਣਾ ਵਿੱਚ ਉਹ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਵੇਗੀ। ਇਸ ਸਮੇਂ ਆਮ ਆਦਮੀ ਪਾਰਟੀ ਨੇ ਆਪਣਾ ਪੂਰਾ ਜ਼ੋਰ ਹਰਿਆਣਾ ਚੋਣਾਂ ਵਿੱਚ ਲਗਾ ਦਿੱਤਾ ਹੈ ਤਾਂ ਕਿ ਉਸ ਦੇ ਉਮੀਦਵਾਰ ਵਧ ਤੋਂ ਵਧ ਜਿੱਤ ਸਕਣ।



ਹਰਿਆਣਾ ਦੀ ਸਿਆਸੀ ਸਥਿਤੀ 'ਤੇ ਜੇ ਨਜ਼ਰ ਮਾਰੀਏ ਤਾਂ ਇਸ ਸਮੇਂ ਹਰਿਆਣਾ ਦੀ ਰਾਜਨੀਤੀ ਵਿੱਚ ਭਾਜਪਾ, ਕਾਂਗਰਸ, ਆਮ ਆਦਮੀ ਪਾਰਟੀ, ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਇੰਡੀਅਨ ਨੈਸ਼ਨਲ ਲੋਕ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਸਰਗਰਮ ਹਨ, ਜੋ ਕਿ ਪੂਰੇ ਜ਼ੋਰ ਸ਼ੋਰ ਨਾਲ ਇਹਨਾਂ ਚੋਣਾਂ ਵਿੱਚ ਹਿੱਸਾ ਲੈ ਰਹੀਆਂ ਹਨ। ਭਾਜਪਾ ਹਰਿਆਣਾ ਵਿਧਾਨ ਸਭਾ ਚੋਣਾਂ ਇਕੱਲਿਆਂ ਹੀ ਲੜ ਰਹੀ ਹੈ। ਭਾਜਪਾ ਵੱਲੋਂ ਤਾਂ ਇਹ ਚੋਣਾਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਲੜੀਆਂ ਜਾ ਰਹੀਆਂ ਹਨ। ਕਾਂਗਰਸ ਨੇ ਭਾਵੇਂ ਅਜੇ ਮੁੱਖ ਮੰਤਰੀ ਚਿਹਰੇ ਦਾ ਐਲਾਨ ਨਹੀਂ ਕੀਤਾ ਹੈ, ਪਰ ਕਾਂਗਰਸ ਵਿੱਚ ਕਈ ਸਿਆਸੀ ਆਗੂ ਹਨ, ਜੋ ਕਿ ਕਾਂਗਰਸ ਪਾਰਟੀ ਦਾ ਮੁੱਖ ਮੰਤਰੀ ਚਿਹਰਾ ਬਣਨਾ ਚਾਹੁੰਦੇ ਹਨ। ਸ਼ਾਇਦ ਇਸੇ ਕਰਕੇ ਹੀ ਕਾਂਗਰਸ ਨੇ ਕਿਸੇ ਝੰਜਟ ਵਿੱਚ ਫਸਣ ਦੀ ਥਾਂ ਮੁੱਖ ਮੰਤਰੀ ਦਾ ਚਿਹਰਾ ਹੀ ਨਹੀਂ ਐਲਾਨਿਆਂ ਤਾਂ ਕਿ ਸਾਰੇ ਆਗੂਆਂ ਦਾ ਸਾਥ ਲਿਆ ਜਾ ਸਕੇ। ਜੇ ਭਾਜਪਾ ਦੀ ਗੱਲ ਕੀਤੀ ਜਾਵੇ ਤਾਂ ਹਰਿਆਣਾ ਵਿੱਚ ਭਾਜਪਾ ਪਿਛਲੇ 10 ਸਾਲ ਤੋਂ ਰਾਜ ਕਰ ਰਹੀ ਹੈ ਅਤੇ ਇਸ ਸਮੇਂ ਹਰਿਆਣਾ ਵਿੱਚ ਭਾਜਪਾ ਕੋਲ ਬੂਥ ਪੱਧਰ ਤੱਕ ਮਜ਼ਬੂਤ ਸੰਗਠਨਾਤਮਕ ਢਾਂਚਾ ਹੈ। ਭਾਜਪਾ ਨੇ ਇਹਨਾਂ ਚੋਣਾਂ ਦੀ ਤਿਆਰੀ ਬਹੁਤ ਪਹਿਲਾਂ ਤੋਂ ਸ਼ੁਰੂ ਕਰ ਦਿੱਤੀ ਸੀ ਜਿਸ ਕਰਕੇ ਭਾਜਪਾ ਆਪਣੇ ਆਪ ਨੂੰ ਕਾਫ਼ੀ ਮਜ਼ਬੂਤ ਸਮਝ ਰਹੀ ਹੈ।

(ਬਾਕੀ ਸਫ਼ਾ 31 'ਤੇ)

## ਡੇਰਾ ਸਿਰਸਾ ਦਾ ਪ੍ਰਭਾਵ

ਹਰਿਆਣਾ ਦੇ ਸਿਰਸਾ ਵਿੱਚ ਡੇਰਾ ਸੱਚਾ ਸੌਦਾ ਦਾ ਮੁੱਖ ਦਫ਼ਤਰ ਹੈ ਅਤੇ ਹਰ ਚੋਣ ਵਿੱਚ ਡੇਰੇ ਦੀ ਮੁੱਖ ਭੂਮਿਕਾ ਰਹੀ ਹੈ। 2014 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸੱਚਾ ਸੌਦਾ ਦੇ ਸਿਆਸੀ ਵਿੰਗ ਨੇ ਪ੍ਰਤੱਖ ਤੌਰ 'ਤੇ ਭਾਜਪਾ ਨੂੰ ਹਮਾਇਤ ਦਿੱਤੀ ਸੀ ਅਤੇ ਇਸ ਚੋਣ ਵਿੱਚ ਡੇਰੇ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਇਆ ਸੀ ਜਿਸ ਕਾਰਨ ਭਾਜਪਾ ਪਹਿਲੀ ਵਾਰ ਹਰਿਆਣਾ ਵਿੱਚ ਆਪਣੇ ਬਲਬੂਤੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਸੀ।

ਡੇਰਾ ਸੱਚਾ ਸੌਦਾ ਸਿੱਧੇ ਤੌਰ 'ਤੇ ਸਿਆਸੀ ਫੈਸਲੇ ਨਹੀਂ ਲੈਂਦਾ ਸਗੋਂ ਇਸ ਦਾ ਸਿਆਸੀ ਵਿੰਗ ਹੀ ਅਜਿਹੇ ਫੈਸਲੇ ਲੈਂਦਾ ਰਿਹਾ ਹੈ, ਪਰ ਪਿਛਲੇ ਸਾਲ ਮਾਰਚ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੇ ਡੇਰੇ ਦੇ ਸਿਆਸੀ ਵਿੰਗ ਨੂੰ ਭੰਗ ਕਰ ਦਿੱਤਾ ਸੀ ਤੇ ਇਸ ਸਿਆਸੀ ਵਿੰਗ ਦਾ ਅਜੇ ਤਕ ਮੁੜ ਗਠਨ ਨਹੀਂ ਕੀਤਾ ਗਿਆ। ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਡੇਰੇ ਨੇ ਆਪਣੇ ਪੱਤੇ ਅਜੇ ਤੱਕ ਗੁਪਤ ਰੱਖੇ ਹਨ ਅਤੇ ਕਿਸੇ ਵੀ ਸਿਆਸੀ ਪਾਰਟੀ ਜਾਂ ਉਮੀਦਵਾਰ ਦਾ ਖੁੱਲ ਦੇ ਸਮਰਥਨ ਨਹੀਂ ਕੀਤਾ ਹੈ।

## ਮਹਿੰਗਾਈ ਅਤੇ ਬੇਰੁਜ਼ਗਾਰੀ

ਆਮ ਆਦਮੀ ਮਹਿੰਗਾਈ ਅਤੇ ਬੇਰੁਜ਼ਗਾਰੀ ਨਾਲ ਜਿਊਣ ਲਈ ਮਜਬੂਰ ਹੈ ਪਰ ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੇ ਮੁੱਦੇ ਹੁਣ ਚੋਣਾਂ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਨਹੀਂ ਰਹੇ। ਇਸੇ ਕਾਰਨ ਹੁਣ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਦੇ ਏਜੰਡੇ ਵਿਚੋਂ ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੇ ਮੁੱਦੇ ਗਾਇਬ ਹੋ ਗਏ ਹਨ। ਇਨ੍ਹੀਂ ਦਿਨੀਂ ਸਬਜ਼ੀਆਂ ਦੇ ਭਾਅ ਬਹੁਤ ਵਧ ਗਏ ਹਨ। ਦੇਸ਼ 'ਚ ਕੁਝ ਥਾਂਵਾਂ 'ਤੇ ਟਮਾਟਰ 80 ਰੁਪਏ ਕਿਲੋ ਤੱਕ ਵਿਕ ਰਿਹਾ ਹੈ। ਇਹੋ ਹਾਲ ਹੋਰਨਾਂ ਸਬਜ਼ੀਆਂ ਅਤੇ ਫਲਾਂ ਦਾ ਹੈ। ਦਾਲਾਂ ਦੇ ਭਾਅ ਵੀ ਕਾਫ਼ੀ ਵੱਧ ਗਏ ਹਨ। ਆਮ ਆਦਮੀ ਹੁਣ ਦੋ ਵਕਤ ਦੀ ਦਾਲ ਰੋਟੀ ਲਈ ਵੀ ਤਰਸ ਰਿਹਾ ਹੈ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਅਸਲ ਵਿੱਚ ਨਵੀਂ ਪੀੜ੍ਹੀ ਨੂੰ ਮਹਿੰਗਾਈ ਦਾ ਮਤਲਬ ਹੀ ਨਹੀਂ ਪਤਾ। ਉਸ ਦੇ ਪਰਸ ਵਿੱਚ ਏ.ਟੀ.ਐਮ. ਕਾਰਡ, ਕ੍ਰੈਡਿਟ ਕਾਰਡ ਅਤੇ ਮੋਬਾਈਲ ਹੈ। ਕਿਤੇ ਕਾਰਡ ਪਾ ਦਿੱਤਾ, ਕਿਤੇ ਫੋਨ ਜਾਂ ਪੇ.ਟੀ.ਐਮ. ਕਰ ਦਿੱਤਾ ਅਤੇ ਚਲਦੇ ਬਣੇ। ਕਿਸ ਚੀਜ਼ ਦਾ ਕੀ ਮੁੱਲ ਹੈ ? ਉਸ ਕੋਲ ਇਹ ਸੋਚਣ ਦਾ ਸਮਾਂ ਨਹੀਂ ਹੈ ਕਿ ਉਹ ਕਿੰਨੀ ਕੁ ਮਹਿੰਗੀ ਹੋ ਗਈ ਹੈ। ਅਜਿਹੇ 'ਚ ਮਹਿੰਗਾਈ ਵਰਗਾ ਮੁੱਦਾ ਚੋਣਾਂ 'ਤੇ ਕੀ ਅਸਰ ਪਾ ਸਕਦਾ ਹੈ ?

## ਦਲਿਤ ਵੋਟ ਬੈਂਕ ਬਦਲ ਰਿਹੈ ਟਰੈਂਡ

ਜਿਸ ਤਰ੍ਹਾਂ ਹਰਿਆਣਾ 'ਚ ਕਈ ਮਾਮਲਿਆਂ ਵਿੱਚ ਕਈ ਤਰ੍ਹਾਂ ਦੀਆਂ ਸਿਆਸੀ ਸਥਿਤੀਆਂ ਅਹਿਮ ਭੂਮਿਕਾ ਰੱਖਦੀਆਂ ਹਨ, ਉਸੇ ਤਰ੍ਹਾਂ ਉੱਥੇ ਅਨੁਸੂਚਿਤ ਜਾਤੀਆਂ ਦਾ ਵੋਟ ਬੈਂਕ ਵੀ ਬੜੇ ਮਾਅਨੇ ਰੱਖਦਾ ਹੈ। ਅੰਕੜਿਆਂ ਅਨੁਸਾਰ ਹਰਿਆਣਾ ਦੀ ਕੁਲ ਆਬਾਦੀ ਵਿਚੋਂ 20 ਫੀਸਦੀ ਤੋਂ ਵੱਧ ਦਲਿਤ ਆਬਾਦੀ ਹੈ, ਜੋ ਦੇਸ਼ ਵਿਚ ਪ੍ਰਮੁੱਖ ਸੂਬਿਆਂ 'ਚ ਹਰਿਆਣਾ ਵਿੱਚ ਸਭ ਤੋਂ ਵੱਧ ਹੈ। ਪਿਛਲੇ 5 ਸਾਲਾਂ 'ਚ ਹਰਿਆਣਾ ਦੀਆਂ ਦਲਿਤ ਬਹੁਗਿਣਤੀ ਸੀਟਾਂ 'ਤੇ ਸਿਆਸਤ ਵਿੱਚ ਕਾਫ਼ੀ ਤਬਦੀਲੀ ਆਈ ਹੈ। ਕੁਲ ਮਿਲਾ ਕੇ ਕਿਹਾ ਜਾਵੇ ਤਾਂ ਦਲਿਤ ਵਰਗ ਨਾਲ ਸਬੰਧਿਤ ਸੀਟਾਂ ਵਿੱਚ ਪਿਛਲੇ 5 ਸਾਲਾਂ 'ਚ ਭਾਜਪਾ ਦੀ ਬਜਾਏ ਕਾਂਗਰਸ ਨੂੰ ਫਾਇਦਾ ਹੁੰਦਾ ਨਜ਼ਰ ਆ ਰਿਹਾ ਹੈ। 2019 'ਚ ਹਰਿਆਣਾ 'ਚ ਹੋਈਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਅਤੇ ਹੁਣ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਜੇ ਰਾਖਵੀਂਆਂ 17 ਵਿਧਾਨ ਸਭਾ ਸੀਟਾਂ ਅਤੇ 30 ਹੋਰ ਵਿਧਾਨ ਸਭਾ ਸੀਟਾਂ ਜਿੱਥੇ ਦਲਿਤ ਵੋਟ ਬੈਂਕ 20 ਫੀਸਦੀ ਤੋਂ ਵੱਧ ਹੈ, ਵਿੱਚ ਨਤੀਜਿਆਂ ਦੇ ਅੰਕੜਿਆਂ ਨੂੰ ਵੇਖਿਆ ਜਾਵੇ ਤਾਂ ਇਸ ਕੈਟਾਗਰੀ ਦੀਆਂ 47 ਸੀਟਾਂ 'ਤੇ ਕਾਂਗਰਸ ਨੂੰ ਲੀਡ ਮਿਲੀ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਅੱਗ ਦੀਆਂ ਲਪਟਾਂ ’ਚ ਮੁੜ ਘਿਰਿਆ ਮਨੀਪੁਰ

## ਵੋਟ ਬਟੋਰੂ ਸਿਆਸਤ ਕਾਰਨ ਬੁਰੀ ਤਰ੍ਹਾਂ ਉਲਝੀ ਮਨੀਪੁਰ ਦੀ ਸਮੱਸਿਆ

## ਹਿੰਸਾ ਦੀ ਅੱਗ ’ਚ ਸੜ ਰਹੀ ਹੈ ‘ਗਹਿਣਿਆਂ ਦੀ ਧਰਤੀ’ ਮਨੀਪੁਰ

## 16 ਮਹੀਨਿਆਂ ਦੌਰਾਨ ਮਨੀਪੁਰ ਵਿੱਚ ਸ਼ਾਂਤੀ ਕਾਇਮ ਨਹੀਂ ਕਰ ਸਕੀ ਭਾਜਪਾ ਦੀ ‘ਡਬਲ ਇੰਜਣ ਸਰਕਾਰ’








ਭਾਰਤ ਦੇ ਉੱਤਰ-ਪੂਰਬ ਵਿੱਚ ਸਥਿਤ ਰਾਜ ਮਨੀਪੁਰ ਵਿੱਚ ਹਿੰਸਾ ਦੀ ਨਵੀਂ ਲਹਿਰ ਉਭਰ ਆਈ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਪਿਛਲੇ 16 ਮਹੀਨਿਆਂ ਤੋਂ ਹਿੰਸਾ ਦੀ ਅੱਗ ਵਿੱਚ ਸੜ ਰਹੇ ਮਨੀਪੁਰ ਵਿੱਚ ਸ਼ਾਂਤੀ ਕਾਇਮ ਕਰਨ ਵਿੱਚ ਭਾਜਪਾ ਦੀ ‘ਡਬਲ ਇੰਜਣ ਸਰਕਾਰ’ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਗਈ ਹੈ। ਇਸ ਦੇ ਬਾਵਜੂਦ ਉਥੋਂ ਦੀ ਰਾਜ ਸਰਕਾਰ ਵਿਰੁੱਧ ਕੇਂਦਰ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣਾ ਕਈ ਤਰ੍ਹਾਂ ਦੇ ਸਵਾਲ ਖੜੇ ਕਰਦਾ ਹੈ। ਅਸਲ ਵਿੱਚ ਉਥੇ ਭਾਜਪਾ ਦੀ ਸਰਕਾਰ ਹੈ, ਇਸੇ ਕਾਰਨ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਜੇ ਉਥੇ ਕਿਸੇ ਹੋਰ ਪਾਰਟੀ ਦੀ ਸਰਕਾਰ ਹੁੰਦੀ ਤਾਂ ਕੇਂਦਰ ਸਰਕਾਰ ਨੇ ਉਥੇ ਕਦੋਂ ਦਾ ਰਾਸ਼ਟਰਪਤੀ ਸ਼ਾਸਨ ਲਾਗੂ ਕਰ ਦੇਣਾ ਸੀ।

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਰੂਸ ਅਤੇ ਯੂਕਰੇਨ ਵਿਚਾਲੇ ਹੋ ਰਹੀ ਜੰਗ ਨੂੰ ਬੰਦ ਕਰਵਾਉਣ ਲਈ ਯਤਨ ਕਰਨ ਦਾ ਦਾਅਵਾ ਕਰਕੇ ਅਤੇ ਦੋਵਾਂ ਦੇਸ਼ਾਂ ਦੇ ਮੁਖੀਆਂ ਨਾਲ ਹੱਥ ਮਿਲਾ ਕੇ ਅਤੇ ਗਲੇ ਮਿਲ ਕੇ ਆਪਣੇ ਆਪ ਨੂੰ ਵਿਸ਼ਵ ’ਚ ਸ਼ਾਂਤੀ ਦਾ ਮਸੀਹਾ ਅਖਵਾਉਣ ਦਾ ਯਤਨ ਕਰ ਰਹੇ ਹਨ ਪਰ ਵਿਦੇਸ਼ੀ ਦੌਰਿਆਂ ਵਿੱਚ ਰੁੱਝੇ ਪ੍ਰਧਾਨ ਮੰਤਰੀ ਨੂੰ ਪਿਛਲੇ ਇੱਕ ਸਾਲ ਦੌਰਾਨ ਏਨਾ ਸਮਾਂ ਵੀ ਨਹੀਂ ਮਿਲਿਆ ਕਿ ਉਹ ਮਨੀਪੁਰ ਦਾ ਦੌਰਾ ਕਰ ਸਕਣ ਤੇ ਅੱਗ ਵਿੱਚ ਸੜ ਰਹੇ ਮਨੀਪੁਰ ਦੇ ਲੋਕਾਂ ਦੇ ਜ਼ਖ਼ਮਾਂ ’ਤੇ ਮਲ੍ਹਮ ਲਗਾ ਸਕਣ। ਮਨੀਪੁਰ ਹਿੰਸਾ ਬਾਰੇ ਪ੍ਰਧਾਨ ਮੰਤਰੀ ਦੀ ਚੁੱਪੀ ਭੇਤ ਭਰੀ ਹੈ। ਮਨੀਪੁਰ ਦੇ ਲੋਕ ਕਹਿ ਰਹੇ ਹਨ ਕਿ ਦੇਸ਼ ਵਾਸੀਆਂ ਨੂੰ ‘ਭਾਈਓ ਅਤੇ ਭੈਣੋ ’ ਕਹਿ ਕੇ ਸੰਬੋਧਨ ਕਰਨ ਵਾਲੇ ਪ੍ਰਧਾਨ ਮੰਤਰੀ ਨੂੰ ਮਨੀਪੁਰ ਦੇ ‘ਭੈਣਾਂ ਤੇ ਭਰਾਵਾਂ’ ਦਾ ਦੁਖਾਂਤ ਕਿਉਂ ਵਿਚਲਿਤ ਨਹੀਂ ਕਰ ਰਿਹਾ, ਇਹ ਗੱਲ ਸਮਝ ਤੋਂ ਪਰੇ ਹੈ। ਮਨੀਪੁਰ ਦੇ ਲੋਕ ਇਸ ਗੱਲੋਂ ਵੀ ਨਿਰਾਸ਼ ਹਨ ਕਿ ਪ੍ਰਧਾਨ ਮੰਤਰੀ ਨੇ ਹਿੰਸਾ ਦੀ ਲਪੇਟ ਵਿੱਚ ਆਏ ਮਨੀਪੁਰ ਦਾ ਇੱਕ ਵਾਰ ਵੀ ਦੌਰਾ ਨਹੀਂ ਕੀਤਾ।

ਮਨੀਪੁਰ ਵਿੱਚ ਹਿੰਸਾ ਨਵੀਂ ਲਹਿਰ ਉਦੋਂ ਸ਼ੁਰੂ ਹੋਈ, ਜਦੋਂ 6 ਅਗਸਤ ਨੂੰ ਸੋਸ਼ਲ ਮੀਡੀਆ ’ਤੇ ਇੱਕ ਆਡੀਓ ਕਲਿੱਪ ਵਾਇਰਲ ਹੋਇਆ ਸੀ, ਜਿਸ ਵਿੱਚ ਕਥਿਤ ਤੌਰ ’ਤੇ ਇੱਕ ਭਾਈਚਾਰੇ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਸੂਬੇ ਵਿੱਚ ਫਿਰ ਮਾਹੌਲ ਗਰਮ ਹੋ ਗਿਆ।ਰਾਜ ਵਿੱਚ ਹਿੰਸਾ ਵੀ ਹੋਣ ਲੱਗੀ।ਪਿਛਲੇ ਹਫ਼ਤੇ ਮਨੀਪੁਰ ਦੇ ਮੁੱਖ ਮੰਤਰੀ ਐਨ. ਬੀਰੇਨ ਸਿੰਘ ਨੇ ਛੇ ਮਹੀਨਿਆਂ ਦੇ ਅੰਦਰ ਸ਼ਾਂਤੀ ਲਿਆਉਣ ਦਾ ਦਾਅਵਾ ਕੀਤਾ ਸੀ, ਪਰ ਮਨੀਪੁਰ ਦੀ ਮੌਜੂਦਾ ਸਥਿਤੀ ਉਨ੍ਹਾਂ ਦੇ ਦਾਅਵਿਆਂ ਦੀਆਂ ਧੱਜੀਆਂ ਉਡਾਉਂਦੀ ਹੈ। ਮੁੱਖ ਮੰਤਰੀ ਨੇ ਇਹ ਨਹੀਂ ਦੱਸਿਆ ਕਿ ਜੋ ਕੰਮ ਪਿਛਲੇ ਇੱਕ ਸਾਲ ਵਿੱਚ ਨਹੀਂ ਹੋਇਆ, ਉਹ ਅਗਲੇ ਛੇ ਮਹੀਨਿਆਂ ਵਿੱਚ ਕਿਵੇਂ ਹੋਵੇਗਾ। ਪਰ ਅਸਲੀਅਤ ਇਹ ਹੈ ਕਿ ਸਤੰਬਰ ਦੇ ਮਹੀਨੇ ਮਨੀਪੁਰ ਵਿੱਚ ਡਰੋਨ ਅਤੇ ਮਿਜ਼ਾਈਲ ਹਮਲਿਆਂ ਤੋਂ ਲੈ ਕੇ ਹਥਿਆਰਬੰਦ ਸਮੂਹਾਂ ਦਰਮਿਆਨ ਗੋਲੀਬਾਰੀ ਤੱਕ ਦੀਆਂ ਭਿਆਨਕ ਘਟਨਾਵਾਂ ਵਾਪਰੀਆਂ ਹਨ। ਹਾਲ ਹੀ ’ਚ ਸੂਬੇ ’ਚ ਹਿੰਸਾ ਦੀ ਨਵੀਂ ਲਹਿਰ ਉੱਠੀ ਹੈ, ਜਿਸ ’ਚ ਸਤੰਬਰ ਦੇ ਪਹਿਲੇ 10 ਦਿਨਾਂ ’ਚ 11 ਮੌਤਾਂ ਹੋ ਚੁੱਕੀਆਂ ਹਨ। ਜੇਕਰ ਅਸੀਂ ਇਨ੍ਹਾਂ ਨੂੰ ਮੌਤਾਂ ਦੀ ਬਜਾਏ ਕਤਲ ਕਹਿ ਦੇਈਏ ਤਾਂ ਸ਼ਾਇਦ ਅਸੀਂ ਸਥਿਤੀ ਦੀ ਗੰਭੀਰਤਾ ਨੂੰ ਸਮਝ ਸਕਦੇ ਹਾਂ। ਕਿਸੇ ਵੀ ਸੰਵੇਦਨਸ਼ੀਲ ਸਮਾਜ ਵਿੱਚ 10 ਦਿਨਾਂ ਵਿੱਚ ਇੱਕ ਸੂਬੇ ਵਿੱਚ 11 ਕਤਲ ਹੋਣ ਦਾ ਤੱਥ ਤਾਂ ਗੁੰਡਾਗਰਦੀ ਹੀ ਕਰ ਸਕਦਾ ਹੈ ਪਰ ਸੂਬੇ ਅਤੇ ਕੇਂਦਰ ਦੀ ਭਾਜਪਾ ਸਰਕਾਰ ਇਸ ਸੰਵੇਦਨਸ਼ੀਲਤਾ ਤੋਂ ਕੋਹਾਂ ਦੂਰ ਜਾਪਦੀ ਹੈ। ਮਨੀਪੁਰ ਪਿਛਲੇ ਸਾਲ ਮਈ ਤੋਂ ਅਸ਼ਾਂਤ ਹੈ। ਕੂਕੀ ਅਤੇ ਮੇਈਟੀ ਭਾਈਚਾਰਿਆਂ ਦਰਮਿਆਨ ਵਧਦੇ ਸੰਘਰਸ਼ ਵਿੱਚ ਘੱਟੋ-ਘੱਟ 200 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਅਸ਼ਾਂਤੀ ਅਤੇ ਹਿੰਸਾ ਦੇ ਇਸ ਮਾਹੌਲ ਵਿੱਚ ਆਮ ਜਨਜੀਵਨ ਪੂਰੀ ਤਰ੍ਹਾਂ ਬਰਬਾਦ ਹੋ ਗਿਆ ਹੈ ਅਤੇ ਔਰਤਾਂ ਅਤੇ ਬੱਚਿਆਂ ਦੀ ਦੁਰਦਸ਼ਾ ਕਲਪਨਾ ਤੋਂ ਬਾਹਰ ਹੈ। ਜੇਕਰ ਦੇਸ਼ ਵਿੱਚ ਮਜ਼ਬੂਤ ਇੱਛਾ ਸ਼ਕਤੀ ਵਾਲੀ ਸਰਕਾਰ ਹੁੰਦੀ ਤਾਂ ਮਨੀਪੁਰ ਦੀ ਸਥਿਤੀ ਨੂੰ ਸੰਭਾਲਣ ਲਈ ਹੁਣ ਤੱਕ ਠੋਸ ਕਦਮ ਚੁੱਕੇ ਜਾਣੇ ਸਨ। ਇਨ੍ਹਾਂ ਉਪਾਵਾਂ ਵਿੱਚ ਰਾਸ਼ਟਰਪਤੀ ਸ਼ਾਸਨ, ਮੁੱਖ ਮੰਤਰੀ ਦਾ ਅਸਤੀਫ਼ਾ, ਸਰਕਾਰ ਦੀ ਬਰਖ਼ਾਸਤਗੀ ਜਾਂ ਪ੍ਰਧਾਨ ਮੰਤਰੀ ਵੱਲੋਂ ਸਥਿਤੀ ਨੂੰ ਸਮਝਣ ਲਈ ਖੁਦ ਮਨੀਪੁਰ ਜਾਣ ਦੀ ਪਹਿਲਕਦਮੀ ਸ਼ਾਮਲ ਹੋ ਸਕਦੀ ਸੀ ਪਰ ਅਫਸੋਸ ਦੀ ਗੱਲ ਹੈ ਕਿ ਇਹਨਾਂ ਵਿੱਚੋਂ ਇੱਕ ਵੀ ਉਪਾਅ ਨਹੀਂ ਕੀਤਾ ਗਿਆ ਅਤੇ ਜੇਕਰ ਕੇਂਦਰ ਸਰਕਾਰ ਕਿਸੇ ਹੋਰ ਵਿਕਲਪ ’ਤੇ ਵਿਚਾਰ ਕਰ ਰਹੀ ਹੈ ਤਾਂ ਦੇਸ਼ ਨੂੰ ਇਸ ਦੀ ਜਾਣਕਾਰੀ ਨਹੀਂ ਹੈ।

ਮਨੀਪੁਰ ਨੂੰ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਮੰਨਿਆ ਜਾਂਦਾ ਹੈ।ਇਸ ਦੀ ਰਾਜਧਾਨੀ ਇੰਫਾਲ ਹੈ।ਪਹਾੜਾਂ ’ਤੇ ਵਸਿਆ 32 ਲੱਖ ਦੀ ਆਬਾਦੀ ਵਾਲਾ ਇਹ ਸੂਬਾ ਲਗਾਤਾਰ ਤਣਾਅ ’ਚ ਰਿਹਾ ਹੈ। ਮਨੀਪੁਰ ਦੇ ਉੱਤਰ ਵਿੱਚ ਨਾਗਾਲੈਂਡ ਅਤੇ ਦੱਖਣ ਵਿੱਚ ਮਿਜ਼ੋਰਮ, ਪੱਛਮ ਵਿੱਚ ਅਸਾਮ ਅਤੇ ਪੂਰਬ ਵਿੱਚ ਮਿਆਂਮਾਰ ਦੀ ਸਰਹੱਦ ਹੈ। ਇਸਦਾ ਖੇਤਰਫਲ 22,347 ਵਰਗ ਕਿਲੋਮੀਟਰ (8,628 ਵਰਗ ਮੀਲ) ਹੈ। ਇੱਥੋਂ ਦੇ ਮੂਲ ਵਾਸੀ ਮੇਈਟੀ ਕਬੀਲੇ ਦੇ ਲੋਕ ਹਨ, ਜੋ ਇੱਥੇ ਘਾਟੀ ਖੇਤਰ ਵਿੱਚ ਰਹਿੰਦੇ ਹਨ। ਇੱਥੋਂ ਦੇ ਪਹਾੜੀ ਇਲਾਕਿਆਂ ਵਿੱਚ ਨਾਗਾ ਅਤੇ ਕੂਕੀ ਕਬੀਲੇ ਦੇ ਲੋਕ ਰਹਿੰਦੇ ਹਨ। ਪਿਛਲੇ ਸਾਲ ਆਰਥਿਕ ਲਾਭਾਂ, ਸਰਕਾਰੀ ਨੌਕਰੀਆਂ ਅਤੇ ਸਿੱਖਿਆ ਕੋਟੇ ਨੂੰ ਲੈ ਕੇ ਹਿੰਦੂ ਬਹੁਗਿਣਤੀ ਮੇਈਟੀ ਅਤੇ ਈਸਾਈ ਕੂਕੀ ਦਰਮਿਆਨ ਸਮੇਂ-ਸਮੇਂ ’ਤੇ ਹਿੰਸਾ ਹੁੰਦੀ ਰਹੀ। ਕੁਝ ਤਣਾਅਪੂਰਨ ਸ਼ਾਂਤੀ ਤੋਂ ਬਾਅਦ ਇੱਥੇ ਫਿਰ ਤੋਂ ਜਾਤੀ ਹਿੰਸਾ ਦਾ ਦੌਰ ਸ਼ੁਰੂ ਹੋ ਗਿਆ ਹੈ।

### ਕੂਕੀਲੈਂਡ ਦੀ ਮੰਗ

ਮਨੀਪੁਰ ਦੇ ਕੂਕੀ ਭਾਈਚਾਰੇ ਦਾ ਕਹਿਣਾ ਹੈ ਕਿ ਹੁਣ ਉਹ ਆਪਣੇ ਲਈ ਵੱਖਰੀ ਜਗ੍ਹਾ ਚਾਹੁੰਦੇ ਹਨ, ਜੋ ਕਿ ਕੂਕੀਲੈਂਡ ਹੋਵੇਗਾ। ਇਸ ਦੇ ਸਮਰਥਨ ਵਿੱਚ ਕੂਕੀ ਭਾਈਚਾਰੇ ਨੇ 31 ਅਗਸਤ ਨੂੰ ਸੂਬੇ ਵਿੱਚ ਤਿੰਨ ਰੈਲੀਆਂ ਕੀਤੀਆਂ। ਕੂਕੀਲੈਂਡ ਕੂਕੀ ਲੋਕਾਂ ਦੁਆਰਾ ਪ੍ਰਸਤਾਵਿਤ ਇੱਕ ਰਾਜ ਹੈ, ਜਿਸਨੂੰ ਜ਼ਲੇਨ-ਗਾਮ ਵੀ ਕਿਹਾ ਜਾਂਦਾ ਹੈ। ਇਸ ਦਾ ਉਦੇਸ਼ ਵੱਖ-ਵੱਖ ਕੂਕੀ ਕਬੀਲਿਆਂ ਨੂੰ ਇੱਕ ਪ੍ਰਸ਼ਾਸਕੀ ਅਤੇ ਰਾਜਨੀਤਿਕ ਇਕਾਈ ਦੇ ਅਧੀਨ ਇਕਜੁੱਟ ਕਰਨਾ ਹੈ।ਕੂਕੀ ਕਬੀਲਾ ਕੂਕੀ ਕਬੀਲਿਆਂ ਦੀ ਵਿਲੱਖਣ ਸੱਭਿਆਚਾਰਕ ਪਛਾਣ ਅਤੇ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਉਤਸ਼ਾਹਿਤ ਕਰਨ ਲਈ ਵੱਖਰੇ ਸੂਬੇ ਦੀ ਮੰਗ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਰੀਤੀ-ਰਿਵਾਜਾਂ, ਪਰੰਪਰਾਵਾਂ ਅਤੇ ਭਾਸ਼ਾਵਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਕੂਕੀ ਕਬੀਲਿਆਂ ਲਈ ਬਿਹਤਰ ਰਾਜਨੀਤਿਕ ਪ੍ਰਤੀਨਿਧਤਾ ਦੇਣ ਲਈ ਪ੍ਰਸਤਾਵਿਤ ਕੂਕੀਲੈਂਡ ਵਿੱਚ ਮਨੀਪੁਰ, ਮਿਜ਼ੋਰਮ ਅਤੇ ਨਾਗਾਲੈਂਡ ਦੇ ਹਿੱਸੇ ਸਮੇਤ, ਰਵਾਇਤੀ ਤੌਰ ’ਤੇ ਕੂਕੀ ਲੋਕਾਂ ਦੀ ਵਧੇਰੇ ਵਸੋਂ ਵਾਲੇ ਖੇਤਰ ਸ਼ਾਮਲ ਹਨ।

### ਕੀ ਹੈ ਹਿੰਸਾ ਦੀ ਜੜ੍ਹ ?

ਦਰਅਸਲ ਮਨੀਪੁਰ ਵਿੱਚ ਦੋ ਪ੍ਰਮੁੱਖ ਨਸਲੀ ਸਮੂਹਾਂ ਮੇਈਟੀ ਅਤੇ ਕੂਕੀ ਵਿਚਕਾਰ ਲੰਬੇ ਸਮੇਂ ਤੋਂ ਇਤਿਹਾਸਕ ਸੰਘਰਸ਼ ਚੱਲ ਰਿਹਾ ਹੈ। ਕੂਕੀ ਕਬਾਇਲੀ ਭਾਈਚਾਰੇ ਦੇ ਹਿੱਸੇ ਵਜੋਂ ਜਾਣੇ ਜਾਂਦੇ ਹਨ ਜਦੋਂ ਕਿ ਮੇਈਟੀ ਮੁੱਖ ਤੌਰ ’ਤੇ ਇੰਫਾਲ ਘਾਟੀ ਅਤੇ ਆਲੇ-ਦੁਆਲੇ ਦੇ ਪਹਾੜੀ ਖੇਤਰਾਂ ਵਿੱਚ ਵੱਸਦੇ ਹਨ। ਮਨੀਪੁਰ ਹਾਈ ਕੋਰਟ ਵੱਲੋਂ ਪਿਛਲੇ ਸਾਲ ਮੇਈਟੀ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ (ਐਸ.ਟੀ.) ਦਾ ਦਰਜਾ ਦੇਣ ਦੀ ਸਿਫ਼ਾਰਸ਼ ਕੀਤੇ ਜਾਣ ਤੋਂ ਬਾਅਦ ਸਥਿਤੀ ਵਿਗੜ ਗਈ ਸੀ, ਜਿਸ ਨਾਲ ਕਬਾਇਲੀ ਸਮੂਹਾਂ ਵੱਲੋਂ ਵਿਆਪਕ ਵਿਰੋਧ ਪ੍ਰਦਰਸ਼ਨ ਹੋਇਆ ਸੀ।ਉਦੋਂ ਤੋਂ ਲੈ ਕੇ ਹੁਣ ਤੱਕ ਮਨੀਪੁਰ ਵਿੱਚ ਹਿੰਸਾ ਦਾ ਦੌਰ ਜਾਰੀ ਹੈ। ਭਾਵੇਂ ਕਿ ਕੁਝ ਸਮਾਂ ਤਨਾਓਪੂਰਨ ਸ਼ਾਂਤੀ ਵੀ ਰਹੀ ਪਰ ਮਨੀਪੁਰ ਵਿੱਚ ਹਿੰਸਾ ਦੀ ਅੱਗ ਮੁੜ ਭੜਕ ਪਈ ਹੈ। ਇਸ ਸਮੇਂ ਮਨੀਪੁਰ ਦੇ ਮੇਈਟੀ ਅਤੇ ਕੂਕੀ ਕਬੀਲਿਆਂ ਵਿਚਾਲੇ ਸੰਘਰਸ਼ ਚੱਲ ਰਿਹਾ ਹੈ, ਦੋਵੇਂ ਧਿਰਾਂ ਆਪੋ ਆਪਣੀ ਜਿੱਦ ’ਤੇ ਅੜੀਆਂ ਹੋਈਆਂ ਹਨ, ਜਿਸ ਕਾਰਨ ਇਸ ਮਸਲੇ ਦਾ ਕੋਈ ਹੱਲ ਨਹੀਂ ਮਿਲ ਰਿਹਾ। ਇਸ ਤੋਂ ਇਲਾਵਾ ਮਨੀਪੁਰ ਵਿੱਚ ਜਾਰੀ ਹਿੰਸਾ ਦੀ ਅੱਗ ’ਤੇ ਸਿਆਸੀ ਪਾਰਟੀਆਂ ਵੱਲੋਂ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਵੋਟ ਵਟੋਰੂ ਸਿਆਸਤ ਕਾਰਨ ਵੀ ਮਨੀਪੁਰ ਦੀ ਸਮੱਸਿਆ ਦਿਨੋਂ ਦਿਨ ਉਲਝਦੀ ਜਾ ਰਹੀ ਹੈ।

# ਦਿੱਲੀ ਵਿਖੇ ਗੁਰੂ ਤੇਗ ਬਹਾਦਰ ਕਾਲਜ ’ਚ ਭਗਵੇਂ ਗੁੰਡਿਆਂ ਨੇ ਸਿੱਖ ਨੌਜਵਾਨ ਕੀਤੀ ਕੁੱਟਮਾਰ, ਉਤਾਰੀ ਪੱਗ

## ਮਾਮਲੇ ਵਿੱਚ ਪੁਲਿਸ ਨੇ ਕੀਤਾ ਕੇਸ ਦਰਜ, ਸਰਨਾ ਨੇ ਚੁੱਕਿਆ ਮੁੱਦਾ

ਨਵੀਂ ਦਿੱਲੀ/ਏ.ਟੀ.ਨਿਊਜ਼: ਬੀਤੇ ਐਤਵਾਰ ਨੂੰ ਦਿੱਲੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿੱਚ ਪ੍ਰਿੰਸੀਪਲ ਦੇ ਦਫ਼ਤਰ ਦੇ ਬਾਹਰ ਏ.ਬੀ.ਪੀ. ਦੇ ਭਗਵੇਂ ਗੁੰਡਿਆਂ ਨੇ ਵਿਦਿਆਰਥੀ ਚੋਣਾਂ ਦੌਰਾਨ ਜਬਰੀ ਵੋਟਾਂ ਪੁਆਉਣ ਲਈ ਇੱਕ ਸਿੱਖ ਵਿਦਿਆਰਥੀ ਦੀ ਕੁੱਟਮਾਰ ਕੀਤੀ ਗਈ ਤੇ ਉਸਦੀ ਪੱਗ ਤੱਕ ਲਾਹ ਦਿੱਤੀ ਗਈ।

ਜਾਣੋ ਕੀ ਸੀ ਪੂਰਾ ਮਾਮਲਾ

ਮਿਲੀ ਜਾਣਕਾਰੀ ਮੁਤਾਬਿਕ ਇਹ ਹਿੰਸਾ 27 ਸਤੰਬਰ ਨੂੰ ਹੋਣ ਵਾਲੀਆਂ ਦਿੱਲੀ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ (ਡੀਯੂਐਸਯੂ) ਦੀਆਂ ਆਗਾਮੀ ਚੋਣਾਂ ਵਿੱਚ ਹਿੱਸਾ ਨਾ ਲੈਣ ਦੇ ਕਾਲਜ ਪ੍ਰਸ਼ਾਸਨ ਦੇ ਫੈਸਲੇ ਨਾਲ ਸਬੰਧਤ ਵਿਰੋਧ ਪ੍ਰਦਰਸ਼ਨਾਂ ਤੋਂ ਪੈਦਾ ਹੋਈ। ਇਹ ਫੈਸਲਾ ਕਾਲਜ ਦੀ ਗਵਰਨਿੰਗ ਬਾਡੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੀਆਂ ਹਦਾਇਤਾਂ ਤੋਂ ਬਾਅਦ ਲਿਆ ਗਿਆ ਹੈ।

ਘਟਨਾ ਦੇ ਦੌਰਾਨ ਰਿਕਾਰਡ ਕੀਤੇ ਗਏ ਇੱਕ ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਵਿਦਿਆਰਥੀ ਤਣਾਅ ਵਧਦੇ ਹੋਏ ਪ੍ਰਿੰਸੀਪਲ ਦੇ ਦਫਤਰ ਦੇ ਬਾਹਰ ਇਕੱਠੇ ਹੁੰਦੇ ਦਿਖਾਈ ਦੇ ਰਹੇ ਹਨ। ਲਾਲ ਪੱਗ ਵਾਲੇ ਵਿਦਿਆਰਥੀ ’ਤੇ ਕਈ ਲੋਕਾਂ ਨੇ ਅਚਾਨਕ ਹਮਲਾ ਕੀਤਾ। ਇਸ ਦੌਰਾਨ ਹਫੜਾ-ਦਫੜੀ ਵਿੱਚ ਉਸ ਦੀ ਪੱਗ ਜ਼ਮੀਨ ’ਤੇ ਡਿੱਗ ਗਈ। ਦੂਜੇ ਵਿਦਿਆਰਥੀਆਂ ਨੇ ਤੁਰੰਤ ਦਖਲ ਦਿੱਤਾ, ਇੱਕ ਨੇ ਪੱਗ ਚੁੱਕੀ ਅਤੇ ਨੌਜਵਾਨ ਨੂੰ ਦੇ ਦਿੱਤੀ।



ਐਫ.ਆਈ.ਆਰ. ਕੀਤੀ ਦਰਜ

ਮਿਲੀ ਜਾਣਕਾਰੀ ਮੁਤਾਬਿਕ ਇਸ ਝੜਪ ਦੌਰਾਨ ਜਿਸ ਵਿਦਿਆਰਥੀ ਦੀ ਪੱਗ ਲੱਥ ਗਈ ਸੀ ਨੇ ਕੁੱਟਮਾਰ ਦੇ ਸਬੰਧ ਵਿੱਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਿਸ ਨੂੰ ਐਫ.ਆਈ.ਆਰ. ਦਰਜ ਕਰਨ ਲਈ ਕਿਹਾ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੁਲਿਸ ਨੇ ਉਕਤ ਮੁਲਜ਼ਮਾਂ ਖ਼ਿਲਾਫ਼ ਐਫ.ਆਈ.ਆਰ. ਦਰਜ ਕਰ ਲਈ।

ਪ੍ਰਿੰਸੀਪਲ ਤੋਂ ਮੁਆਫੀ ਦੀ ਕੀਤੀ ਜਾ ਰਹੀ ਮੰਗ

ਫਿਲਹਾਲ ਹੁਣ ਇਹ ਮਾਮਲਾ ਗੰਭੀਰ ਦਿਖਾਈ ਦੇ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਬਹੁਤ ਹੀ ਦੁੱਖ ਅਤੇ ਅਫਸੋਸ ਦੇ ਨਾਲ ਦੱਸ ਰਹੇ ਹਾਂ ਕਿ ਸਾਡੇ ਬਜ਼ੁਰਗ ਨੇ ਇਸ ਕਾਲਜ ਦੀ ਸ਼ੁਰੂਆਤ ਕੀਤੀ ਸੀ ਅਤੇ ਇਹ ਭਾਰਤ ਦੇ ਬਿਹਤਰੀਨ ਕਾਲਜ ਵਿੱਚੋਂ ਇੱਕ ਹੈ। ਚੋਣਾਂ ਵਿੱਚ ਇੱਕ ਸਿੱਖ ਬੱਚੇ ਦੀ ਦਸਤਾਰ ਉਤਾਰੀ ਗਈ ਅਤੇ ਕੁੱਟਮਾਰ ਹੋਈ। ਪ੍ਰਿੰਸੀਪਲ ਨੇ ਬਾਹਰ ਦੇ ਬੱਚੇ ਅੰਦਰ ਕਿਵੇ ਆਉਣ ਦਿੱਤੇ। ਪ੍ਰਿੰਸੀਪਲ ਨੂੰ ਮੁਆਫੀ ਮੰਗਣੀ ਚਾਹੀਦੀ ਹੈ ਅਤੇ ਪ੍ਰਿੰਸੀਪਲ ਉੱਪਰ ਕੇਸ ਦਰਜ ਹੋਣਾ ਚਾਹੀਦਾ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਨੇ ਪ੍ਰਿੰਸੀਪਲ ਦੇ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਨੇ ਕਿਹਾ ਉਹ ਚੰਡੀਗੜ੍ਹ ਗਏ ਹਨ ਅਤੇ ਜਦੋਂ ਉਨ੍ਹਾਂ ਤੋਂ ਲੋਕੇਸ਼ਨ ਮੰਗੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਨਿੱਜੀ ਕੰਮ ਚੱਲਦੇ ਇੱਥੇ ਆਏ ਹਨ।ਉਹ ਲੋਕੇਸ਼ਨ ਸਾਂਝਾ ਨਹੀਂ ਕਰ ਸਕਦੇ ਹਨ।

## ਦਰਪਣ ਝੂਠ ਨਹੀਂ ਬੋਲਦਾ

# ‘ਆਪ’ ਲਈ ਹਰਿਆਣਾ ਤੇ ਦਿੱਲੀ ਚੋਣਾਂ ਜਿੱਤਣੀਆਂ ਸੌਖੀਆਂ ਨਹੀਂ

## ਚੋਣਾਂ ’ਚ ‘ਆਪ’ ਦੀ ਪ੍ਰਚਾਰ ਮੁਹਿੰਮ ’ਤੇ ਦਿਖ ਸਕਦੈ ਪੰਜਾਬ ਦੀ ਸਰਕਾਰ ਵਿਰੋਧੀ ਲਹਿਰ ਦਾ ਅਸਰ

ਵਿਧਾਨ ਸਭਾ ਚੋਣਾਂ ਕਰਕੇ ਹਰਿਆਣਾ ਵਿੱਚ ਚੋਣ ਮੈਦਾਨ ਪੂਰੀ ਤਰ੍ਹਾਂ ਨਾਲ ਭਖਿਆ ਹੋਇਆ ਹੈ ਤੇ ਸਾਰੀਆਂ ਪਾਰਟੀਆਂ ਚੋਣਾਂ ਵਿੱਚ ਆਪਣੀ ਜਿੱਤ ਯਕੀਨੀ ਬਣਾਉਣ ਲਈ ਦਿਨ ਰਾਤ ਡਟੀਆਂ ਹੋਈਆਂ ਹਨ ਜਦਕਿ ਦਿੱਲੀ ਵਿੱਚ ਕੁਝ ਮਹੀਨੇ ਬਾਅਦ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਦਿੱਲੀ ਦੇ ਮੁੱਖ ਮੰਤਰੀ ਨੂੰ ਬਦਲਣ ਤੋਂ ਬਾਅਦ ਸਰਗਰਮੀਆਂ ਤੇਜ਼ ਹੋਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਹਰਿਆਣਾ ਵਿੱਚ ਜਿੱਤਣ ਲਈ ਕਾਫ਼ੀ ਸਰਗਰਮ ਹੋ ਗਈ ਹੈ ਜਦਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਆਪਣੀ ਸਰਕਾਰ ਬਣਾਉਣ ਲਈ ਦੁਬਾਰਾ ਯਤਨਾਂ ਵਿੱਚ ਲੱਗ ਗਈ ਹੈ ਪਰ ਦਿੱਲੀ ਅਤੇ ਹਰਿਆਣਾ ਵਿੱਚ ਪੰਜਾਬ ਦੀ ‘ਆਪ’ ਸਰਕਾਰ ਵਿਰੋਧੀ ਲਹਿਰ ਦਾ ਅਸਰ ਪੈਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ ਕਿਉਂਕਿ ਹਰਿਆਣਾ ਵਿੱਚ ਜ਼ਿਆਦਾਤਰ ਲੋਕ ਪੰਜਾਬ ਦੀ ਮੌਜੂਦਾ ਸਥਿਤੀ ਤੋਂ ਕਾਫ਼ੀ ਵਾਕਫ਼ ਹਨ ।

ਪੰਜਾਬ ਦੀ ਹੱਦ ਦੇ ਨਾਲ ਲੱਗਦੇ ਹਰਿਆਣਾ ਦੇ ਇਲਾਕਿਆਂ ਵਿੱਚ ਨਾ ਸਿਰਫ਼ ਪੰਜਾਬ ਦੀ ਕਾਨੂੰਨ ਵਿਵਸਥਾ ਕਰਕੇ ਜ਼ਿਆਦਾ ਅਸਰ ਪੈਂਦਾ ਹੈ ਸਗੋਂ ਹੋਰ ਕਾਰਨਾਂ ਕਰਕੇ ਵੀ ਹਰਿਆਣਾ ਦੇ ਲੋਕ ਪੰਜਾਬ ਦੀ ਮੌਜੂਦਾ ਕਾਨੂੰਨ ਵਿਵਸਥਾ ਤੋਂ ਇਸ ਕਰਕੇ ਵੀ ਕਾਫ਼ੀ ਨਿਰਾਸ਼ ਹਨ ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਦੇ ਰਿਸ਼ਤੇਦਾਰ ਪੰਜਾਬ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਕਈ ਤਾਂ ਸਫਲ ਕਾਰੋਬਾਰੀ ਵਜੋਂ ਕੰਮ ਕਰਦੇ ਹਨ ਜਿਸ ਕਰਕੇ ਉਨ੍ਹਾਂ ਤੋਂ ਆਪਣੇ ਹਰਿਆਣਾ ਵਿੱਚ ਰਹਿੰਦੇ ਰਿਸ਼ਤੇਦਾਰਾਂ ਨੂੰ ਪੰਜਾਬ ਦੀ ਸਥਿਤੀ ਬਾਰੇ ਸਾਰੀਆਂ ਜਾਣਕਾਰੀਆਂ ਪੁੱਜਦੀਆਂ ਰਹਿੰਦੀਆਂ ਹਨ। ਹੁਣ ਤੱਕ ਤਾਂ ਆਮ ਆਦਮੀ ਪਾਰਟੀ ਨੇ ਜੇਕਰ ਦਿੱਲੀ ਅਤੇ ਪੰਜਾਬ ਵਿੱਚ ਸੱਤਾ ਹਾਸਲ ਕੀਤੀ ਹੈ ਤਾਂ ਉਸ ਵਿੱਚ ਮੁਫ਼ਤ ਸਕੀਮਾਂ ਦਾ ਵੱਡਾ ਯੋਗਦਾਨ ਹੈ ਜਦਕਿ ਕਾਨੂੰਨ ਵਿਵਸਥਾ ਤੇ ਆਮਦਨ ਕਮਾਉਣ ਅਤੇ ਪੰਜਾਬ ਵਿੱਚ ਨਿਵੇਸ਼ ਵਧਾਉਣ ਦੇ ਮਾਮਲੇ ਵਿੱਚ ਸਰਕਾਰ ਅਜੇ ਤੱਕ ਸਫਲ ਨਹੀਂ ਹੋ ਸਕੀ ਹੈ। ਸਿਆਸੀ ਮਾਹਿਰ ਇਹ ਮੰਨਦੇ ਹਨ ਕਿ ਚਾਹੇ ਹਰਿਆਣਾ ਵਿੱਚ ਵੀ ‘ਆਪ’ ਸੁਪਰੀਮੋ



ਵੱਲੋਂ ਆਪਣੀ ਗ੍ਰਿਫ਼ਤਾਰੀ ਦੇ ਮੁੱਦੇ ਤੋਂ ਇਲਾਵਾ ਮੁਫ਼ਤ ਸਕੀਮਾਂ ਦਾ ਮੁੱਦਾ ਵੱਡੇ ਪੱਧਰ ’ਤੇ ਉਠਾਇਆ ਜਾਵੇਗਾ ਪਰ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵੀ ਹਰਿਆਣਾ ਦੇ ਜ਼ਿਆਦਾਤਰ ਲੋਕ ਜਾਣੂੰ ਹੋ ਚੁੱਕੇ ਹਨ ਕਿ ਕਿਸ ਤਰ੍ਹਾਂ ਨਾਲ ਪੰਜਾਬ ਵਿੱਚ ਫਿਰੌਤੀਆਂ ਦੀ ਗਿਣਤੀ ਸੈਂਕੜਿਆਂ ਵਿੱਚ ਪੁੱਜ ਚੁੱਕੀ ਹੈ ਤੇ ਅਜੇ ਵੀ ਪੰਜਾਬ ਵਿੱਚ ਕਾਰੋਬਾਰੀ ਆਪਣੇ ਆਪ ਨੂੰ ਪੰਜਾਬ ਵਿੱਚ ਕਾਰੋਬਾਰ ਕਰਨ ਲਈ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ।

ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਦੀਆਂ ਖ਼ਾਮੀਆਂ ਭਰਪੂਰ ਵਿੱਤੀ ਨੀਤੀਆਂ ਕਾਰਨ ਸੂਬਾ ਇੱਕ ਵਾਰ ਫਿਰ ਵੱਡੇ ਗੰਭੀਰ ਵਿੱਤੀ ਸੰਕਟ ਵੱਲ ਵਧਦਾ ਦਿਖਾਈ ਦੇ ਰਿਹਾ ਹੈ। ਇੱਕ ਤਾਂ ਸੂਬਾ ਸਰਕਾਰ ਵੱਲੋਂ ਰੋਜ਼ਮਰ੍ਹਾ ਦੇ ਪ੍ਰਸ਼ਾਸਨਿਕ ਕੰਮਾਂ ਲਈ ਕਰਜ਼ਾ ਚੁੱਕਣ ਦੇ ਰੁਝਾਨ ਨੇ ਕਰਜ਼ੇ ਦੀ ਪੰਡ ਨੂੰ ਹੋਰ ਭਾਰੀ ਕੀਤਾ ਹੈ। ਦੂਜਾ ਮੁਫ਼ਤ ਬਿਜਲੀ, ਮੁਫ਼ਤ ਬੱਸ ਸਫ਼ਰ ਅਤੇ ਹੋਰ ਕਈ ਪ੍ਰਕਾਰ ਦੇ ਚੋਣਾਵੀ ਐਲਾਨਾਂ ਕਾਰਨ ਸੂਬੇ ਦੀਆਂ ਸਬਸਿਡੀਆਂ ’ਚ ਭਾਰੀ ਵਾਧਾ ਹੁੰਦਾ ਜਾ ਰਿਹਾ ਹੈ। ਇਸ ਉੱਤੇ ਕੇਂਦਰ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹਾਇਤਾ ਰਾਸ਼ੀਆਂ ਵਿੱਚ ਵੀ, ਮਾਨ ਸਰਕਾਰ ਦੇ ਗਠਨ ਤੋਂ ਲੈ ਕੇ ਹੁਣ ਤੱਕ ਹੁੰਦੀਆਂ ਆ ਰਹੀਆਂ ਕੁਤਾਹੀਆਂ ਅਤੇ ਖ਼ਾਮੀਆਂ ਕਾਰਨ ਅਕਸਰ ਕਟੌਤੀ ਕੀਤੀ ਜਾਂਦੀ ਰਹੀ ਹੈ। ਅਜਿਹੇ ਹਾਲਾਤ ਨੂੰ ਵੇਖਦਿਆਂ ਕੇਂਦਰੀ ਰਿਜ਼ਰਵ ਬੈਂਕ ਵਲੋਂ ਸਮੇਂ-ਸਮੇਂ ’ਤੇ ਜਾਰੀ ਕੀਤੀਆਂ ਗਈਆਂ ਰਿਪੋਰਟਾਂ ’ਚ ਦਿੱਤੀਆਂ ਜਾਂਦੀਆਂ ਚਿਤਾਵਨੀਆਂ ਦੇ ਬਾਵਜੂਦ ਸੂਬੇ ਦੀ ਸਰਕਾਰ ਦੇ ਵਿੱਤੀ ਸਲਾਹਕਾਰਾਂ ਨੂੰ ਸਮਝ ਨਹੀਂ ਆਈ ਅਤੇ ਅੱਜ ਪੰਜਾਬ ਇੱਕ ਵਾਰ ਫਿਰ ਵੱਡੇ ਵਿੱਤੀ ਸੰਕਟ ਦੇ ਕੰਢੇ ’ਤੇ ਪਹੁੰਚ ਗਿਆ ਹੈ। ਪਿਛਲੇ ਦਿਨੀਂ ਕੈਗ ਵੱਲੋਂ ਜਾਰੀ ਰਿਪੋਰਟ ਸੂਬਾ ਸਰਕਾਰ ਲਈ ਇੱਕ ਬਹੁਤ ਵੱਡੇ ਝਟਕੇ ਵਾਂਗ ਹੈ, ਜਿਸ ’ਚ ਸੂਬਾ ਸਰਕਾਰ ਦੇ ਵਲੋਂ ਵਿੱਤੀ ਸਾਧਨਾਂ ਦੀ ਗਲਤ ਵਰਤੋਂ ਅਤੇ ਪ੍ਰਬੰਧਕੀ ਖਾਮੀਆਂ ਬਾਰੇ ਕਈ ਸੰਕੇਤ ਦਿੱਤੇ ਗਏ ਹਨ।

# ਯੂ.ਪੀ., ਐਮ.ਪੀ., ਰਾਜਸਥਾਨ ’ਚ ਦਲਿਤਾਂ ’ਤੇ ਅੱਤਿਆਚਾਰ ਸਿਖ਼ਰ ’ਤੇ




ਇੱਕ ਸਰਕਾਰੀ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ 2022 ਦੌਰਾਨ ਅਨੁਸੂਚਿਤ ਜਾਤੀਆਂ (ਐਸ.ਸੀ.) ਵਿਰੁੱਧ ਸਭ ਤੋਂ ਵੱਧ ਅੱਤਿਆਚਾਰਾਂ ਦੀ ਸੂਚਨਾ ਮਿਲੀ। ਇੱਕ ਸਰਕਾਰੀ ਰਿਪੋਰਟ ਵਿੱਚ ਇਸ ਗੱਲ ਉਪਰ ਬਹੁਤ ਜ਼ਿਆਦਾ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ ਹੈ। 2022 ਵਿੱਚ, ਦੋਸ਼ੀਆਂ ਨੂੰ ਸਜ਼ਾ ਦੇਣ ਦੀ ਦਰ ਡਿਗਕੇ 32.4 ਪ੍ਰਤੀਸ਼ਤ ਰਹਿ ਗਈ, ਜੋ ਕਿ 2020 ਵਿੱਚ 39.2 ਪ੍ਰਤੀਸ਼ਤ ਸੀ। ਹਾਲਾਂਕਿ ਪਿਛਲੇ 10 ਸਾਲਾਂ ਵਿੱਚ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਤੇ ਹੁਣ ਸਿੱਖਾਂ ਵਿਰੁੱਧ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਪਰ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਿਤ ਕੋਈ ਰਿਪੋਰਟ ਸਰਕਾਰ ਕੋਲ ਉਪਲਬਧ ਨਹੀਂ ਹੈ। ਨਾ ਹੀ ਮੋਦੀ ਸਰਕਾਰ ਦਿਲਚਸਪੀ ਲੈ ਰਹੀ ਹੈ। ਹੁਣ ਦਲਿਤਾਂ ਨਾਲੋਂ ਘੱਟ ਗਿਣਤੀਆਂ ’ਤੇ ਅੱਤਿਆਚਾਰ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ।

ਰਿਪੋਰਟ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਖ਼ਿਲਾਫ਼ ਅੱਤਿਆਚਾਰ ਦੇ ਸਾਰੇ ਮਾਮਲਿਆਂ ਵਿੱਚੋਂ 97.7 ਫੀਸਦੀ 13 ਰਾਜਾਂ ਵਿੱਚ ਦਰਜ ਕੀਤੇ ਗਏ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਵਿੱਚ 12,287 ਕੇਸ ਜਾਂ ਕੁੱਲ ਦਾ 23.78 ਪ੍ਰਤੀਸ਼ਤ, ਰਾਜਸਥਾਨ ਵਿੱਚ 8,651 ਕੇਸ (16.75 ਪ੍ਰਤੀਸ਼ਤ) ਅਤੇ ਮੱਧ ਪ੍ਰਦੇਸ਼ ਵਿੱਚ 7,732 ਕੇਸ (14.97 ਪ੍ਰਤੀਸ਼ਤ) , ਬਿਹਾਰ ਵਿੱਚ 6,796 (13.16 ਪ੍ਰਤੀਸ਼ਤ), ਓਡੀਸ਼ਾ ਵਿੱਚ 3,576 ਕੇਸ (6.93 ਪ੍ਰਤੀਸ਼ਤ), ਅਤੇ ਮਹਾਰਾਸ਼ਟਰ ਵਿੱਚ 2,706 ਕੇਸ(5.24 ਪ੍ਰਤੀਸ਼ਤ) ਸ਼ਾਮਲ ਹਨ। 2022 ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਦੀ ਰੋਕਥਾਮ) ਐਕਟ ਦੇ ਤਹਿਤ ਦਰਜ ਕੀਤੇ ਗਏ। ਕੁੱਲ ਕੇਸਾਂ ਵਿੱਚੋਂ ਲਗਭਗ 81 ਪ੍ਰਤੀਸ਼ਤ ਇਕੱਲੇ ਇਨ੍ਹਾਂ ਛੇ ਰਾਜਾਂ ਵਿੱਚ ਸਨ।

ਐਕਟ ਦੇ ਤਹਿਤ 2022 ਵਿੱਚ ਅਨੁਸੂਚਿਤ ਜਾਤੀਆਂ ਵਿਰੁੱਧ ਅੱਤਿਆਚਾਰ ਦੇ ਕੁੱਲ 51,656 ਕੇਸ ਦਰਜ ਕੀਤੇ ਗਏ ਸਨ। ਰਿਪੋਰਟ ਅਨੁਸਾਰ ਐਸ.ਟੀ. ਦੇ ਖ਼ਿਲਾਫ਼ ਵੀ ਅੱਤਿਆਚਾਰਾਂ ਦੇ ਬਹੁਤੇ ਮਾਮਲੇ 13 ਰਾਜਾਂ ਨਾਲ ਸਬੰਧਤ ਸਨ। 9,735 ਮਾਮਲਿਆਂ ਵਿੱਚੋਂ, ਮੱਧ ਪ੍ਰਦੇਸ਼ ਵਿੱਚ 2,979 ਮਾਮਲੇ (30. 61 ਪ੍ਰਤੀਸ਼ਤ),ਰਾਜਸਥਾਨ ਵਿੱਚ 2,498 ਮਾਮਲੇ (25.66 ਪ੍ਰਤੀਸ਼ਤ), ਅਤੇ ਓਡੀਸ਼ਾ ਵਿੱਚ 773 ਮਾਮਲੇ (7.94 ਪ੍ਰਤੀਸ਼ਤ) ਦਰਜ ਕੀਤੇ ਗਏ।ਅਨੁਸੂਚਿਤ ਜਨਜਾਤੀਆਂ (ਐਸ.ਟੀ.) ਨਾਲ ਸਬੰਧਿਤ ਹੋਰ ਰਾਜਾਂ ਵਿੱਚ 691 ਮਾਮਲਿਆਂ ਦੇ ਨਾਲ ਮਹਾਰਾਸ਼ਟਰ (7.10 ਪ੍ਰਤੀਸ਼ਤ) ਅਤੇ 499 ਮਾਮਲਿਆਂ ਦੇ ਨਾਲ ਆਂਧਰਾ ਪ੍ਰਦੇਸ਼ (5.13 ਪ੍ਰਤੀਸ਼ਤ) ਸ਼ਾਮਲ ਹਨ।ਰਿਪੋਰਟ ਵਿੱਚ ਜਾਂਚ ਅਤੇ ਚਾਰਜਸ਼ੀਟ ਦੇ ਆਧਾਰ ’ਤੇ ਅੰਕੜੇ ਦਿੱਤੇ ਗਏ ਹਨ। ਅਨੁਸੂਚਿਤ ਜਾਤੀ ਨਾਲ ਸਬੰਧਿਤ ਮਾਮਲਿਆਂ ਵਿੱਚ, 60.38 ਪ੍ਰਤੀਸ਼ਤ ਮਾਮਲਿਆਂ ਵਿੱਚ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਸਨ, ਜਦੋਂ ਕਿ 14.78 ਪ੍ਰਤੀਸ਼ਤ ਝੂਠੇ ਦਾਅਵਿਆਂ ਜਾਂ ਸਬੂਤਾਂ ਦੀ ਘਾਟ ਕਾਰਨ ਮਾਮਲੇ ਖਤਮ ਕਰ ਦਿੱਤੇ ਗਏ ਸਨ। 2022 ਦੇ ਅੰਤ ਤੱਕ 17,166 ਮਾਮਲਿਆਂ ਦੀ ਜਾਂਚ ਅਜੇ ਵੀ ਪੈਂਡਿੰਗ ਸੀ।

ਇਸੇ ਤਰ੍ਹਾਂ ਐਸ.ਟੀ. ਨਾਲ ਸਬੰਧਿਤ ਕੇਸਾਂ ਵਿੱਚ 63.32 ਫੀਸਦੀ ਕੇਸਾਂ ਵਿੱਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 14.71 ਫੀਸਦੀ ਸਬੂਤਾਂ ਦੀ ਘਾਟ ਕਾਰਣ ਖਤਮ ਕਰ ਦਿਤੇ ਗਏ। 2022 ਦੇ ਅੰਤ ਤੱਕ, 2,702 ਕੇਸ ਅਜੇ ਵੀ ਜਾਂਚ ਅਧੀਨ ਸਨ। ਰਿਪੋਰਟ ਵਿੱਚ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ ਹੈ। ਦੋਸ਼ੀ ਠਹਿਰਾਏ ਜਾਣ ਦੀ ਦਰ 2020 ਵਿੱਚ 39.2 ਸੀ ਪਰ 2022 ਵਿੱਚ ਘਟ ਕੇ 32.4 ਪ੍ਰਤੀਸ਼ਤ ਰਹਿ ਗਈ। ਰਿਪੋਰਟ ਵਿੱਚ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਸਥਾਪਤ ਵਿਸ਼ੇਸ਼ ਅਦਾਲਤਾਂ ਦੀ ਨਾਕਾਫ਼ੀ ਗਿਣਤੀ ਬਾਰੇ ਵੀ ਚਿੰਤਾ ਪ੍ਰਗਟਾਈ ਗਈ ਹੈ।

14 ਰਾਜਾਂ ਦੇ 498 ਜ਼ਿਲ੍ਹਿਆਂ ਵਿੱਚੋਂ ਸਿਰਫ 194 ਵਿੱਚ ਹੀ ਕਾਨੂੰਨ ਦੇ ਤਹਿਤ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਕੀਤਾ ਗਿਆ ਸੀ। ਰਿਪੋਰਟ ਵਿੱਚ ਅਜਿਹੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ ਜੋ ਵਿਸ਼ੇਸ਼ ਤੌਰ ’ਤੇ ਅੱਤਿਆਚਾਰਾਂ ਦਾ ਸ਼ਿਕਾਰ ਹਨ, ਪਰ ਸਿਰਫ਼ 10 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਅਜਿਹੇ ਜ਼ਿਲ੍ਹੇ ਘੋਸ਼ਿਤ ਕੀਤੇ ਹਨ। ਉੱਤਰ ਪ੍ਰਦੇਸ਼ ਸਮੇਤ ਬਾਕੀ ਉੱਤਰ ਪ੍ਰਦੇਸ਼ ਵਿੱਚ, ਜਿੱਥੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਕੋਈ ਜ਼ਿਲ੍ਹਾ ਐਲਾਨਿਆ ਨਹੀਂ ਗਿਆ ਹੈ। ਰਿਪੋਰਟ ਵਿੱਚ ਜਾਤੀ ਅਧਾਰਿਤ ਹਿੰਸਾ ਨੂੰ ਰੋਕਣ ਅਤੇ ਕਮਜ਼ੋਰ ਭਾਈਚਾਰਿਆਂ ਲਈ ਮਜ਼ਬੂਤ ? ?ਸੁਰੱਖਿਆ ਯਕੀਨੀ ਬਣਾਉਣ ਲਈ ਅਜਿਹੇ ਜ਼ਿਲ੍ਹਿਆਂ ਨੂੰ ਚੁਣਕੇ ਇਨਸਾਫ ਦੇਣ ਦੀ ਮੰਗ ਕੀਤੀ ਗਈ। ਭਾਰਤ ਦੇ ਉਦਾਰਵਾਦੀ ਆਗੂਆਂ ਵਾਂਗ ਇੱਥੋਂ ਦੇ ਸਮਾਜਵਾਦੀ ਤੇ ਸਰਕਾਰਾਂ ਵੀ ਇਹੀ ਸੋਚਦੀਆਂ ਸਨ ਕਿ ਆਰਥਿਕ ਤਰੱਕੀ ਦੇ ਨਾਲ ਜਾਤ-ਪਾਤ ਦਾ ਕੋਹੜ ਮਿਟ ਜਾਏਗਾ। ਖਬੇਪਖੀਆਂ ਨੂੰ ਇਹ ਆਸ ਹੈ ਕਿ ਇਹ ਸ਼ਾਇਦ ਉਦੋਂ ਹੀ ਮਿਟ ਸਕਦਾ ਹੈ ਜਦੋਂ ਦੇਸ਼ ਵਿਚ ਸਮਾਜਵਾਦੀ ਇਨਕਲਾਬ ਹੋਵੇ। ਇਸ ਸਬੰਧ ਵਿਚ ਬੀ.ਆਰ. ਅੰਬੇਦਕਰ ਦੇ ਇਹ ਸ਼ਬਦ ਯਾਦ ਕਰਨੇ ਬਣਦੇ ਹਨ, @@ਹਰ ਸਮਾਜਵਾਦੀ ਨੂੰ ਚਾਹੀਦਾ ਹੈ ਕਿ ਹਿੰਦੋਸਤਾਨ ਦੇ ਸਮਾਜਿਕ ਵਿਧੀ-ਵਿਧਾਨ ਵਰਨ ਆਸ਼ਰਮ ਦਾ ਅਧਿਐਨ ਕਰੇ, ਜਿੰਨਾ ਚਿਰ ਉਹ ਇਸ ਤਰ੍ਹਾਂ ਨਹੀਂ ਕਰਦਾ, ਉਹ ਆਪਣੇ ਇਨਕਲਾਬ ਦੇ ਨਿਸ਼ਾਨੇ ਤਕ ਨਹੀਂ ਪਹੁੰਚ ਸਕਦਾ।

# ਦਿੱਲੀ ਤੇ ਪੰਜਾਬ ਦੇ ਵਪਾਰੀਆਂ ’ਚ ਗੈਂਗਸਟਰਾਂ ਦੀ ਦਹਿਸ਼ਤ



ਇਨ੍ਹੀਂ ਦਿਨੀਂ ਰਾਜਧਾਨੀ ਦਿੱਲੀ ਵਿੱਚ ਗੈਂਗਸਟਰਾਂ ਦਾ ਡਰ ਬਣਿਆ ਹੋਇਆ ਹੈ। ਰਾਜਧਾਨੀ ਦੇ ਕਈ ਉਦਯੋਗਪਤੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ। ਇਹ ਧਮਕੀਆਂ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਦਿੱਤੀਆਂ ਹਨ। ਸਨਅਤਕਾਰਾਂ ਤੋਂ 5 ਕਰੋੜ ਰੁਪਏ ਤੱਕ ਦੀ ਫਿਰੌਤੀ ਮੰਗੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਰਾਜਧਾਨੀ ਦੇ ਕਈ ਵੱਡੇ ਕਾਰੋਬਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। ਗ੍ਰੇਟਰ ਕੈਲਾਸ਼ ਦੇ ਰਹਿਣ ਵਾਲੇ ਗੀਤ ਨਿਰਮਾਤਾ ਅਮਨ ਬੱਤਰਾ ਨੂੰ ਵੀ ਅਜਿਹਾ ਹੀ ਧਮਕੀ ਭਰਿਆ ਕਾਲ ਆਇਆ ਹੈ। ਉਨ੍ਹਾਂ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਹੈ। ਕਾਲ ਕਰਨ ਵਾਲੇ ਵਿਅਕਤੀ ਨੇ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਸਰਗਨਾ ਦੱਸਿਆ। ਉਸ ਨੇ ਅਮਨ ਬੱਤਰਾ ਤੋਂ 5 ਕਰੋੜ ਰੁਪਏ ਦੀ ਮੰਗ ਕੀਤੀ ਹੈ। ਧਮਕੀ ਮਿਲਣ ਤੋਂ ਬਾਅਦ ਅਮਨ ਨੇ ਦਿੱਲੀ ਪੁਲਿਸ ਨੂੰ ਮਾਮਲੇ ਦੀ ਸ਼ਿਕਾਇਤ ਕੀਤੀ ਹੈ। ਦਿੱਲੀ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਦਸਿਆ ਜਾਂਦਾ ਹੈ ਕਿ ਸਰਕਾਰ ਦਾ ਇਸ ਗੈਂਗ ਉਪਰ ਕੋਈ ਕੰਟਰੋਲ ਨਹੀਂ ਰਿਹਾ। ਪੰਜਾਬ ਵਿੱਚ ਵੀ ਇਨ੍ਹਾਂ ਗੈਂਗਸਟਰਾਂ ਦੀ ਦਹਿਸ਼ਤ ਹੈ। ਇਸ ਕਾਰਨ ਕਈ ਕਾਰੋਬਾਰੀ ਕੰਮ ਬੰਦ ਕਰ ਰਹੇ ਹਨ ਜਾਂ ਦੂਜੇ ਰਾਜਾਂ ਵਿੱਚ ਤਬਦੀਲ ਹੋ ਰਹੇ ਹਨ।

ਜੇਲ੍ਹ ਵਿੱਚ ਰਹਿੰਦੇ ਹੋਏ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੱਕ ਹੋਰ ਕਰਤੂਤ ਸਾਹਮਣੇ ਆਈ ਹੈ। ਦਿੱਲੀ ਪੁਲਿਸ ਦੇ ਸੂਤਰਾਂ ਦੇ ਮੁਤਾਬਿਕ ਦਿੱਲੀ ਦਾ ਇੱਕ ਵਪਾਰੀ ਦੁਬਈ ਵਿੱਚ ਬੈਠ ਕੇ ਲਾਰੈਂਸ ਦੀ ਗੇਮਿੰਗ ਬੈਟਿੰਗ ਐੱਪ ਨੂੰ ਆਪਰੇਟ ਕਰ ਰਿਹਾ ਹੈ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਲਾਰੈਂਸ ਆਖਿਰ ਫਿਰੌਤੀ ਦਾ ਪੈਸਾ ਕਿੱਥੇ ਨਿਵੇਸ਼ ਕਰ ਰਿਹਾ ਹੈ ਜਦੋਂ ਜਾਂਚ ਹੋਈ ਤਾਂ ਪਤਾ ਚੱਲਿਆ ਕਿ ਉਹ ਬੈਟਿੰਗ ਐੱਪ ਵਿੱਚ ਪੈਸਾ ਲੱਗਾ ਰਿਹਾ ਹੈ ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵਿੱਚ ਕਈ ਪੰਜਾਬੀ ਗਾਇਕਾਂ ਵੱਲੋਂ ਨਿਵੇਸ਼ ਕੀਤਾ ਜਾ ਰਿਹਾ ਹੈ । ਜਿਸ ਤੋਂ ਬਾਅਦ ਉਹ ਹੁਣ ਪੁਲਿਸ ਦੀ ਰਡਾਰ ’ਤੇ ਆ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਦਿੱਲੀ ਪੁਲਿਸ ਤੋਂ ਇਲਾਵਾ ਹੋਰ ਜਾਂਚ ਏਜੰਸੀਆਂ ਵੀ ਇਸ ਤਫ਼ਤੀਸ਼ ਕਰ ਰਹੀਆਂ ਹਨ।

### ਭਾਰਤ 'ਚ ਘੱਟ ਗਿਣਤੀ ਕੌਮਾਂ ਤੇ ਸਿੱਖ ਨਸਲਵਾਦੀ ਵਰਤਾਰੇ ਦਾ ਮਸਲਾ

# ਭਾਜਪਾ ਰਾਹੁਲ ਦੇ ਬਿਆਨਾਂ ਤੋਂ ਕਿਉਂ ਤੜਫੀ ? ਕਿਉਂ ਕਰਾ ਰਹੀ ਹੈ ਆਪਣੇ ਸਮਰਥਕ ਸਿੱਖਾਂ ਰਾਹੀਂ ਕੇਸ ?

## ਦਿੱਲੀ ਗੁਰਦੁਆਰਾ ਕਮੇਟੀ ਤੇ ਹਰਿਆਣਾ ਗੁਰਦੁਆਰਾ ਕਮੇਟੀ ਉੱਪਰ ਭਾਜਪਾ ਪੱਖੀ ਸਿੱਖਾਂ ਦੇ ਕਬਜ਼ੇ ਕਿਉਂ ?

### ਰਾਹੁਲ ਗਾਂਧੀ ਅਮਰੀਕਾ ਵਿੱਚ ਸਿੱਖਾਂ ਬਾਰੇ ਦਿੱਤੇ ਬਿਆਨ 'ਤੇ ਕਾਇਮ

### ਸ਼੍ਰੋਮਣੀ ਕਮੇਟੀ ਨੇ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਤੇ ਜ਼ੁਲਮ ਬਾਰੇ ਉਠਾਏ ਮਸਲੇ

ਭਾਰਤ ਵਿੱਚ ਇਸ ਸਮੇਂ ਹਰਿਆਣਾ ਅਤੇ ਜੰਮੂ-ਕਸ਼ਮੀਰ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਪਰ ਇਨ੍ਹਾਂ ਚੋਣਾਂ ਤੋਂ ਵੀ ਵੱਧ ਚਰਚਾ ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਅਮਰੀਕੀ ਦੌਰੇ ਦੀ ਹੋ ਰਹੀ ਹੈ। ਪਿਛਲੇ ਦਿਨੀਂ ਰਾਹੁਲ ਗਾਂਧੀ ਨੇ ਵਾਸ਼ਿੰਗਟਨ ਡੀ.ਸੀ. ਦੇ ਸ਼ਹਿਰ ਡੀਲਾਸ, ਟੈਕਸਿਸ ਆਦਿ ਦਾ ਦੌਰਾ ਕੀਤਾ ਸੀ ਤੇ ਇਸ ਦੌਰੇ ਦੌਰਾਨ ਉਨ੍ਹਾਂ ਨੇ ਜਾਰਜਟਾਊਨ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਅਤੇ ਵਾਸ਼ਿੰਗਟਨ ਡੀ.ਸੀ. ਵਿੱਚ ਪ੍ਰੈੱਸ ਤੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਸਿਖਾਂ ਤੇ ਘੱਟਗਿਣਤੀ ਕੌਮਾਂ ਨਾਲ ਵਿਤਕਰੇ ਬਾਰੇ ਕੁਝ ਸਖਤ ਟਿੱਪਣੀਆਂ ਕੀਤੀਆਂ ਸਨ ਤੇ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਵੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਨੇ ਕਿਹਾ ਸੀ ਕਿ ਸੁਆਲ ਰਾਜਨੀਤੀ ਦਾ ਨਹੀਂ ਹੈ, ਸਗੋਂ ਇਹ ਹੈ ਕਿ ਸਿੱਖ ਭਾਈਚਾਰੇ ਦੇ ਲੋਕ ਗੁਰਦੁਆਰਾ ਸਾਹਿਬ ਜਾ ਸਕਦੇ ਹਨ ਜਾਂ ਦਸਤਾਰ ਪਹਿਨ ਸਕਦੇ ਹਨ, ਕੜਾ ਪਾ ਸਕਦੇ ਹਨ ? ਉਨ੍ਹਾਂ ਕਿਹਾ ਕਿ ਦੂਸਰੀਆਂ ਘੱਟ ਗਿਣਤੀਆਂ ਪ੍ਰਤੀ ਵੀ ਉਹ ਇਸੇ ਤਰ੍ਹਾਂ ਦੀ ਧਾਰਮਿਕ ਆਜ਼ਾਦੀ ਦੇ ਸਮਰਥਕ ਹਨ।

ਪਰ ਭਾਰਤ ਵਿੱਚ ਹੁਣ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਹੋਰ ਸਮਰਥਕ ਸੰਗਠਨਾਂ ਵੱਲੋਂ ਰਾਹੁਲ ਗਾਂਧੀ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਆਪਣੇ ਢੰਗ ਝੂਠ ਫੈਲਾਕੇ ਰਾਹੁਲ ਖ਼ਿਲਾਫ਼ ਵਾ-ਵੇਲਾ ਖੜ੍ਹਾ ਕਰ ਦਿੱਤਾ ਤੇ ਆਪਣੇ ਸਮਰਥਕ ਸਿੱਖਾਂ ਨੂੰ ਰਾਹੁਲ ਦੇ ਖ਼ਿਲਾਫ਼ ਹਥਿਆਰ ਵਜੋਂ ਵਰਤਿਆ ਹੈ।



ਭਾਜਪਾ ਦੇ ਸੀਨੀਅਰ ਆਗੂ ਰਾਜਨਾਥ ਸਿੰਘ, ਮਨਜਿੰਦਰ ਸਿੰਘ ਸਿਰਸਾ ਨੇ ਸਭ ਤੋਂ ਪਹਿਲਾਂ ਇਹ ਮੁੱਦਾ ਉਠਾਇਆ ਸੀ ਕਿ ਰਾਹੁਲ ਗਾਂਧੀ ਨੇ ਅਮਰੀਕਾ ਵਿੱਚ ਸਿੱਖਾਂ ਬਾਰੇ ਝੂਠ ਬੋਲਿਆ ਹੈ। ਭਾਰਤ ਵਿੱਚ ਅਜਿਹੀ ਕੋਈ ਗੱਲ ਨਹੀਂ ਹੈ। ਰਵਨੀਤ ਸਿੰਘ ਬਿੱਟੂ ਤਾਂ ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ ਤੱਕ ਚਲੇ ਗਏ। ਮਹਾਰਾਸ਼ਟਰ ਵਿੱਚ ਸ਼ਿਵ ਸੈਨਾ (ਸ਼ਿੰਦੇ) ਗੁੱਟ ਦੇ ਇਕ ਵਿਧਾਇਕ ਨੇ ਤਾਂ ਰਾਹੁਲ ਗਾਂਧੀ ਦੀ ਜੀਭ ਕੱਟਣ ਲਈ ਇਨਾਮ ਵੀ ਰੱਖ ਦਿੱਤਾ। ਰਾਹੁਲ ਵਿਰੁੱਧ ਵੱਖ-ਵੱਖ ਰਾਜਾਂ ਵਿੱਚ ਭਾਜਪਾ ਨੇਤਾਵਾਂ ਵਲੋਂ ਕੇਸ ਵੀ ਦਰਜ ਕਰਵਾਏ ਗਏ ਹਨ। ਕਾਂਗਰਸ ਨੇ ਵੀ ਕਰਨਾਟਕ ਵਿੱਚ ਬਿੱਟੂ ਵਿਰੁੱਧ ਕੇਸ ਦਰਜ ਕਰਵਾਇਆ ਹੈ।

ਹਾਲਾਂਕਿ ਸਿੱਖਾਂ ਦੀ ਬਹੁਗਿਣਤੀ ਬਾਦਲ ਅਕਾਲੀ ਦਲ, ਅਕਾਲੀ ਦਲ ਅੰਮ੍ਰਿਤਸਰ , ਸ਼੍ਰੋਮਣੀ ਕਮੇਟੀ ਸਮੇਤ ਰਾਹੁਲ ਗਾਂਧੀ ਦੇ ਬਿਆਨਾਂ ਦਾ ਸਮਰਥਨ ਕਰ ਰਹੇ ਹਨ।

ਪਰ ਭਾਜਪਾ ਸਮਰਥਕ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੁਲ ਗਾਂਧੀ ਦੇ ਵਿਰੋਧ ਵਿੱਚ ਸਰਗਰਮ ਹੋ ਗਈ ਹੈ। ਬੀਤੇ ਦਿਨੀਂ ਉਸਨੇ ਰਾਹੁਲ ਗਾਂਧੀ ਦੀ ਵਿਵਾਦਿਤ ਟਿੱਪਣੀ ਦੇ ਮਾਮਲੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਨਾਲ ਮੁਲਾਕਾਤ ਕੀਤੀ ਅਤੇ ਸਿੱਖਾਂ ਦੇ ਭਾਰਤ ਵਿੱਚ ਸੁਰੱਖਿਅਤ ਨਾ ਹੋਣ ਦੇ ਰਾਹੁਲ ਗਾਂਧੀ ਦੇ ਬਿਆਨ ਬਾਰੇ ਰੋਸ ਪੱਤਰ ਵੀ ਸੌਂਪਿਆ। ਉਨ੍ਹਾਂ ਮੰਗ ਕੀਤੀ ਕਿ ਰਾਹੁਲ ਗਾਂਧੀ ਦੇ ਇਸ ਗੈਰ-ਜ਼ਿੰਮੇਵਾਰਾਨਾ ਬਿਆਨ ਦਾ ਗੰਭੀਰ ਨੋਟਿਸ ਲਿਆ ਜਾਵੇ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਆਪਣੀ ਹਾਲੀਆ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਉੱਪਰ ਹਮਲਾਵਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਭਾਜਪਾ ਝੂਠ ਦਾ ਸਹਾਰਾ ਲੈ ਰਹੀ ਹੈ। ਉਹ ਮੈਨੂੰ ਚੁੱਪ ਕਰਾਉਣ ਲਈ ਬੇਤਾਬ ਹਨ, ਕਿਉਂਕਿ ਉਹ ਸੱਚਾਈ ਨੂੰ ਬਰਦਾਸ਼ਤ ਨਹੀਂ ਕਰ ਸਕਦੇ... ਪਰ ਮੈਂ ਹਮੇਸ਼ਾ ਉਨ੍ਹਾਂ ਕਦਰਾਂ-ਕੀਮਤਾਂ ਲਈ ਬੋਲਾਂਗਾ ਜੋ ਸਾਡੇ ਭਾਰਤ ਨੂੰ ਪਰਿਭਾਸ਼ਿਤ ਕਰਦੇ ਹਨ, ਵਿਭਿੰਨਤਾ ਵਿੱਚ ਸਾਡੀ ਏਕਤਾ, ਸਮਾਨਤਾ ਅਤੇ ਪਿਆਰ।

ਰਾਹੁਲ ਗਾਂਧੀ ਨੇ ਐਕਸ ਪੋਸਟ ਵਿੱਚ ਇਹ ਵੀ ਪੁੱਛਿਆ ਕਿ 'ਮੈਂ ਭਾਰਤ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਹਰ ਸਿੱਖ ਭੈਣ-ਭਰਾ ਨੂੰ ਪੁੱਛਣਾ ਚਾਹੁੰਦਾ ਹਾਂ - ਕੀ ਜੋ ਮੈਂ ਕਿਹਾ, ਉਸ ਵਿੱਚ ਕੁਝ ਗਲਤ ਹੈ ? ਕੀ ਭਾਰਤ ਇੱਕ ਅਜਿਹਾ ਦੇਸ਼ ਨਹੀਂ ਹੋਣਾ ਚਾਹੀਦਾ ਜਿੱਥੇ ਹਰ ਸਿੱਖ ਅਤੇ ਹਰ ਭਾਰਤੀ ਬਿਨਾਂ ਕਿਸੇ ਡਰ ਤੋਂ ਆਪਣੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰ ਸਕੇ ?'

**ਭਾਜਪਾ ਦਾ ਸਿੱਖਾਂ ਨਾਲ ਵਿਤਕਰਾ ਜਾਰੀ**

ਜਿਥੋਂ ਤੱਕ ਸਿੱਖ ਭਾਈਚਾਰੇ ਦੀ ਗੱਲ ਹੈ ਭਾਜਪਾ ਦਾ ਵਰਤਾਰਾ ਠੀਕ ਨਹੀਂ ਹੈ। ਸਿੱਖ ਭਾਈਚਾਰੇ ਦੇ ਲੋਕਾਂ ਨੂੰ ਅੱਜਕਲ੍ਹ ਇਹ ਸ਼ਿਕਾਇਤ ਹੈ ਕਿ ਪੰਜਾਬ ਦੇ ਮਾੜੇ ਹਾਲਾਤ ਸਮੇਂ ਵੱਖ-ਵੱਖ ਕੇਸਾਂ ਵਿੱਚ ਨਜ਼ਰਬੰਦ ਸਿੱਖ ਬੰਦੀਆਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

(ਬਾਕੀ ਸਫ਼ਾ 31 'ਤੇ)

### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 28 ਨੂੰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ 28 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸੱਦੀ ਗਈ ਹੈ। ਇਸ ਸਬੰਧੀ ਅੰਤ੍ਰਿੰਗ ਕਮੇਟੀ ਮੈਂਬਰਾਂ ਨੂੰ ਪੱਤਰ ਭੇਜ ਦਿੱਤੇ ਹਨ। ਦੱਸਣਯੋਗ ਹੈ ਕਿ ਇਸ ਇਕੱਤਰਤਾ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਜਨਰਲ ਇਜਲਾਸ ਸੱਦਣ ਦੀ ਤਰੀਕ ਵੀ ਐਲਾਨੀ ਜਾ ਸਕਦੀ ਹੈ। ਚਰਚਾਵਾਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਸਬੰਧੀ ਚੱਲ ਰਹੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਮਾਮਲੇ ਦੇ ਫੈਸਲੇ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ ਸੱਦਿਆ ਜਾ ਸਕਦਾ ਹੈ। ਜਥੇਦਾਰਾਂ ਦੇ ਫੈਸਲੇ ਤੋਂ ਬਾਅਦ ਪੈਦਾ ਹੋਣ ਵਾਲੇ ਹਾਲਾਤ ਅਤੇ ਕਈ ਤਰਾਂ ਦੀਆਂ ਰੋਕਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ 'ਤੇ ਅਸਰ ਪਾਉਣਗੀਆਂ।

ਰੋਕਾਂ ਦਾ ਕੋਈ ਮਾੜਾ ਅਸਰ ਜਨਰਲ ਇਜਲਾਸ 'ਤੇ ਨਾ ਪਵੇ ਇਸ ਲਈ ਜਰਨਲ ਇਜਲਾਸ ਨੂੰ ਜਥੇਦਾਰਾਂ ਦੀ ਇਕੱਤਰਤਾ ਤੋਂ ਪਹਿਲਾਂ ਸੱਦਣ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਸੰਵਿਧਾਨ ਦੇ ਮੁਤਾਬਕ ਸਲਾਨਾ ਜਨਰਲ ਇਜਲਾਸ 15 ਅਕਤੂਬਰ ਤੋਂ 30 ਨਵੰਬਰ ਤੱਕ ਸੱਦਿਆ ਜਾ ਸਕਦਾ ਹੈ।28 ਸਤੰਬਰ ਨੂੰ 21 ਦਿਨਾਂ ਦੇ ਨੋਟਿਸ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਜਨਰਲ ਇਜਲਾਸ ਸੱਦਣ ਦਾ ਐਲਾਨ ਕੀਤਾ ਜਾ ਸਕਦਾ ਹੈ। ਚਰਚਾ ਹੈ ਕਿ ਇਹ ਜਨਰਲ ਇਜਲਾਸ 20 ਅਕਤੂਬਰ ਦੇ ਆਸ-ਪਾਸ ਸੱਦਣ ਦੀਆਂ ਗੁਪਤ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ।

# ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ 'ਚ ਹੋਵੇਗੀ 'ਰੈੱਡ ਐਂਟਰੀ'

### ਹਥਿਆਰਾਂ ਦੇ ਨਵੇਂ ਲਾਇਸੈਂਸਾਂ ਲਈ ਨਹੀਂ ਕਰ ਸਕਣਗੇ ਅਪਲਾਈ

### ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਦਾ ਐਲਾਨ

ਚੰਡੀਗੜ੍ਹ/ਏ.ਟੀ.ਨਿਊਜ਼: ਖੇਤਾਂ ਵਿੱਚ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ ਲਾਲ ਐਂਟਰੀਆਂ (ਰੈੱਡ ਐਂਟਰੀਜ਼) ਦਰਜ ਕੀਤੀਆਂ ਜਾਣਗੀਆਂ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਹਥਿਆਰਾਂ ਦੇ ਨਵੇਂ ਲਾਇਸੈਂਸ ਨਹੀਂ ਬਣਾਏ ਜਾਣਗੇ ਤੇ ਨਾ ਹੀ ਪੁਰਾਣੇ ਨਵਿਆਏ ਜਾਣਗੇ। ਹਥਿਆਰਾਂ ਦੇ ਲਾਇਸੈਂਸਾਂ ਨੂੰ ਪਿੰਡਾਂ ਵਿੱਚ ਵੱਕਾਰ ਦਾ ਸਵਾਲ ਮੰਨਿਆ ਜਾਂਦਾ ਹੈ। ਆਗਾਮੀ ਪੰਚਾਇਤੀ ਚੋਣਾਂ ਤੋਂ ਪਹਿਲਾਂ ਲਏ ਗਏ ਇਸ ਫੈਸਲੇ ਨਾਲ ਇੱਕ ਸਿਆਸੀ ਵਿਵਾਦ ਖੜ੍ਹਾ ਹੋ ਸਕਦਾ ਹੈ ਕਿਉਂਕਿ ਕਿਸਾਨ ਯੂਨੀਅਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਖ਼ਿਲਾਫ਼ ਸੂਬਾ ਸਰਕਾਰ ਵੱਲੋਂ ਕੀਤੀ ਜਾਂਦੀ ਕਾਰਵਾਈ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਝੋਨੇ ਦੀ ਵਾਢੀ ਦੇ ਸੀਜ਼ਨ ਵਿੱਚ ਪੰਜਾਬ 'ਚ ਇੱਕ ਹਫ਼ਤੇ ਵਿੱਚ ਪਰਾਲੀ ਸਾੜਨ ਦੇ ਪੰਜ ਦਰਜਨ ਤੋਂ ਵੱਧ ਮਾਮਲੇ ਸਾਹਮਣੇ ਆਉਣ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਜ਼ਮੀਨੀ ਰਿਕਾਰਡ ਵਿੱਚ 'ਰੈੱਡ ਐਂਟਰੀ' ਦਰਜ ਕੀਤੀ ਜਾਵੇਗੀ। ਸਿਰਫ਼ ਇਹੀ ਨਹੀਂ, ਬਲਕਿ ਉਹ ਕਿਸਾਨ ਜਿਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ 'ਰੈੱਡ ਐਂਟਰੀ' ਦਰਜ ਹੋਵੇਗੀ, ਉਹ ਨਾ ਤਾਂ ਹਥਿਆਰਾਂ ਦੇ ਨਵੇਂ ਲਾਇਸੈਂਸ ਲਈ ਅਰਜ਼ੀ ਦੇ ਸਕਣਗੇ ਅਤੇ ਨਾ ਹੀ ਉਨ੍ਹਾਂ ਦੇ ਪੁਰਾਣੇ ਲਾਇਸੈਂਸ ਨਵਿਆਏ ਜਾਣਗੇ। ਸੂਤਰਾਂ ਮੁਤਾਬਕ ਅਗਲੇ ਕੁਝ ਦਿਨਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਰਸਮੀ ਹੁਕਮ ਜਾਰੀ ਕੀਤੇ ਜਾਣਗੇ। ਹਾਲਾਂਕਿ ਕੁਝ ਜ਼ਿਲ੍ਹਿਆਂ ਵਿੱਚ ਇਹ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਪੰਜਾਬ ਵਿੱਚ ਬੀਤੇ ਦਿਨ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਜੋ ਕਿ 15 ਸਤੰਬਰ ਤੋਂ ਸ਼ੁਰੂ ਹੋਏ। ਇਸ ਸੀਜ਼ਨ ਦੇ ਇੱਕ ਦਿਨ ਵਿੱਚ ਸਾਹਮਣੇ ਆਉਣ ਵਾਲੇ ਇਹ ਸਭ ਤੋਂ ਵੱਧ ਮਾਮਲੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਛੇ ਮਾਮਲੇ ਅੰਮ੍ਰਿਤਸਰ 'ਚ, ਚਾਰ ਮਾਮਲੇ ਗੁਰਦਾਸਪੁਰ ਅਤੇ ਇਕ ਮਾਮਲਾ ਪਟਿਆਲਾ 'ਚ ਸਾਹਮਣੇ ਆਇਆ ਹੈ। ਉਪਗ੍ਰਹਿ ਦੀਆਂ ਤਸਵੀਰਾਂ ਤੋਂ ਸੂਬੇ ਵਿੱਚ ਪਰਾਲੀ ਸਾੜਨ ਦੇ 11 ਮਾਮਲੇ ਸਾਹਮਣੇ ਆਏ ਹਨ ਜਦਕਿ 2022 ਵਿੱਚ ਇਸ ਦਿਨ ਅਜਿਹੇ



ਮਾਮਲਿਆਂ ਦੀ ਗਿਣਤੀ 30 ਸੀ ਅਤੇ 2023 ਵਿੱਚ ਇਸ ਦਿਨ ਪਰਾਲੀ ਸਾੜਨ ਦਾ ਇੱਕ ਵੀ ਮਾਮਲਾ ਸਾਹਮਣੇ ਨਹੀਂ ਆਇਆ ਸੀ। ਦੂਜੇ ਪਾਸੇ ਕਿਸਾਨ ਯੂਨੀਅਨਾਂ ਮੰਗ ਕਰ ਰਹੀਆਂ ਹਨ ਕਿ ਉਨ੍ਹਾਂ ਨੂੰ ਪਰਾਲੀ ਦੇ ਨਿਬੇੜੇ ਲਈ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਕਿਸਾਨ ਯੂਨੀਅਨਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਰਾਲੀ ਦੇ ਨਿਬੇੜੇ ਲਈ ਕੋਈ ਸਹਿਯੋਗ ਨਾ ਕੀਤੇ ਜਾਣ ਕਾਰਨ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹਨ।

**ਜ਼ਮੀਨੀ ਰਿਕਾਰਡ ਘੋਖਣ ਮਗਰੋਂ ਹੀ ਦਿੱਤੀ ਜਾਵੇਗੀ ਲਾਇਸੈਂਸਾਂ ਨੂੰ ਮਨਜ਼ੂਰੀ**

ਪਟਿਆਲਾ ਦੇ ਏਡੀਸੀ-ਕਮ-ਵਧੀਕ ਜ਼ਿਲ੍ਹਾ ਮੈਜਿਸਟਰੇਟ ਕੰਚਨ ਨੇ ਹੁਕਮ ਜਾਰੀ (ਬਾਕੀ ਸਫ਼ਾ 30 'ਤੇ)

# ਪੰਜਾਬ 'ਚ ਵਿਕ ਰਿਹਾ ਹੈ ਮਿਲਾਵਟੀ ਤੇ ਜ਼ਹਿਰੀਲਾ ਨਕਲੀ ਦੁੱਧ

### ਨਕਲੀ ਦੁੱਧ ਦੇ ਉਤਪਾਦਾਂ ਦੀ ਵਿਕਰੀ ਜ਼ੋਰਾਂ 'ਤੇ, ਸਰਕਾਰ ਗੰਭੀਰ ਨਹੀਂ

ਹੁਣੇ ਜਿਹੇ ਕੀਤੇ ਗਏ ਕੁਝ ਸਰੇਵਖਣਾਂ ਮੁਤਾਬਕ, ਪੰਜਾਬ ਵਿੱਚ ਦੇਸੀ ਘਿਓ ਦੇ 21 ਤੇ ਖੋਏ ਦੇ 26 ਫ਼ੀਸਦੀ ਨਮੂਨੇ ਘੱਟ-ਘੱਟ ਪੈਮਾਨੇ ਪੂਰਾ ਕਰਨ ਵਿੱਚ ਨਾਕਾਮ ਰਹੇ ਹਨ। ਸਬੰਧਿਤ ਅਧਿਕਾਰੀ ਇਸ ਮਾਮਲੇ ਵਿੱਚ ਅੱਖਾਂ ਬੰਦ ਕਰੀ ਬੈਠੇ ਹਨ ਤੇ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਰਹੇ ਹਨ। ਇਸ ਵਿਸ਼ੇ 'ਤੇ ਦਾਖ਼ਲ ਇੱਕ ਜਨਹਿੱਤ ਪਟੀਸ਼ਨ 'ਤੇ ਹਾਈ ਕੋਰਟ ਨੇ ਸਖ਼ਤ ਰੁਖ਼ ਅਪਣਾਉਂਦੇ ਹੋਏ ਪੰਜਾਬ ਵਿੱਚ ਮਿਲਾਵਟੀ ਦੁੱਧ ਤੇ ਦੁੱਧ ਆਧਾਰਿਤ ਉਤਪਾਦਾਂ ਦੀ ਵਿਕਰੀ ਦੀਆਂ ਵਧਦੀਆਂ ਸਮੱਸਿਆਵਾਂ ਨੂੰ ਕੰਟਰੋਲ ਕਰਨ ਲਈ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਤੇ ਮਾਮਲੇ ਵਿੱਚ ਜਵਾਬ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਖੇਤਰਪਾਲ ਦੇ ਬੈਂਚ ਨੇ ਇਹ ਆਦੇਸ਼ ਹਾਈ ਕੋਰਟ ਦੀ ਵਕੀਲ ਸੁਨੈਨਾ ਵੱਲੋਂ ਦਾਖ਼ਲ ਪਟੀਸ਼ਨ



'ਤੇ ਜਾਰੀ ਕੀਤਾ। ਸੁਨੈਨਾ ਨੇ ਕੁਝ ਰਿਪੋਰਟਾਂ ਦਾ ਹਵਾਲਾ ਦੇ ਕੇ ਹਾਈ ਕੋਰਟ ਨੂੰ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਮੁਤਾਬਕ ਭਾਰਤ ਵਿੱਚ ਰੋਜ਼ਾਨਾ ਵਿਕਣ ਵਾਲੇ 64 ਕਰੋੜ ਲੀਟਰ ਦੁੱਧ ਵਿਚੋਂ 50 ਕਰੋੜ ਲੀਟਰ ਦੁੱਧ ਨਕਲੀ ਜਾਂ ਮਿਲਾਵਟੀ ਹੁੰਦਾ ਹੈ। ਭਾਰਤ ਦੇ 70 ਫ਼ੀਸਦੀ ਤੋਂ ਵੱਧ ਦੁੱਧ ਉਤਪਾਦ ਰਾਸ਼ਟਰੀ ਖ਼ੁਰਾਕੀ ਪੈਮਾਨਿਆਂ 'ਤੇ ਖਰੇ ਨਹੀਂ ਉਤਰੇ। ਜੇਕਰ ਦੁੱਧ ਉਤਪਾਦਾਂ ਦੀ ਜਾਂਚ ਨਾ ਕੀਤੀ ਗਈ ਤਾਂ 2025 ਤੱਕ 97 ਫ਼ੀਸਦੀ ਭਾਰਤੀ ਮਾਰੂ ਬਿਮਾਰੀਆਂ ਕੈਂਸਰ ਕਾਲਾ ਪੀਲੀਆ ,ਕਿਡਨੀ ਬਿਮਾਰੀਆਂ ਹਾਰਟ ਅਟੈਕ ਆਦਿ ਦਾ ਸ਼ਿਕਾਰ ਹੋ ਸਕਦੇ ਹਨ।

ਵਿਗਿਆਨ ਤੇ ਤਕਨੀਕੀ ਮੰਤਰਾਲੇ ਦੀ ਰਿਪੋਰਟ ਮੁਤਾਬਕ, 89.2 ਫ਼ੀਸਦੀ ਦੁੱਧ ਉਤਪਾਦਾਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਮਿਲਾਵਟ ਪਾਈ ਗਈ ਹੈ। ਹਾਈ ਕੋਰਟ ਨੇ ਦੱਸਿਆ ਕਿ ਭਾਰਤ ਦੁੱਧ ਉਤਪਾਦਨ ਦੇ ਮਾਮਲੇ ਵਿੱਚ ਦੁਨੀਆਂ ਦੇ ਮੋਹਰੀ ਦੇਸ਼ਾਂ ਵਿੱਚ ਸ਼ਾਮਿਲ ਹੈ, ਪਰ ਇੱਥੇ ਮਿਲਾਵਟੀ ਦੁੱਧ ਉਤਪਾਦਨ ਕਿਤੇ ਜ਼ਿਆਦਾ ਹੈ। ਜੇਕਰ ਅੰਕੜੇ ਦੇਖੀਏ ਤਾਂ ਦੇਸ਼ ਵਿੱਚ 14 ਕਰੋੜ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ,

(ਬਾਕੀ ਸਫ਼ਾ 30 'ਤੇ)

# ਸ਼ਤਾਬਦੀ ਸਮਾਗਮ: ਕੌਮ ਨੂੰ ਪੰਥਕ ਏਜੰਡਾ ਨਿਰਧਾਰਿਤ ਕਰਨ ਦੀ ਲੋੜ: ਗਿਆਨੀ ਰਘਬੀਰ ਸਿੰਘ

ਸ੍ਰੀ ਗੋਇੰਦਵਾਲ ਸਾਹਿਬ/ਏ.ਟੀ.ਨਿਊਜ਼: ਸ੍ਰੀ ਗੁਰੂ ਰਾਮਦਾਸ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਦੇ ਜੋਤੀ-ਜੋਤਿ ਦਿਵਸ ਦੇ 450 ਸਾਲ ਪੂਰੇ ਹੋਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਮੁੱਖ ਸਮਾਗਮ ਦੌਰਾਨ ਇੱਥੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੌਮ ਦੀਆਂ ਭਵਿੱਖੀ ਤਰਜੀਹਾਂ ਨਿਰਧਾਰਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ।

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਮਗਰੋਂ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੀ ਦਰਸਾਈ ਜੀਵਨ ਜਾਂਚ ਦੀ ਰੌਸ਼ਨੀ ’ਚ ਸਿੱਖ ਕੌਮ ਆਪਾ ਪੜਚੋਲ ਕੇ ਵਿਆਪਕ ਪੰਥਕ ਏਜੰਡਾ ਨਿਰਧਾਰਿਤ ਕਰੇ। ਸਿੱਖਾਂ ਦੀਆਂ ਕੌਮੀ ਤਰਜੀਹਾਂ ਅਤੇ ਹਿੱਤਾਂ ਨੂੰ ਵਿਸ਼ਾਲ ਪ੍ਰਸੰਗ ਵਿੱਚ ਵਿਚਾਰ ਕੇ ਸ਼ਕਤੀਸ਼ਾਲੀ ਬੌਧਿਕ, ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਮੰਚ ਮਜ਼ਬੂਤ ਕਰਨਾ ਅੱਜ ਪਹਿਲੀ ਲੋੜ ਹੈ। ਉਨ੍ਹਾਂ ਕੌਮੀ ਸੰਕਟਾਂ ਦੀ ਗੱਲ ਕਰਦਿਆਂ ਕਿਹਾ ਕਿ ਆਪਸੀ ਧੜੇਬੰਦੀਆਂ, ਵਖਰੇਵਿਆਂ ਤੋਂ ਉੱਪਰ ਉੱਠ ਕੇ ਏਕਤਾ ਦੇ ਰਾਹ ਤੁਰਨਾ ਹੀ ਇਨ੍ਹਾਂ ਵਿੱਚੋਂ ਨਿਕਲਣ ਦਾ ਅਸਲ ਮਾਰਗ ਹੈ, ਜਿਸ ਨੂੰ ਯਕੀਨੀ ਤੌਰ ’ਤੇ ਅਪਨਾਉਣਾ ਪਵੇਗਾ।

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਸਿੱਖਾਂ ਨਾਲ ਹਕੂਮਤੀ ਵਿਤਕਰੇ ਖ਼ਿਲਾਫ਼ ਚੁੱਕੇ ਸਵਾਲ



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੀ ‘ਆਪ’ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਬੀਤੇ ’ਚ ਸ਼ਤਾਬਦੀਆਂ ਮੌਕੇ ਹਰ ਸਰਕਾਰ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਂਦੀ ਰਹੀ ਹੈ ਪਰ ਮੌਜੂਦਾ ਸਰਕਾਰ ਦਾ ਨਕਾਰਾਤਮਕ ਰਵੱਈਆ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇੱਥੇ ਵਿਕਾਸ ਕਾਰਜ ਅਤੇ ਸ਼ਮੂਲੀਅਤ ਤਾਂ ਦੂਰ ਦੀ ਗੱਲ, ਬਲਕਿ ਗੁਰੂ ਸਾਹਿਬ ਨੂੰ ਸਮਰਪਿਤ ਹੁੰਦਿਆਂ ਪੰਜਾਬ ਅੰਦਰ ਛੁੱਟੀ ਤੱਕ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਤਖ਼ਤ ਹਜ਼ੂਰ ਸਾਹਿਬ ਅਤੇ ਤਖ਼ਤ ਪਟਨਾ ਸਾਹਿਬ ਵਿਖੇ ਬੀਤੇ ਦਿਨੀਂ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੀ ਆਮਦ ਮੌਕੇ ਹੋਈ ਮਰਿਆਦਾ ਦੀ ਉਲੰਘਣਾ ’ਤੇ ਵੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਪੰਥ ਵਿਰੋਧੀ ਕਿਸੇ ਵੀ ਏਜੰਡੇ ਨੂੰ ਕਾਮਯਾਬ ਨਾ ਹੋਣ ਦਿੱਤਾ ਜਾਵੇ ਅਤੇ ਏਕੇ ਨਾਲ ਕੌਮੀ ਹੱਕਾਂ ਵਾਸਤੇ ਯਤਨ ਕੀਤੇ ਜਾਣ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਗਵਾਈ ਦਾ ਕੇਂਦਰ ਹੈ, ਜਿੱਥੇ ਪੂਰੀ ਕੌਮ ਨੂੰ ਪੰਥਕ ਮਾਮਲਿਆਂ ਵਿੱਚ ਸਾਰੇ ਮਤਭੇਦ ਪਾਸੇ ਰੱਖ ਕੇ ਇਕਜੁੱਟ ਹੋਣਾ ਚਾਹੀਦਾ ਹੈ।

ਸਮਾਗਮ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ, ਦਲ ਪੰਥ ਬਾਬਾ ਬਿਧੀ ਚੰਦ ਦੇ ਮੁਖੀ ਬੀਬੀ ਅਵਤਾਰ ਸਿੰਘ ਸੁਰਸਿੰਘ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਪਦਮਸ਼੍ਰੀ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ, ਬਾਬਾ ਘੋਲਾ ਸਿੰਘ, ਬਾਬਾ ਗੁਰਨਾਮ ਸਿੰਘ ਸੰਪਰਦਾਇ ਸਰਹਾਲੀ ਸਾਹਿਬ ਵਾਲੇ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਗਿਆਨੀ ਗਗਨਦੀਪ ਸਿੰਘ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਗਿਆਨੀ ਤਨਵੀਰ ਸਿੰਘ ਨੇ ਹਾਜ਼ਰੀ ਭਰੀ।

## ਸਿੱਖ ਨੌਜਵਾਨ ਨਾਲ ਬਦਸਲੂਕੀ ਕਰਨ ਵਾਲੇ ਪੁਲਿਸ ਅਧਿਕਾਰੀ ਵਿਰੁੱਧ ਉੱਤਰਾਖੰਡ ਸਰਕਾਰ ਕਰੇ ਕਾਰਵਾਈ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰਾਖੰਡ ਦੇ ਊਧਮ ਸਿੰਘ ਨਗਰ ਦੀ ਆਦਰਸ਼ ਕਲੋਨੀ ਪੁਲਿਸ ਚੌਕੀਂ ਦੇ ਇੰਚਾਰਜ ਵੱਲੋਂ ਜਾਂਚ ਦੇ ਨਾਮ ’ਤੇ ਸਿੱਖ ਨੌਜਵਾਨ ਜਸਦੀਪ ਸਿੰਘ ਦੇ ਨਾਲ ਬਦਸਲੂਕੀ ਕਰਨ ਅਤੇ ਉਸ ਦੇ ਕਕਾਰਾਂ ਦੀ ਬੇਅਦਬੀ ਕਰਨ ਦਾ ਸਖ਼ਤ ਨੋਟਿਸ ਲੈਂਦਿਆਂ ਪੁਲਿਸ ਅਧਿਕਾਰੀ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ ’ਤੇ ਇਸ ਦੀ ਵੀਡੀਓ ਵਾਇਰਲ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਬੇਹੱਦ ਦੁਖਦਾਈ ਤੇ ਗ਼ੈਰ-ਜ਼ੁੰਮੇਵਰਾਨਾ ਹਰਕਤ ਹੈ, ਜਿਸ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅੰਦਰ ਘੱਟਗਿਣਤੀਆਂ ਅਤੇ ਖ਼ਾਸ ਕਰ ਕੇ ਸਿੱਖਾਂ ਨਾਲ ਨਫਤਰੀ ਵਤੀਰੇ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਕੁਝ ਫਿਰਕੂ ਮਾਨਸਿਕਤਾ ਵਾਲੇ ਲੋਕ ਅਜਿਹੀਆਂ ਹਰਕਤਾਂ ਕਰ ਕੇ ਸਮਾਜਿਕ ਭਾਈਚਾਰੇ ਨੂੰ ਵੀ ਸੱਟ ਮਾਰਦੇ ਹਨ, ਜੋ ਦੇਸ਼ ਹਿੱਤ ਵਿਚ ਨਹੀਂ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੁਲਿਸ ਦਾ ਕੰਮ ਲੋਕਾਂ ਦੀ ਰਖਵਾਲੀ ਕਰਨਾ ਹੈ, ਪਰ ਜਦੋਂ ਕੋਈ ਪੁਲਿਸ ਅਧਿਕਾਰੀ ਜਾਣ ਬੁੱਝ ਕੇ ਇੱਕ ਖ਼ਾਸ ਭਾਈਚਾਰੇ ਦੇ ਨੌਜਵਾਨ ਨਾਲ ਗ਼ਲਤ ਤਰੀਕੇ ਪੇਸ਼ ਆਉਂਦਾ ਹੈ ਤਾਂ ਇਹ ਹੋਰ ਵੀ ਮੰਦਭਾਗਾ ਹੈ। ਐਡਵੋਕੇਟ ਧਾਮੀ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਸਬੰਧਿਤ ਪੁਲਿਸ ਅਧਿਕਾਰੀ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾਵੇ।

## ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਆਗੂ ਟਿੰਮਾ ਖ਼ਿਲਾਫ਼ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰਨ ਦੀ ਕੀਤੀ ਨਿਖੇਧੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਸਿੱਖ ਆਗੂ ਭਾਈ ਤੇਜਿੰਦਰ ਪਾਲ ਸਿੰਘ ਟਿੰਮਾ ਖ਼ਿਲਾਫ਼ ਪੁਲਿਸ ਵਲੋਂ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਗ੍ਰਿਫਤਾਰੀ ਵਾਰੰਟ ਜਾਰੀ ਕਰਨ ਦੀ ਸਖਤ ਨਿਖੇਧੀ ਕੀਤੀ ਹੈ।



ਉਨ੍ਹਾਂ ਕਿਹਾ ਕਿ ਭਾਈ ਟਿੰਮਾ ਨੇ ਦੇਸ਼ਧ੍ਰੋਹ ਵਾਲਾ ਕੋਈ ਕੰਮ ਨਹੀਂ ਸੀ ਕੀਤਾ, ਪਰ ਰਾਜਸਥਾਨ ਸਰਕਾਰ ਨੇ ਵਿਚਾਰਾਂ ਦੇ ਪ੍ਰਗਟਾਵੇ ਦੀ ਸੰਵਿਧਾਨਿਕ ਆਜ਼ਾਦੀ ਦਾ ਗਲਾ ਘੁੱਟਦਿਆਂ ਭਾਈ ਟਿੰਮਾ ਖ਼ਿਲਾਫ਼ ਪਹਿਲਾਂ ਤਾਂ ਝੂਠਾ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰ ਕੇ ਘੱਟ-ਗਿਣਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਂਣ ਦੀ ਕੋਸ਼ਿਸ਼ ਕੀਤੀ ਅਤੇ ਭਾਈ ਟਿੰਮਾ ਨੂੰ ਉੱਚ ਅਦਾਲਤ ਵਲੋਂ ਅਗਾਊਂ ਜ਼ਮਾਨਤ ਮਿਲੀ ਹੋਣ ਦੇ ਬਾਵਜੂਦ ਗ੍ਰਿਫ਼ਤਾਰੀ ਵਾਰੰਟ ਜਾਰੀ ਕਰ ਕੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਦੇਸ਼ ਵਿੱਚ ਕਿਤੇ ਵੀ ਕਿਸੇ ਸਿੱਖ ਨਾਲ ਧੱਕੇਸ਼ਾਹੀ ਦੇ ਵਿਰੁੱਧ ਸਾਰੀ ਸਿੱਖ ਕੌਮ ਇਕਜੁਟ ਹੋ ਕੇ ਹਮੇਸ਼ਾ ਵਿਰੋਧ ਕਰਦੀ ਰਹੇਗੀ।

ਉਨ੍ਹਾਂ ਸਰਕਾਰ ਨੂੰ ਹਠ ਧਰਮ ਤਿਆਗ ਕੇ ਰਾਜ ਧਰਮ ਨਿਭਾਉਂਦਿਆਂ ਘੱਟ-ਗਿਣਤੀਆਂ ਪ੍ਰਤੀ ਨਿਆਂਪੂਰਨ ਰਵੱਈਆ ਅਪਨਾਉਂਣ ਦੀ ਵੀ ਨਸੀਹਤ ਦਿੱਤੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਭਾਈ ਟਿੰਮਾ ਦੇ ਨਾਲ ਰਾਜਸਥਾਨ ਸਰਕਾਰ ਵਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖ਼ਿਲਾਫ਼ ਬਣਦੀ ਕਾਨੂੰਨੀ ਚਾਰਾਜੋਈ ਕਰੇ।

## ਸ਼ਤਾਬਦੀਆਂ ਦੇ ਰੁਝੇਵੇਂ ਬਾਅਦ ਹੋਵੇਗੀ ‘ਜਥੇਦਾਰਾਂ’ ਦੀ ਬੈਠਕ

ਅੰਮ੍ਰਿਤਸਰ/ਏ.ਟੀ.ਨਿਊਜ਼: ਤਨਖ਼ਾਹੀਆ ਕਰਾਰ ਦਿਤੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਸਜ਼ਾ ਸੁਣਾਉਣ ਲਈ ਜਥੇਦਾਰਾਂ ਦੀ ਬੈਠਕ ਕਿਸੇ ਵੀ ਸਮੇਂ ਬੁਲਾ ਸਕਦੇ ਹਨ। ਸ਼ਤਾਬਦੀਆਂ ਕਾਰਨ ਸਮੁੱਚੀ ਸਿੱਖ ਪੰਥ ਦੀ ਲੀਡਰਸ਼ਿਪ ਰੁਝੀ ਹੋਈ ਹੈ।





ਦੂਸਰੇ ਪਾਸੇ ਸਾਬਕਾ ਜਥੇਦਾਰ ਗਿ. ਗੁਰਬਚਨ ਸਿੰਘ, ਬਲਵਿੰਦਰ ਸਿੰਘ ਭੂੰਦੜ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸੁਖਦੇਵ ਸਿੰਘ ਢੀਂਡਸਾ ਨੂੰ ਵੀ ਤਲਬ ਕਰਨ ਦੀ ਮੰਗ ਹੋਈ ਹੈ ਪਰ ਜਥੇਦਾਰ ਸਾਹਿਬ ਵਲੋਂ ਇਨ੍ਹਾਂ ਨੂੰ ਬੁਲਾਉਣ ਦੀ ਸਥਿਤੀ ਸਪੱਸ਼ਟ ਨਹੀਂ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਇਸ ਵਾਦ-ਵਿਵਾਦ ਕਾਰਨ ਵੀ ਸੂਬੇ ਦੀਆਂ ਸਰਗਰਮੀਆਂ ਵਿੱਚ ਖਾਮੋਸ਼ੀ ਹੈ।

ਜਥੇਦਾਰ ਸਾਹਿਬ ਦੇ ਆਦੇਸ਼ ਕਾਰਨ ਵੀ ਅਕਾਲੀ ਲੀਡਰਸ਼ਿਪ ਵਿੱਚ ਬਿਆਨਬਾਜ਼ੀ ਤੇ ਦੋਸ਼ ਲਾਉਣ ਦਾ ਰੁਝਾਨ ਘੱਟ ਹੈ। ਇਸ ਵੇਲੇ ਪੰਜਾਬ ਨੂੰ ਰਾਜਸੀ ਤੇ ਆਰਥਿਕ ਸੂਝ ਵਿੱਚ ਮਾਹਿਰ ਲੀਡਰਸ਼ਿਪ ਦੀ ਲੋੜ ਹੈ ਜੋ ਸਰਹੱਦੀ ਸੂਬੇ ਨੂੰ ਸਮੇਂ ਦਾ ਹਾਣੀ ਬਣਾਉਣ ਦੀ ਸਮਰੱਥ ਹੋਵੇ।

ਰਾਜਸੀ ਮਾਹਰਾਂ ਦੀ ਮੰਨੀਏ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਸਿੱਖ ਪੰਥ ਦੀ ਲੀਡਰਸ਼ਿਪ ਰਾਜਸੀ ਤਾਕਤ ਲੈਣ ਵਿੱਚ ਉਲਝੀ ਰਹੀ। ਇਸ ਦੀਆਂ ਧੜੇਬੰਦਕ ਲੜਾਈਆਂ ਨੇ ਪੰਜਾਬ ਦੇ ਲੋਕਾਂ ਖ਼ਾਸ ਕਰ ਕੇ ਸਿੱਖੀ ਦਾ ਬਹੁਤ ਨੁਕਸਾਨ ਕੀਤਾ। ਦੂਸਰੇ ਪਾਸੇ ਪੰਜਾਬ ਦੇ ਸਿਆਸੀ ਦਲ ਵੀ ਸੂਬੇ ਦੇ ਹਿਤਾਂ ਭਾਵ ਦਰਿਆਈ ਪਾਣੀਆਂ, ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਦੇਣ ਵਰਗੇ ਮੁੱਦਿਆਂ ਤੇ ਆਪੋ ਅਪਣੀਆਂ ਹਾਈ ਕਮਾਂਡ ’ਤੇ ਜ਼ੋਰ ਨਹੀਂ ਦਿਤਾ ਜਿਸ ਦੀ ਜ਼ਰੂਰਤ ਸੀ।

ਅੱਜ ਪੰਜਾਬ ਦੇ ਲੋਕ ਤੇ ਖ਼ਾਸ ਕਰ ਕੇ ਸਿੱਖ ਨਵੇਂ ਪੁਰਾਣੇ ਬਾਦਸ਼ਾਹਾਂ ਤੋਂ ਖ਼ਫ਼ਾ ਹਨ, ਜੋ ਹਰ ਫ਼ਰੰਟ ਤੇ ਇਸ ਨਾਲ ਵਿਤਕਰਾ ਕਰਨ ਦੇ ਨਾਲ ਨਾਲ ਸੂਬੇ ਨੂੰ ਰਾਜਸੀ ਸਥਿਰਤਾ ਤੇ ਆਰਥਿਕ ਮਜ਼ਬੂਤੀ ਪ੍ਰਦਾਨ ਕਰਨ ਦੀ ਥਾਂ, ਉਹ ਲਤਾੜੇ ਤੇ ਤੁਲ ਗਏ ਹਨ। ਇਸ ਲਈ ਕਾਫ਼ੀ ਹਦ ਤਕ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਜ਼ੁੰਮੇਵਾਰ ਹੈ ਜੋ ਸਿਰਫ਼ ਸੱਤਾ ਲਈ ਆਪਸੀ ਧੜੇਬੰਦਕ-ਲੜਾਈਆਂ ਵਿੱਚ ਇੰਨੇ ਜ਼ਿਆਦਾ ਉਲਝ ਗਏ ਹਨ ਕਿ ਉਸ ਦਾ ਵਰਨਣ ਕਰਨਾ ਮੁਸ਼ਕਲ ਹੈ।

ਪੰਜਾਬੀਆਂ, ਸਿੱਖਾਂ ਅਕਾਲੀ ਲੀਡਰਸ਼ਿਪ ਨੂੰ ਸੱਤਾ ਕਈ ਵਾਰ ਸੌਂਪੀ ਪਰ ਇਹ ਅਪਣੇ ਘਰ ਭਰਨ, ਵੰਸ਼ਵਾਦ ਤਕ ਹੀ ਸੀਮਿਤ ਰਹੇ। ਦੂਸਰੇ ਪਾਸੇ ਪੰਜਾਬ ਦੇ ਸਮੂਹ ਸਿਆਸੀ ਦਲ ਵੀ ਤਾਕਤ ਵਿੱਚ ਰਹੇ, ਪਰ ਉਹ ਵੀ ਸੂਬੇ ਨੂੰ ਨਾ ਤਾਂ ਸਿਆਸੀ ਸਥਿਰਤਾ ਪ੍ਰਦਾਨ ਕਰ ਸਕੇ ਅਤੇ ਨਾ ਹੀ ਆਰਥਿਕ ਮਜ਼ਬੂਤੀ ਲਈ ਬਣਦਾ ਫ਼ਰਜ਼ ਨਿਭਾਉਣ ਵਿੱਚ ਕੋਈ ਉਸਾਰੂ ਰੋਲ ਮਾਡਲ ਬਣ ਸਕੇ। ਅੱਜ ਪੰਜਾਬ ਨੂੰ ਸਿਰਫ਼ ਯੋਗ ਲੀਡਰਸ਼ਿਪ ਦੀ ਲੋੜ ਹੈ। ਸਾਂਝੇ ਪੰਜਾਬ ਦੀ ਵੰਡ, ਦਰਿਆਈ ਪਾਣੀਆਂ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਾਪਸ ਦੇਣ, ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵੀ ਕੇਂਦਰ ਨੇ ਖੋਹ ਲਿਆ, ਕਰਜ਼ਾਈ ਹੋਏ ਪੰਜਾਬ ਅਤੇ ਖ਼ੁਦਕੁਸ਼ੀਆਂ ਕਰ ਰਹੇ ਕਿਸਾਨ ਲਈ ਵਿਸ਼ੇਸ਼ ਰਾਹਤ ਪੈਕੇਜ ਨਹੀਂ ਦਿੱਤਾ ਗਿਆ। ਹਿੰਦ ਪਾਕਿ ਵੰਡ, ਪੰਜਾਬੀ ਸੂਬੇ ਅਤੇ ਸੂਬੇ ਦੇ ਅਸ਼ਾਂਤ ਹਾਲਾਤ ਸਮੇਂ ਚੜ੍ਹੇ ਕਰਜ਼ੇ ਦੀ ਕੋਈ ਵੀ ਬਾਂਹ ਫੜਨ ਦੀ ਥਾਂ ਟਕਰਾਅ ਅਤੇ ਅਸਥਿਰਤਾ ਪੰਜਾਬ ਪੱਲੇ ਪੈਣ ਦੇ ਸਿੱਟੇ ਵਜੋਂ ਅਗਾਂਹਵਧੂ ਤੇ ਖ਼ੁਸ਼ਹਾਲ ਪ੍ਰਾਂਤ ਪਛੜ ਗਿਆ ਹੈ ਜਿਸ ਨੂੰ ਬੜੀ ਦੂਰ ਅੰਦੇਸ਼ ਵਾਲੀ ਇਮਾਨਦਾਰ ਲੀਡਰਸ਼ਿਪ ਦੀ ਲੋੜ ਹੈ ਜਿਸ ਦਾ ਨਿਸ਼ਾਨਾ ਟਕਰਾਅ ਦੀ ਥਾਂ ਰਾਜਸੀ ਸਥਿਰਤਾ ਆਰਥਕ ਮਜ਼ਬੂਤੀ ਹੋਵੇ।

## ਬ੍ਰਿਟਿਸ਼ ਆਰਮੀ ’ਚ ਭਰਤੀ ਹੋਇਆ ਪੰਜਾਬ ਦਾ ਨੌਜਵਾਨ



ਗੁਰਾਇਆ/ਏ.ਟੀ.ਨਿਊਜ਼ : ਜਿੱਥੇ ਇੱਕ ਪਾਸੇ ਸਿੱਖਾਂ ਦੀ ਗਲਤ ਤਸਵੀਰ ਪੇਸ਼ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉਥੇ ਹੀ ਸਿੱਖਾਂ ਦੀ ਸ਼ਾਨ ਦੇਸ਼ ਹੀ ਨਹੀਂ ਵਿਦੇਸ਼ਾਂ ਵਿੱਚ ਵੀ ਆਏ ਦਿਨ ਦੇਖਣ ਨੂੰ ਮਿਲ ਰਹੀ ਹੈ।

ਪੰਜਾਬ ਦੇ ਜੰਮਪਲ ਅਤੇ ਕਿਸਾਨ ਪਰਿਵਾਰ ਦੇ ਪੁੱਤ ਹਰਪ੍ਰੀਤ ਸਿੰਘ ਗੁਰਾਇਆ ਦੀ ਬ੍ਰਿਟਿਸ਼ ਆਰਮੀ ਵਿੱਚ ਭਰਤੀ ਹੋਈ ਹੈ। ਜਿਸ ਨੇ ਦੁਨੀਆਂ ਭਰ ਵਿੱਚ ਇੱਕ ਵਾਰ ਮੁੜ ਤੋਂ ਸਿੱਖਾਂ ਦੀ ਦਸਤਾਰ ਦਾ ਮਾਣ ਵਧਿਆ ਹੈ ਅਤੇ ਸਿੱਖਾਂ ਨੂੰ ਦੇਸ਼ ਵਿੱਚ ਬਦਨਾਮ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਨ ਵਾਲਿਆਂ ਨੂੰ ਸ਼ੀਸ਼ਾ ਦਿਖਾਇਆ ਹੈ।

ਹਰਪ੍ਰੀਤ ਸਿੰਘ ਗੁਰਾਇਆ, ਜੋਕਿ ਜਲੰਧਰ ਦੀ ਰਾਮਾ ਮੰਡੀ ਇਲਾਕੇ ਦਾ ਰਹਿਣ ਵਾਲਾ ਹੈ, ਦੇ ਪਿਤਾ ਸੁਖਵਿੰਦਰ ਸਿੰਘ ਪੰਜਾਬ ਪੁਲਿਸ ਦੇ ਡੀ.ਐਸ.ਪੀ ਵਜੋਂ ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ ਰਿਟਾਇਰ ਹੋਏ ਹਨ। ਜਦਕਿ ਮਾਤਾ ਵੀ ਸਰਕਾਰੀ ਨੌਕਰੀ ਤੋਂ ਰਿਟਾਇਰ ਹੋਏ ਹਨ। ਹਰਪ੍ਰੀਤ ਸਿੰਘ ਦੇ ਪਿਤਾ ਸੁਖਵਿੰਦਰ ਸਿੰਘ, ਜੋਕਿ ਰਿਟਾਇਰਮੈਂਟ ਤੋਂ ਬਾਅਦ ਆਪਣੇ ਜੱਦੀ ਪਿੰਡ ਗੁਰਾਇਆ (ਜਲੰਧਰ) ਵਿਖੇ ਖੇਤੀਬਾੜੀ ਕਰਦੇ ਹਨ, ਅੱਜ ਕੱਲ੍ਹ ਆਪਣੇ ਪੁੱਤਰ ਦੀ ਇਸ ਮਾਣਮੱਤੀ ਪ੍ਰਾਪਤੀ ਦਾ ਗਵਾਹ ਬਣਨ ਲਈ ਪਰਿਵਾਰ ਸਮੇਤ ਇੰਗਲੈਂਡ ਗਏ ਹੋਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਬੀਜੇਪੀ ਨੇਤਾਵਾਂ ਦੀ ਬਦਜ਼ਬਾਨੀ ਤੇ ਕਿਸਾਨਾਂ ਦਾ ਵਿਰੋਧ

ਸਿਆਣੇ ਆਖਦੇ ਨੇ ਕਿ ਜੁਬਾਨ ਕਹਿੰਦੀ ਹੈ ਕਿ "ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢਾਂ।" ਸਾਡੇ ਬਜ਼ੁਰਗ ਆਮ ਕਹਿੰਦੇ ਸੀ ਕਿ ਭਾਈ ਕੋਈ ਵੀ ਗੱਲ ਮੂੰਹ ਵਿਚੋਂ ਬਾਹਰ ਕੱਢਣ ਤੋਂ ਪਹਿਲਾਂ 100 ਵਾਰ ਸੋਚੋ ਪਰ ਬੀਜੇਪੀ ਸਰਕਾਰ ਦੇ ਨੁਮਾਇੰਦੇ ਵੱਖ- ਵੱਖ ਸਮੇਂ ਵਿਵਾਦਿਤ ਬਿਆਨ ਦੇ ਕੇ ਲੋਕਾਂ ਦੀ ਨਾਰਾਜ਼ਗੀ ਮੁੱਲ ਲੈ ਰਹੇ ਨੇ, ਜਿਸ ਦਾ ਕਿ ਬੀਜੇਪੀ ਨੂੰ ਪਿਛਲੇ ਦੋ ਤਿੰਨ ਸਾਲਾਂ ਦੇ ਵਿੱਚ ਭੁਗਤਾਨ ਕਰਨਾ ਪੈ ਰਿਹਾ ਹੈ। ਮੰਡੀ ਤੋਂ ਸਾਂਸਦ ਕੰਗਨਾ ਰਣੌਤ ਨੇ ਇੱਕ ਵਾਰ ਫਿਰ ਭਾਰਤੀ ਜਨਤਾ ਪਾਰਟੀ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਬੀਜੇਪੀ ਦੇ ਨੁਮਾਇੰਦਿਆਂ ਦੇ ਵਿਵਾਦਿਤ ਬਿਆਨਾਂ ਵਿੱਚ ਜਾਂ ਤਾਂ ਕਿਸਾਨਾਂ ਨੂੰ ਬਦਨਾਮ ਕੀਤਾ ਜਾਂਦਾ ਹੈ ਜਾਂ ਹਰ ਦਸਤਾਰਧਾਰੀ ਨੂੰ ਖ਼ਾਲਿਸਤਾਨੀ ਕਹਿ ਕੇ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਕੀ ਬੀਜੇਪੀ ਭਾਰਤੀ ਕਿਸਾਨਾਂ ਨੂੰ ਨਫ਼ਰਤ ਕਰਦੀ ਹੈ ? ਲੰਘੇ ਦਿਨੀਂ ਕੰਗਨਾ ਦਾ ਇੱਕ ਬਿਆਨ ਆਉਂਦਾ ਹੈ ਕਿ ਤਿੰਨ ਖੇਤੀ ਕਾਨੂੰਨ ਵਾਪਸ ਆਉਣੇ ਚਾਹੀਦੇ ਨੇ। ਭਾਵੇਂਕਿ ਇਸ ਬਿਆਨ ਤੋਂ ਬਾਅਦ ਉਹਨਾਂ ਨੇ ਮਾਫ਼ੀ ਵੀ ਮੰਗੀ ਹੈ। ਤੁਹਾਨੂੰ ਯਾਦ ਹੋਣੈ ਕਿ ਕਿਸਾਨਾਂ ਨੇ ਸਿੰਘੂ ਤੇ ਟਿੱਕਰੀ ਬਾਰਡਰ 'ਤੇ ਬੈਠ ਕੇ ਅੱਤ ਦੀ ਗਰਮੀ, ਸਿਆਲ ਤੇ ਬਰਸਾਤਾਂ ਇਹਨਾਂ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਕਰਕੇ ਹੰਢਾਈਆਂ ਸਨ। 700 ਤੋਂ ਜ਼ਿਆਦਾ ਕਿਸਾਨਾਂ ਨੇ ਆਪਣੀਆਂ ਜਾਨਾਂ ਗੁਆਈਆਂ,ਪਰ ਏਸ ਸੰਘਰਸ਼ ਨੇ ਸਰਕਾਰ ਦੀਆਂ ਚੂਲਾਂ ਹਿਲਾ ਦਿੱਤੀਆਂ ਸੀ ਤੇ ਮਜਬੂਰਨ ਪ੍ਰਧਾਨ ਮੰਤਰੀ ਮੋਦੀ ਨੂੰ ਜਨਤਾ ਦੇ ਸਾਹਮਣੇ ਆ ਕੇ ਤਿੰਨ ਕਾਨੂੰਨ ਵਾਪਸ ਲੈਣੇ ਪਏ ਸੀ ਤੇ ਕਿਹਾ ਸੀ ਕਿ ਮੇਰੀ ਤਪੱਸਿਆ ਵਿੱਚ ਕੋਈ ਕਮੀ ਰਹਿ ਗਈ ਹੈ। ਜਿਥੋਂ ਤੱਕ ਕੰਗਨਾ ਦੀ ਗੱਲ ਹੈ ਉਹ ਪਹਿਲੀ ਵਾਰ ਨਹੀਂ ਸਗੋਂ ਵਾਰ ਵਾਰ ਕਿਸਾਨ ਵਿਰੋਧੀ ਬਿਆਨ ਦਿੰਦੀ ਆ ਰਹੀ ਹੈ। ਇਹ ਬਦਲੇ ਦੀ ਭਾਵਨਾ ਹੈ , ਸਾਜ਼ਿਸ਼ ਜਾਂ ਐਕਟਰ ਆਪਣੀ ਅਦਾਕਾਰੀ ਵਿਚੋਂ ਬਾਹਰ ਨਹੀਂ ਨਿਕਲ ਸਕਿਆ, ਸਮਝੋ ਬਾਹਰ ਹੈ। ਬਦਲਾ ਤਾਂ ਕਿਹਾ ਕਿ ਲੰਘੇ ਸਮੇਂ ਕੰਗਨਾ ਦੀ ਫ਼ਿਲਮ ਐਮਰਜੈਂਸੀ ਸੈਂਸਰ ਬੋਰਡ ਵਿੱਚ ਫਸੀ ਹੈ। ਕੰਗਨਾ ਦੇ ਵਕੀਲ ਨੇ ਅਦਾਲਤ ਦੇ ਅੰਦਰ ਕਿਹਾ ਸੀ ਕਿ ਸੈਂਸਰ ਬੋਰਡ ਸਰਟੀਫਿਕੇਟ ਤਾਂ ਨਹੀਂ ਦੇ ਰਿਹਾ ਤਾਂ ਕਿ ਕਿਧਰੇ ਹਰਿਆਣਾ ਚੋਣਾਂ ਵਿੱਚ ਇਸ ਫ਼ਿਲਮ ਕਰਕੇ ਬੁਰਾ ਪ੍ਰਭਾਵ ਨਾ ਪਵੇ। ਸੋ ਸਾਫ਼ ਹੈ ਕਿ ਫ਼ਿਲਮ ਕਾਂਗਰਸ ਨਹੀਂ ਰੋਕ ਰਹੀ ਸਗੋਂ ਬੀਜੇਪੀ ਦਾ ਸੈਂਸਰ ਬੋਰਡ ਰੋਕ ਰਿਹਾ ਹੈ। ਇਹ ਤਾਂ ਉਹ ਗੱਲ ਹੋਈ ਕਿ ਬੀਜੇਪੀ ਵੈਸੇ ਨਹੀਂ ਬੱਸ ਰਾਜਨੀਤਿਕ ਕਾਰਨਾਂ ਕਰਕੇ ਕੰਗਨਾ ਦੇ ਖ਼ਿਲਾਫ਼ ਹੈ। ਹਰਿਆਣੇ ਚੋਣਾਂ ਦੇ ਨੇੜੇ ਫਿਰ ਕਿਸਾਨਾਂ ਦੇ ਖ਼ਿਲਾਫ਼ ਬਿਆਨ ਦੇਣਾ ਬੀਜੇਪੀ ਦੇ ਲਈ ਵੱਡਾ ਅੜਿੱਕਾ ਖੜ੍ਹਾ ਹੋ ਸਕਦਾ ਹੈ ਕਿਉਂਕਿ ਕਿਸਾਨਾਂ ਦਾ ਸੰਘਰਸ਼ ਸਿੰਘੂ ਤੇ ਟਿੱਕਰੀ ਤੋਂ ਬਾਅਦ ਮੁੱਕਿਆ ਨਹੀਂ ਸੀ ਸਗੋਂ ਅੱਜ ਵੀ ਚੱਲ ਰਿਹਾ ਹੈ। ਕੰਗਨਾ ਦਾ ਬਿਆਨ ਲੰਘੇ ਸਮੇਂ ਦੇ ਵਿੱਚ ਇਹ ਸੀ ਕਿ ਕਿਸਾਨੀ ਧਰਨੇ ਦੇ ਵਿੱਚ ਬਲਾਤਕਾਰ ਹੋਏ ਨੇ ਤੇ ਕਤਲ ਵੀ ਹੋਏ ਨੇ। ਸੋ ਏਸ ਵਿਵਾਦਤ ਬਿਆਨ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਆਪਣਾ ਪੱਖ ਰਖਣਾ ਪਿਆ ਸੀ ਕਿ ਕੰਗਨਾ ਰਣੌਤ ਨੂੰ ਸਾਡੇ ਵੱਲੋਂ ਨਹੀਂ ਕਿਹਾ ਗਿਆ ਕਿ ਉਹ ਰਾਜਨੀਤਿਕ ਮੁੱਦਿਆਂ 'ਤੇ ਬਿਆਨ ਦੇਵੇ। ਕੰਗਨਾ ਨੂੰ ਏਸ ਬਿਆਨਬਾਜ਼ੀ ਤੋਂ ਬਾਜ਼ ਆਉਣਾ ਚਾਹੀਦਾ ਹੈ। ਏਸ ਤੋਂ ਪਹਿਲਾਂ ਇੱਕ ਬਿਆਨ ਹੋਰ ਵੀ ਵਿਵਾਦਿਤ ਦਿੱਤਾ ਗਿਆ ਕਿ ਧਰਨੇ 'ਤੇ ਬੈਠੇ ਕਿਸਾਨਾਂ ਦੇ ਨਾਲ ਗੁਜਰਾਤ ਦੰਗਿਆਂ ਵਰਗਾ ਭਿਆਨਕ ਵਰਤਾਓ ਕੀਤਾ ਜਾਵੇ ਤੇ ਕਿਸਾਨਾਂ ਨੂੰ ਬਲੂ ਸਟਾਰ ਤੇ ਇੰਦਰਾ ਗਾਂਧੀ ਵੀ ਯਾਦ ਕਰਵਾਈ ਸੀ। ਇਹੋ ਜਿਹੇ ਮੂੰਹ ਫਟ ਬਿਆਨਾਂ ਕਰਕੇ ਹਰ ਇੱਕ ਪੰਜਾਬੀ ਦੇ ਅੰਦਰ ਕੰਗਨਾ ਦੇ ਖ਼ਿਲਾਫ਼ ਰੋਸ ਭਰਿਆ ਹੋਇਆ ਹੈ ਤਾਂ ਹੀ ਤਾਂ ਚੰਡੀਗੜ੍ਹ ਏਅਰਪੋਰਟ 'ਤੇ ਪਏ ਇੱਕ ਥੱਪੜ ਨੇ ਸਾਰਾ ਦੇਸ਼ ਹਿਲਾ ਦਿੱਤਾ ਸੀ। ਅਜੇ ਕੰਗਨਾ ਕਹਿੰਦੀ ਹੈ ਕਿ ਦੁਨੀਆਂ ਮੈਨੂੰ ਬੋਲਣ ਨਹੀਂ ਦਿੰਦੀ। ਕਿਸੇ ਨੂੰ ਕੁਝ ਵੀ ਬੋਲ ਦੇਣਾ ਕੰਗਨਾ ਦੀ ਫਿਤਰਤ ਹੈ। ਇੱਕ ਵਾਰ ਉਸ ਨੇ ਰਾਹੁਲ ਗਾਂਧੀ ਨੂੰ ਵੀ ਕਿਹਾ ਸੀ ਕਿ ਜਿਸ ਨੂੰ ਆਪਣੀ ਜਾਤ ਦਾ ਪਤਾ ਨਹੀਂ ਉਹ ਜਾਤੀ ਜਨਗਣਨਾ ਦੀ ਗੱਲ ਕਰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਅਜਿਹੀ ਮੂੰਹ ਫਟ ਨੂੰ ਬੀਜੇਪੀ ਨੇ ਮੰਡੀ ਤੋਂ ਟਿਕਟ ਦਿੱਤਾ ਅਤੇ ਮੰਡੀ ਵਾਲਿਆਂ ਸਵੀਕਾਰ ਵੀ ਕਰ ਲਿਆ। ਕੋਈ ਸ਼ੱਕ ਨਹੀਂ ਕਿ ਬੀਜੇਪੀ ਨੇ ਅੱਜ ਤੱਕ ਰੱਜ ਕੇ ਲੋਕਾਂ ਨੂੰ ਧਰਮ ਦੇ ਨਾਮ 'ਤੇ ਲੜਾਇਆ, ਆਪਣੇ ਫਾਇਦੇ ਲਈ ਹੁੜਦੰਗ ਬਾਜੀ ਕੀਤੀ ਹੈ, ਪਰ ਜੋ ਸ਼ਬਦ ਇੱਕ ਵਾਰ ਜੁਬਾਨ 'ਚੋਂ ਬੀਜੇਪੀ ਕੱਢਦੀ ਹੈ ਤਾਂ ਲੋਕ ਖਾਸ ਕਰਕੇ ਕਿਸਾਨ ਉਹਨਾਂ ਦੇ ਦੁਬਾਰਾ ਮੂੰਹ ਵਿੱਚ ਪਾ ਦਿੰਦੇ ਨੇ, ਚੋਣਾਂ ਦੌਰਾਨ ਉਹਨਾਂ ਦੀ ਸੱਚਾਈ ਘਰ ਘਰ ਤੱਕ ਪਹੁੰਚਾ ਕੇ, ਜਿਵੇਂ ਅੱਜਕੱਲ੍ਹ ਹਰਿਆਣੇ ਵਿੱਚ ਭਾਜਪਾ ਨੂੰ ਵੋਟ ਨਾ ਪਾਉਣ ਦੇ ਕਾਰਨ ਲੋਕਾਂ ਨੂੰ ਹਰ ਗਲੀ ਮੁਹੱਲੇ ਦਸੇ ਜਾ ਰਹੇ ਨੇ। ਇਕੱਲੀ ਕੰਗਨਾ ਨਹੀਂ ਬਲਕਿ ਗਲਤ ਬਿਆਨਬਾਜ਼ੀ ਤੋਂ ਸਾਡੇ ਪ੍ਰਧਾਨ ਮੰਤਰੀ ਵੀ ਨਹੀਂ ਟਲਦੇ। ਕਿਸਾਨ ਸੰਘਰਸ਼ ਸਮੇਂ ਸਤਿਆਪਾਲ ਮਲਿਕ ਪ੍ਰਧਾਨ ਮੰਤਰੀ ਕੋਲ ਗਏ ਤੇ ਕਿਹਾ ਕਿ ਮੋਦੀ ਜੀ, 700 ਦੇ ਕਰੀਬ ਕਿਸਾਨ ਜਾਨ ਗੁਆ ਚੁੱਕੇ ਨੇ ਕੁਝ ਕਰੋ ਤਾਂ ਪੀ.ਐਮ. ਨੇ ਕਿਹਾ ਸੀ ਕਿ ਮੇਰੇ ਲਈ ਥੋੜਾ ਮਰੇ ਨੇ। ਫਿਰ ਮੋਦੀ ਜੀ ਪੰਜਾਬ ਆਉਂਦੇ ਨੇ ਤੇ ਇੱਕ ਪੁਲ 'ਤੇ ਫਸ ਜਾਂਦੇ ਨੇ ਤੇ ਫੇਰ ਪੰਜਾਬ ਦੇ ਮੁੱਖ ਮੰਤਰੀ ਨੂੰ ਸੁਨੇਹਾ ਦਿੰਦੇ ਨੇ ਕਿ ਮੈਂ ਪੰਜਾਬ ਤੋਂ ਜਾਨ ਬਚਾ ਕੇ ਵਾਪਸ ਆਇਆ ਹਾਂ। ਪਤਾ ਨਹੀਂ ਕਿਹੜੀ ਮਾਨਸਿਕਤਾ ਦੇ ਵਿਚੋਂ ਨਿਕਲਿਆ ਮੋਦੀ ਜੀ ਦਾ ਬਿਆਨ ਸੀ। ਕੰਗਨਾ ਦੇ ਬਿਆਨ ਤੋਂ ਬਾਅਦ ਹਰਿਆਣੇ ਵਿਚੋਂ ਆਵਾਜ਼ਾਂ ਆ ਰਹੀਆਂ ਨੇ ਕਿ ਕੰਗਨਾ ਦੇ ਬਿਆਨ ਦਾ ਜਵਾਬ ਪਹਿਲਾਂ ਹਰਿਆਣਾ ਦੇਵੇਗਾ। ਇਹ ਸੱਚ ਹੈ ਕਿ ਭਾਜਪਾ ਦੇ ਲਈ ਹਰਿਆਣੇ ਦੇ ਵਿੱਚ ਵਿਚਰਨਾ ਬਹੁਤ ਔਖਾ ਹੋ ਗਿਆ ਹੈ। ਉਹਨਾਂ ਦੀਆਂ ਰੈਲੀਆਂ ਦਾ ਲਗਾਤਾਰ ਵਿਰੋਧ ਹੋ ਰਿਹਾ ਹੈ। ਭਾਜਪਾ ਨੇਤਾਵਾਂ ਨੂੰ ਭਜਾਇਆ ਜਾ ਰਿਹਾ ਹੈ। ਇਹ ਸਭ ਇਸ ਕਰਕੇ ਹੋ ਰਿਹਾ ਹੈ ਕਿ ਬੀਜੇਪੀ ਦੇ ਨੁਮਾਇੰਦਿਆਂ ਨੇ ਵਿਵਾਦਿਤ ਭਾਸ਼ਣ ਵੀ ਦਿੱਤੇ ਹਨ ਤੇ ਬਿਆਨਬਾਜ਼ੀ ਵੀ ਕੀਤੀ ਹੈ। ਸੋ ਕਿਸਾਨ ਮਾਨਸਿਕਤਾ ਬਦਲਾ ਲਊ ਨਹੀਂ ਹੈ। ਪਰ ਉਹ ਗਲਤ ਨੂੰ ਗਲਤ ਕਹਿਣ ਤੋਂ ਨਹੀਂ ਝਕਦੇ। ਖ਼ਾਲਿਸਤਾਨੀ, ਵੱਖਵਾਦੀ, ਅੱਤਵਾਦੀ, ਪਤਾ ਨਹੀਂ ਕੀ ਕੁਝ ਦੋਸ਼ ਕਿਸਾਨਾਂ ਦੇ ਸਿਰ ਮੜ੍ਹੇ ਨੇ। ਜਵਾਬ ਤਾਂ ਦੇਣਾ ਪਏਗਾ ਬੀਜੇਪੀ ਸਰਕਾਰ ਨੂੰ। ਭੁਗਤਾਨ ਵੀ ਕਰਨਾ ਪਵੇਗਾ ਨਹੀਂ ਤਾਂ ਹਰ ਮੋੜ 'ਤੇ ,ਹਰ ਚੁਰਾਹੇ 'ਤੇ, ਹਰ ਕਦਮ 'ਤੇ ਕਿਸਾਨਾਂ ਦਾ ਵਿਰੋਧ ਟੱਕਰਨਾ ਸੁਭਾਵਿਕ ਹੈ।

# ਸਿਆਸੀ ਪਾਰਟੀਆਂ ਦੀ ਤੇਜ਼ੀ ਨਾਲ ਵਧਦੀ ਗਿਣਤੀ ਬਣ ਰਹੀ ਹੈ ਮੁਸੀਬਤ

ਡਾ. ਕੁਲਵੰਤ ਸਿੰਘ ਫੁੱਲ

ਅਪ੍ਰੈਲ-ਜੂਨ ਮਹੀਨੇ ਦੌਰਾਨ ਭਾਰਤੀ ਸੰਸਦ ਦੇ ਲੋਕਾਂ ਦੁਆਰਾ ਸਿੱਧੇ ਚੁਣੇ ਜਾਣ ਵਾਲੇ ਹੇਠਲੇ ਸਦਨ 'ਲੋਕ ਸਭਾ' ਦੀਆਂ 18ਵੀਆਂ ਆਮ ਚੋਣਾਂ ਕਰਵਾਈਆਂ ਗਈਆਂ। ਇਹ ਆਮ ਚੋਣਾਂ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਇਸ ਵਾਰ ਵਧੇਰੇ ਦਿਲਚਸਪ ਰਹੀਆਂ। ਇਨ੍ਹਾਂ ਚੋਣਾਂ 'ਚ ਰਾਸ਼ਟਰੀ ਪੱਧਰ ਦੀਆਂ ਮਾਨਤਾ ਪ੍ਰਾਪਤ ਛੇ ਸਿਆਸੀ ਪਾਰਟੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ ਭਾਜਪਾ ਅਤੇ ਕਾਂਗਰਸ ਹੀ ਦੋ ਸਭ ਤੋਂ ਵੱਡੀਆਂ ਪਾਰਟੀਆਂ ਹਨ ਜਿਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਭਾਰਤ ਦੀਆਂ ਜ਼ਿਆਦਾਤਰ ਸਰਕਾਰਾਂ ਦੀ ਅਗਵਾਈ ਕੀਤੀ ਹੈ।

ਉਨ੍ਹਾਂ ਨੇ ਕ੍ਰਮਵਾਰ 435 ਤੇ 420 ਉਮੀਦਵਾਰ ਖੜ੍ਹੇ ਕੀਤੇ ਸਨ। ਇਨ੍ਹਾਂ ਤੋਂ ਇਲਾਵਾ 30 ਤੋਂ ਵਧੇਰੇ ਹੋਰ ਪਾਰਟੀਆਂ ਨੇ ਵੀ ਚੋਣ ਲੜੀ ਜਿਨ੍ਹਾਂ ਨੇ 2019 ਦੀਆਂ ਪਿਛਲੀਆਂ ਚੋਣਾਂ ਵਿਚ ਘੱਟੋ-ਘੱਟ ਇੱਕ ਸੀਟ ਜਿੱਤੀ ਸੀ। ਵੱਡੀਆਂ ਪਾਰਟੀਆਂ ਦਰਮਿਆਨ ਤਿੱਖੇ ਮੁਕਾਬਲੇ ਦੇ ਪਿੱਛੇ ਛੁਪੀਆਂ ਹੋਈਆਂ 700 ਤੋਂ ਵੀ ਜ਼ਿਆਦਾ ਘੱਟ ਜਾਣੀਆਂ-ਪਛਾਣੀਆਂ ਸਿਆਸੀ ਪਾਰਟੀਆਂ ਨੇ ਵੀ ਵੱਖ-ਵੱਖ ਵਿਚਾਰਧਾਰਾਵਾਂ ਅਤੇ ਅਭਿਲਾਸ਼ਾਵਾਂ ਨਾਲ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ।

ਲੋਕ ਸਭਾ ਲਈ ਇੰਨੀਆਂ ਪਾਰਟੀਆਂ ਨੇ ਪਹਿਲਾਂ ਕਦੇ ਵੀ ਚੋਣਾਂ ਨਹੀਂ ਲੜੀਆਂ। ਬੇਸ਼ੱਕ ਚੋਣ ਲੜਨ ਵਾਲੀਆਂ ਪਾਰਟੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਪਰ ਸੀਟਾਂ ਜਿੱਤਣ ਵਿੱਚ ਕਾਮਯਾਬ ਹੋਣ ਵਾਲੀਆਂ ਪਾਰਟੀਆਂ ਦੀ ਗਿਣਤੀ ਤਾਂ ਮੁਸ਼ਕਿਲ ਨਾਲ ਹੀ ਵਧੀ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਖੜ੍ਹੇ ਕੀਤੇ ਗਏ 4,440 ਉਮੀਦਵਾਰਾਂ ਤੋਂ ਇਲਾਵਾ, 3,920 ਲੋਕਾਂ ਨੇ ਆਜ਼ਾਦ ਉਮੀਦਵਾਰ ਵਜੋਂ ਕਿਸਮਤ ਅਜ਼ਮਾਈ, ਭਾਵ ਕੁੱਲ 8,360 ਉਮੀਦਵਾਰ ਮੈਦਾਨ ਵਿਚ ਸਨ ਜੋ ਪਿਛਲੇ 28 ਸਾਲਾਂ ਵਿੱਚ ਸਭ ਤੋਂ ਜ਼ਿਆਦਾ ਸਨ।

ਉਮੀਦਵਾਰਾਂ ਦੀ ਇਹ ਗਿਣਤੀ 1952 ਵਿੱਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਲਈ ਖੜ੍ਹੇ 1,874 ਉਮੀਦਵਾਰਾਂ ਨਾਲੋਂ ਚਾਰ ਗੁਣਾ ਤੋਂ ਵੀ ਜ਼ਿਆਦਾ ਸੀ। ਇਸੇ ਸਮੇਂ ਦੌਰਾਨ ਪ੍ਰਤੀ ਹਲਕਾ ਉਮੀਦਵਾਰਾਂ ਦੀ ਔਸਤ ਗਿਣਤੀ ਵੀ ਔਸਤਨ 4.67 ਤੋਂ ਵਧ ਕੇ 15.39 ਉਮੀਦਵਾਰ ਹੋ ਗਈ ਹੈ। ਜਦਕਿ 4 ਜੂਨ ਨੂੰ ਆਏ ਚੋਣ ਨਤੀਜਿਆਂ ਵਿੱਚ 543 ਉਮੀਦਵਾਰ ਹੀ ਚੁਣੇ ਜਾਣੇ ਸਨ। ਜਿਨ੍ਹਾਂ ਵਿੱਚ ਭਾਜਪਾ ਦੀ ਅਗਵਾਈ ਵਾਲਾ ਐੱਨ.ਡੀ.ਏ. ਗੱਠਜੋੜ ਸਭ ਤੋਂ ਵੱਧ 293 ਸੀਟਾਂ ਨਾਲ ਬਹੁਮਤ ਪ੍ਰਾਪਤ ਕਰ ਕੇ ਤੀਸਰੀ ਵਾਰ ਮੁੜ ਸੱਤਾ ਵਿੱਚ ਪਰਤਿਆ ਹੈ ਅਤੇ ਕਾਂਗਰਸ ਦੀ ਅਗਵਾਈ ਵਾਲਾ ਇੰਡੀਆ ਗੱਠਜੋੜ 234 ਸੀਟਾਂ ਹੀ ਪ੍ਰਾਪਤ ਕਰ ਸਕਿਆ।

ਭਾਰਤ ਵਿੱਚ ਸਿਆਸੀ ਪਾਰਟੀਆਂ ਦੀ ਗਿਣਤੀ 1980 ਦੇ ਦਹਾਕੇ ਦੇ ਅਖ਼ੀਰ ਤੋਂ ਲੈ ਕੇ ਹੁਣ ਤੱਕ ਤੇਜ਼ੀ ਨਾਲ ਕਈ ਕਾਰਨਾਂ ਕਰ ਕੇ ਵਧਦੀ ਆ ਰਹੀ ਹੈ ਜਿਵੇਂ ਕਿ ਪਾਰਟੀਆਂ ਦੀ ਆਸਾਨ ਰਜਿਸਟ੍ਰੇਸ਼ਨ ਪ੍ਰਕਿਰਿਆ, ਪਰਿਵਾਰਵਾਦ, ਕਾਂਗਰਸ ਪਾਰਟੀ ਦਾ ਵਿਖੰਡਨ, ਸਮਾਜਵਾਦੀ ਗਰੁੱਪਾਂ ਦੀ ਟੁੱਟ-ਭੱਜ, ਖੇਤਰਵਾਦ, ਖੇਤਰੀ ਪਾਰਟੀਆਂ ਤੇ ਨੇਤਾਵਾਂ ਦਾ ਉਭਾਰ, ਨਵੇਂ ਰਾਜਾਂ ਦਾ ਗਠਨ ਤੇ ਵੱਖ-ਵੱਖ ਸਿਆਸੀ ਪਛਾਣਾਂ ਦਾ ਦਾਅਵਾ ਆਦਿ।

ਅਠਾਈ ਰਾਜਾਂ ਤੇ ਅੱਠ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੱਕ ਫੈਲੇ ਦੇਸ਼ ਵਿੱਚ ਵੱਖ-ਵੱਖ ਨਸਲੀ ਮੂਲ ਦੇ ਭਾਰਤੀ ਸੈਂਕੜੇ ਭਾਸ਼ਾਵਾਂ ਅਤੇ ਹਜ਼ਾਰਾਂ ਉਪ-ਭਾਸ਼ਾਵਾਂ ਬੋਲਦੇ ਹਨ। ਹਰੇਕ ਸਮੂਹ ਖੇਤਰ, ਜਾਤ ਅਤੇ ਉਪ-ਜਾਤ ਚਾਹੁੰਦੀ ਹੈ ਕਿ ਉਸ ਦੀ ਨੁਮਾਇੰਦਗੀ ਉਸ ਦਾ ਆਪਣਾ



ਨੇਤਾ ਹੀ ਕਰੇ। ਭਾਵੇਂ ਸਮੁੱਚੇ ਦੇਸ਼ 'ਚ ਇਸ ਵਾਰ ਕੌਮੀ ਪੱਧਰ 'ਤੇ ਸਿਰਫ਼ ਛੇ ਪਾਰਟੀਆਂ- ਭਾਰਤੀ ਜਨਤਾ ਪਾਰਟੀ (ਭਾਜਪਾ), ਇੰਡੀਅਨ ਨੈਸ਼ਨਲ ਕਾਂਗਰਸ (ਕਾਂਗਰਸ), ਬਹੁਜਨ ਸਮਾਜ ਪਾਰਟੀ (ਬਸਪਾ), ਆਮ ਆਦਮੀ ਪਾਰਟੀ (ਆਪ), ਸੀ.ਪੀ.ਆਈ. (ਐੱਮ) ਤੇ ਨੈਸ਼ਨਲ ਪੀਪਲਜ਼ ਪਾਰਟੀ ਨੇ ਹੀ ਚੋਣ ਲੜੀ ਹੈ।

ਪਰ ਪਹਿਲੀਆਂ ਦੋ ਪਾਰਟੀਆਂ ਹੀ ਵੱਖ-ਵੱਖ ਰਾਜਾਂ ਤੋਂ ਵੱਧ ਸੀਟਾਂ ਜਿੱਤਣ 'ਚ ਕਾਮਯਾਬ ਰਹੀਆਂ ਹਨ। ਸੰਨ 2019 ਦੀਆਂ ਚੋਣਾਂ 'ਚ ਭਾਜਪਾ ਨੂੰ 37.38 ਫ਼ੀਸਦੀ ਤੇ ਕਾਂਗਰਸ ਨੂੰ 19.55% ਵੋਟਾਂ ਮਿਲੀਆਂ ਸਨ। ਜਦਕਿ ਜੂਨ 2024 ਦੀਆਂ ਚੋਣਾਂ ਦੌਰਾਨ ਭਾਜਪਾ ਨੂੰ 36.56 ਫ਼ੀਸਦੀ ਅਤੇ ਕਾਂਗਰਸ ਨੂੰ 21.19% ਵੋਟਾਂ ਪਈਆਂ ਹਨ। ਬਸਪਾ ਕੇਵਲ 2.04 ਫ਼ੀਸਦੀ ਵੋਟਾਂ ਲੈ ਕੇ ਕੋਈ ਵੀ ਸੀਟ ਜਿੱਤਣ ਵਿਚ ਕਾਮਯਾਬ ਨਹੀਂ ਹੋਈ। ਭਾਰਤ ਦਾ ਸਿਆਸੀ ਦ੍ਰਿਸ਼ ਛੋਟੀਆਂ ਪਰ ਸਿਆਸੀ ਤੌਰ 'ਤੇ ਮਜ਼ਬੂਤ ਖੇਤਰੀ ਪਾਰਟੀਆਂ ਨਾਲ ਭਰਿਆ ਹੋਇਆ ਹੈ ਜੋ ਕੁਝ ਖ਼ਾਸ ਖੇਤਰਾਂ/ਰਾਜਾਂ ਤੱਕ ਹੀ ਸੀਮਤ ਹਨ।

ਮਿਸਾਲ ਵਜੋਂ, ਇਸ ਵਾਰ ਉੱਤਰ ਪ੍ਰਦੇਸ਼ ਵਿੱਚ ਪ੍ਰਭਾਵਸ਼ਾਲੀ ਸਮਾਜਵਾਦੀ ਪਾਰਟੀ 37 ਸੀਟਾਂ ਜਿੱਤ ਕੇ ਲੋਕ ਸਭਾ ਵਿੱਚ ਭਾਜਪਾ ਤੇ ਕਾਂਗਰਸ ਤੋਂ ਬਾਅਦ ਤੀਜੀ ਸਭ ਤੋਂ ਵੱਡੀ ਪਾਰਟੀ ਬਣੀ ਹੈ।

ਪੱਛਮੀ ਬੰਗਾਲ ਆਧਾਰਤ ਤ੍ਰਿਣਮੂਲ ਕਾਂਗਰਸ 29 ਮੈਂਬਰਾਂ ਨਾਲ ਚੌਥੀ ਤੇ ਤਾਮਿਲਨਾਡੂ-ਆਧਾਰਤ ਦ੍ਰਵਿੜ ਮੁਨੇਤਰ ਕੜਗਮ (ਡੀ.ਐੱਮ.ਕੇ.) ਆਪਣੇ 22 ਚੁਣੇ ਮੈਂਬਰਾਂ ਨਾਲ ਪੰਜਵੀ ਵੱਡੀ ਪਾਰਟੀ ਬਣੀ ਹੈ। ਕੁਝ ਪਾਰਟੀਆਂ ਖੇਤਰੀ ਕਾਰਕਾਂ ਦੀ ਬਜਾਏ ਭਾਰਤ ਦੀ ਸਮਾਜਿਕ ਅਤੇ ਧਾਰਮਿਕ ਵਿਭਿੰਨਤਾ ਦੀ ਨੁਮਾਇੰਦਗੀ ਵੀ ਕਰਦੀਆਂ ਹਨ ਜਿਵੇਂ ਬਸਪਾ ਜੋ ਇਤਿਹਾਸਕ ਤੌਰ 'ਤੇ ਦਲਿਤ ਭਾਈਚਾਰਿਆਂ ਲਈ ਪ੍ਰਚਾਰ ਕਰਦੀ ਹੈ, ਉਸ ਦੇ ਭੰਗ ਹੋਈ ਲੋਕ ਸਭਾ ਵਿਚ 10 ਮੈਂਬਰ ਸਨ।

ਹਾਲਾਂਕਿ, ਜ਼ਿਆਦਾਤਰ ਛੋਟੀਆਂ ਪਾਰਟੀਆਂ ਖ਼ਾਸ ਖੇਤਰ, ਜ਼ਿਲ੍ਹਾ ਜਾਂ ਵਿਅਕਤੀਗਤ-ਕੇਂਦ੍ਰਿਤ ਹੋਣ ਕਰਕੇ ਦੋ ਜਾਂ ਤਿੰਨ ਤੋਂ ਵੱਧ ਚੋਣ ਚੱਕਰ ਨਹੀਂ ਕੱਢਦੀਆਂ। ਹਾਂ, ਕਦੇ-ਕਦੇ ਛੋਟੀਆਂ ਖੇਤਰੀ ਪਾਰਟੀਆਂ 'ਕਿੰਗਮੇਕਰ' ਬਣ ਜਾਣ ਕਰ ਕੇ ਵੱਡੀ ਤਸਵੀਰ ਵਿੱਚ ਵੀ ਮਹੱਤਵਪੂਰਨ ਮਾਅਨੇ ਰੱਖਣ ਲੱਗ ਪੈਂਦੀਆਂ ਹਨ, ਖ਼ਾਸ ਕਰ ਕੇ ਉਦੋਂ ਜਦੋਂ ਵੱਡੀਆਂ ਪਾਰਟੀਆਂ ਬਹੁਮਤ ਤੋਂ ਘੱਟ ਰਹਿ ਜਾਂਦੀਆਂ ਹਨ। ਇਸ ਵਾਰ ਵੀ ਆਂਧਰ ਪ੍ਰਦੇਸ਼ ਆਧਾਰਤ ਤੇਲਗੂ ਦੇਸਮ ਪਾਰਟੀ ਆਪਣੇ 16 ਲੋਕ ਸਭਾ ਮੈਂਬਰਾਂ ਅਤੇ ਬਿਹਾਰ ਆਧਾਰਤ ਜਨਤਾ ਦਲ (ਯੂ) 12 ਮੈਂਬਰਾਂ ਨਾਲ ਕ੍ਰਮਵਾਰ ਛੇਵੇਂ ਤੇ ਸੱਤਵੇਂ ਸਥਾਨ 'ਤੇ ਰਹਿਣ ਦੇ ਬਾਵਜੂਦ ਐੱਨਡੀਏ ਗੱਠਜੋੜ ਵਿਚ ਮੁੱਖ 'ਕਿੰਗਮੇਕਰ' ਪਾਰਟੀਆਂ ਬਣ ਕੇ ਉੱਭਰੀਆਂ ਹਨ। ਆਮਦਨ ਕਰ ਤੋਂ ਕਾਨੂੰਨੀ ਛੋਟ ਪ੍ਰਾਪਤ ਹੋਣਾ ਵੀ ਸਿਆਸੀ ਪਾਰਟੀਆਂ ਦੇ ਪਸਾਰ ਦਾ ਇਕ ਮਹੱਤਵਪੂਰਨ ਕਾਰਨ ਹੈ ਕਿਉਂਕਿ ਕਈ ਸਿਆਸੀ ਲੋਕ ਪਾਰਟੀ ਦੇ ਨਾਮ 'ਤੇ ਆਪਣੇ ਲਈ ਕਾਰਾਂ ਅਤੇ ਦਫ਼ਤਰ ਦੇ ਰੂਪ ਵਿਚ ਘਰ ਖ਼ਰੀਦ ਸਕਦੇ ਹਨ। ਅਮਲੀ ਤੌਰ 'ਤੇ ਸਿਆਸੀ ਪਾਰਟੀਆਂ 'ਕਾਲੇ ਧਨ ਨੂੰ ਚਿੱਟੇ' ਵਿਚ ਬਦਲਣ ਲਈ ਵੀ ਜ਼ਿਆਦਾ ਪ੍ਰਭਾਵਸ਼ਾਲੀ ਤੇ ਸਮਰੱਥ ਹੁੰਦੀਆਂ ਹਨ।

ਕਈ ਵਾਰ ਸਿਆਸੀ ਪਾਰਟੀਆਂ ਚੋਣਾਂ ਦੌਰਾਨ ਸ਼ੈਡੋ ਉਮੀਦਵਾਰ ਖੜ੍ਹੇ ਕਰ ਦਿੰਦੀਆਂ ਹਨ ਅਤੇ ਬਾਅਦ ਵਿੱਚ ਜਿੱਤਣ ਦੇ ਚਾਹਵਾਨ ਉਮੀਦਵਾਰ ਤੋਂ ਪੈਸੇ ਲੈ ਕੇ ਇਹ ਪਾਰਟੀਆਂ ਸਬੰਧਤ ਉਮੀਦਵਾਰੀ ਵਾਪਸ ਲੈ ਲੈਂਦੀਆਂ ਹਨ। ਇਸ ਵਾਰ ਦੀਆਂ ਚੋਣਾਂ ਦੌਰਾਨ ਇੱਕ ਹਜ਼ਾਰ ਤੋਂ ਵੱਧ ਉਮੀਦਵਾਰਾਂ ਨੇ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਲਈਆਂ ਸਨ, ਹਾਲਾਂਕਿ ਇਨ੍ਹਾਂ ਦੇ ਸਪਸ਼ਟ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।

ਸਿਆਸੀ ਪਾਰਟੀਆਂ ਦੇ ਪਸਾਰ ਦਾ ਇੱਕ ਹੋਰ ਮੁੱਖ ਕਾਰਨ ਸੌਖੀ ਪਾਰਟੀ ਰਜਿਸਟ੍ਰੇਸ਼ਨ ਪ੍ਰਕਿਰਿਆ ਹੈ। ਇੱਕ ਵਾਰ ਪਾਰਟੀ ਰਜਿਸਟਰ ਕਰਵਾਉਣ ਤੋਂ ਬਾਅਦ ਚੋਣ ਕਮਿਸ਼ਨ ਕੋਲ ਕਿਸੇ ਪਾਰਟੀ ਦੀ ਰਜਿਸਟ੍ਰੇਸ਼ਨ ਰੱਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਲੋਕ ਸਭਾ ਚੋਣਾਂ ਲੜਨ ਵਾਲੀਆਂ ਪਾਰਟੀਆਂ ਦੀ ਵਧਦੀ ਗਿਣਤੀ ਦੇ ਬਾਵਜੂਦ ਸੀਟਾਂ ਜਿੱਤਣ ਵਾਲੀਆਂ ਪਾਰਟੀਆਂ ਦੀ ਗਿਣਤੀ ਬਹੁਤੀ ਨਹੀਂ ਵਧੀ।

ਜਿੱਤਣ ਵਾਲਿਆਂ ਵਿੱਚੋਂ ਵੀ ਦੋ ਪ੍ਰਮੁੱਖ ਰਾਸ਼ਟਰੀ ਪਾਰਟੀਆਂ ਭਾਜਪਾ ਤੇ ਕਾਂਗਰਸ ਦਾ ਹੀ ਦਬਦਬਾ ਰਿਹਾ ਹੈ। ਪਿਛਲੀਆਂ 11 ਚੋਣਾਂ 'ਚ ਇਨ੍ਹਾਂ ਦਾ ਸੰਯੁਕਤ ਵੋਟ ਸ਼ੇਅਰ ਔਸਤਨ 55% ਰਿਹਾ ਹੈ। ਇਸ ਵਾਰ ਦੀਆਂ ਚੋਣਾਂ 'ਚ ਚਾਰ ਕੌਮੀ ਪਾਰਟੀਆਂ ਸਮੇਤ ਕੁੱਲ 41 ਵੱਖ-ਵੱਖ ਛੋਟੀਆਂ-ਵੱਡੀਆਂ ਸਿਆਸੀ ਪਾਰਟੀਆਂ ਲੋਕ ਸਭਾ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਉਣ ਵਿਚ ਕਾਮਯਾਬ ਰਹੀਆਂ ਹਨ ਜਦਕਿ ਭੰਗ ਹੋਈ ਲੋਕ ਸਭਾ 'ਚ ਕੁੱਲ 36 ਸਿਆਸੀ ਪਾਰਟੀਆਂ ਸਨ। ਆਜ਼ਾਦ ਉਮੀਦਵਾਰ ਵੀ ਬਹੁਤੀ ਸਫਲਤਾ ਹਾਸਲ ਨਹੀਂ ਕਰ ਪਾਉਂਦੇ। ਇਸ ਵਾਰ ਵੀ ਕੇਵਲ ਸੱਤ ਉਮੀਦਵਾਰ ਹੀ ਲੋਕ ਸਭਾ ਵਾਸਤੇ ਆਜ਼ਾਦ ਜਿੱਤਣ ਵਿੱਚ ਕਾਮਯਾਬ ਹੋਏ ਹਨ। ਪਿਛਲੀਆਂ 15 ਲੋਕ ਸਭਾ ਚੋਣਾਂ ਲੜਨ ਵਾਲੀਆਂ 1,500 ਤੋਂ ਵੱਧ ਪਾਰਟੀਆਂ ਵਿੱਚੋਂ ਜ਼ਿਆਦਾਤਰ ਨੇ ਸਿਰਫ਼ ਇੱਕ ਵਾਰ ਹੀ ਚੋਣ ਲੜੀ ਹੈ। ਇਨ੍ਹਾਂ 15 ਵਾਰੀ ਹੋਈਆਂ ਚੋਣਾਂ ਵਿੱਚੋਂ ਅੱਧੇ ਤੋਂ ਵੱਧ ਚੋਣਾਂ ਸਿਰਫ਼ 34 ਪਾਰਟੀਆਂ ਨੇ ਹੀ ਲੜੀਆਂ। ਇਸ ਸਾਲ 18 ਪਾਰਟੀਆਂ ਨੇ ਪਹਿਲਾਂ ਪੰਜ ਤੋਂ ਵੱਧ ਚੋਣਾਂ ਲੜੀਆਂ ਹਨ ਪਰ ਕਦੇ ਵੀ ਕੋਈ ਜਿੱਤ ਨਹੀਂ ਸਕੀ।

ਪ੍ਰੰਤੂ ਵੱਡੀ ਗਿਣਤੀ 'ਚ ਸਿਆਸੀ ਪਾਰਟੀਆਂ ਦੀ ਮੌਜੂਦਗੀ ਤੇ ਉਮੀਦਵਾਰਾਂ ਦੀ ਨਾਮਜ਼ਦਗੀ ਚੋਣ ਪ੍ਰਕਿਰਿਆ ਨੂੰ ਦਿਲਚਸਪ ਬਣਾਉਣ ਦੇ ਨਾਲ-ਨਾਲ ਮੁਸ਼ਕਲ, ਮਹਿੰਗੀ ਤੇ ਬੇਕਾਬੂ ਕਰ ਦਿੰਦੀ ਹੈ। ਸਿੱਟੇ ਵਜੋਂ ਚੋਣ ਪ੍ਰਬੰਧਨ, ਸੁਰੱਖਿਆ, ਅਮਨ ਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਖ਼ਰਚੇ ਵਧ ਜਾਂਦੇ ਹਨ ਤੇ ਵੋਟਿੰਗ ਮਸ਼ੀਨਾਂ ਦੇ ਬੈਲਟਿੰਗ ਯੂਨਿਟਾਂ ਦੀ ਵਾਧੂ ਗਿਣਤੀ ਸਿਰਦਰਦੀ ਬਣਦੀ ਜਾਂਦੀ ਹੈ। ਚੋਣਾਂ ਦੇ ਅਜਿਹੇ ਕੁਝ ਮਾਮਲਿਆਂ 'ਚ ਪ੍ਰਬੰਧਨ ਕਰਨਾ ਵਧੇਰੇ ਮੁਸ਼ਕਲ ਹੋ ਜਾਂਦਾ ਹੈ ਜਿਵੇਂ ਕਿ ਤਾਮਿਲਨਾਡੂ 'ਚ ਲੋਕ ਸਭਾ ਦਾ ਹਲਕਾ ਕਰੂਰ ਹੈ ਜਿੱਥੇ ਇਸ ਵਾਰ 54 ਉਮੀਦਵਾਰਾਂ ਨੇ ਚੋਣ ਲੜੀ।

# ਕੈਨੇਡਾ ਵਿੱਚ ਪੰਜਾਬੀਆਂ ਦਾ ਭਵਿੱਖ ਸੁਰੱਖਿਅਤ ਕਿਉਂ ਨਹੀਂ ?

ਪ੍ਰਿੰ. ਵਿਜੈ ਕੁਮਾਰ




ਪਾਰਕਾਂ ਵਿੱਚ ਜਨਤਕ ਥਾਵਾਂ ’ਤੇ ਬੈਠੇ ਅਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਕੈਨੇਡਾ ਵਿੱਚ ਕੱਚੇ ਅਤੇ ਪੱਕੇ ਤੌਰ ’ਤੇ ਵਸਦੇ ਹਰ ਪ੍ਰਵਾਸੀ ਦੇ ਮੂੰਹੋਂ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਹੁਣ ਇਹ ਕੈਨੇਡਾ ਪਹਿਲਾਂ ਵਰਗਾ ਕੈਨੇਡਾ ਨਹੀਂ ਰਿਹਾ, ਅਸੀਂ ਜੋ ਕੁਝ ਕੈਨੇਡਾ ਬਾਰੇ ਸੁਣਿਆ ਸੀ, ਉਸ ਤਰ੍ਹਾਂ ਦਾ ਕੈਨੇਡਾ ਤਾਂ ਹੈ ਹੀ ਨਹੀਂ। ਅਸੀਂ ਤਾਂ ਇਸ ਮੁਲਕ ਵਿੱਚ ਆ ਕੇ ਫਸ ਹੀ ਗਏ ਹਾਂ। ਪਹਿਲਾਂ ਅਤੇ ਹੁਣ ਵਾਲੇ ਕੈਨੇਡਾ ਵਿੱਚ ਲੋਕਾਂ ਨੂੰ ਫਰਕ ਇਸ ਲਈ ਲੱਗ ਰਿਹਾ ਹੈ ਕਿਉਂਕਿ ਅੱਜ ਤੋਂ ਵੀਹ ਪੱਚੀ ਸਾਲ ਪਹਿਲਾਂ ਇਸ ਮੁਲਕ ਵਿੱਚ ਰੋਜ਼ਗਾਰ ਅਸਾਨੀ ਨਾਲ ਮਿਲ ਜਾਂਦਾ ਸੀ। ਅਬਾਦੀ ਘੱਟ ਸੀ, ਸਾਫ ਸਫਾਈ ਦੀ ਵਿਵਸਥਾ ਬਹੁਤ ਕਮਾਲ ਦੀ ਸੀ। ਰਹਿਣ ਲਈ ਮਕਾਨਾਂ ਦੀ ਸਮੱਸਿਆ ਨਹੀਂ ਸੀ। ਮਹਿੰਗਾਈ ਬਹੁਤ ਘੱਟ ਸੀ। ਸਿਹਤ ਸੇਵਾਵਾਂ ਬਹੁਤ ਚੰਗੀਆਂ ਸਨ। ਜੁਰਮ, ਹੇਰਾਫੇਰੀਆਂ, ਧੋਖਾਧੜੀਆਂ, ਚੋਰੀਆਂ, ਫ਼ਿਰੌਤੀਆਂ, ਲੁੱਟਾਂ ਖੋਹਾਂ ਸੜਕ ਦੁਰਘਟਨਾਵਾਂ, ਮਾਰ ਮਰਾਈ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਨਾ ਮਾਤਰ ਹੀ ਸਨ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਦੂਜੇ ਦੇਸ਼ਾਂ ਤੋਂ ਪ੍ਰਵਾਸੀ ਲੋਕਾਂ ਨੂੰ ਬਿਨਾਂ ਸੋਚੇ ਸਮਝੇ ਧੜਾਧੜ ਬੁਲਾਉਣਾ ਸ਼ੁਰੂ ਕਰ ਦਿੱਤਾ। ਸਰਕਾਰਾਂ ਨੇ ਦੂਜੇ ਦੇਸ਼ ਤੋਂ ਪ੍ਰਵਾਸੀ ਲੋਕਾਂ ਨੂੰ ਬੁਲਾਉਣ ਤੋਂ ਪਹਿਲਾਂ ਇਹ ਸੋਚਿਆ ਹੀ ਨਹੀਂ ਕਿ ਇਸ ਮੁਲਕ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਸਮੱਸਿਆ ਵੀ ਖੜ੍ਹੀਆਂ ਹੋ ਸਕਦੀਆਂ ਹਨ। ਬੁਲਾਏ ਜਾਣ ਵਾਲੇ ਲੋਕਾਂ ਲਈ ਲੋੜੀਂਦੇ ਪ੍ਰਬੰਧ ਵੀ ਕਰਨੇ ਹਨ। ਦੇਸ਼ ਨੂੰ ਸੁੱਚਜੇ ਢੰਗ ਨਾਲ ਚਲਾਉਣ ਲਈ ਪੁਲਿਸ, ਜੱਜਾਂ, ਅਦਾਲਤਾਂ ਅਤੇ ਹੋਰ ਸੇਵਾਵਾਂ ਦਾ ਪ੍ਰਬੰਧ ਵੀ ਕਰਨਾ ਹੈ। ਕਾਨੂੰਨਾਂ ਵਿੱਚ ਸੋਧ ਵੀ ਕਰਨੀ ਹੈ। ਅੱਜ ਇਸ ਮੁਲਕ ਵਿੱਚ 162 ਦੇਸ਼ਾਂ ਦੇ 42 ਮਿਲੀਅਨ ਯਾਨੀ ਕਿ 5 ਕਰੋੜ ਲੋਕ ਰਹਿ ਰਹੇ ਹਨ। ਅੱਜ ਇਸ ਮੁਲਕ ਵਿੱਚ 25% ਭਾਰਤੀ ਅਤੇ 40% ਚੀਨ ਦੇ ਲੋਕ ਵਸ ਰਹੇ ਹਨ। ਇਹ ਮੁਲਕ ਇਮਾਨਦਾਰੀ, ਵਿਸ਼ਵਾਸ, ਸ਼ਾਂਤੀ, ਕੁਦਰਤ ਦੇ ਨਿਯਮਾਂ, ਇਨਸਾਨੀਅਤ, ਕਾਨੂੰਨਾਂ ਤੇ ਉੱਚ ਪੱਧਰ ਦੀਆਂ ਨੈਤਿਕ ਕਦਰਾਂ ਦਾ ਪੁਜਾਰੀ ਹੈ।ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਉਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਵੀ ਬਹੁਗਿਣਤੀ ਵਿੱਚ ਬੁਲਾ ਲਿਆ ਹੈ, ਜਿਨ੍ਹਾਂ ਮੁਲਕਾਂ ਵਿੱਚ ਕਾਨੂੰਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਜਿਨ੍ਹਾਂ ਮੁਲਕਾਂ ਵਿੱਚ ਨੈਤਿਕ ਕਦਰਾਂ ਨੂੰ ਤਰਜੀਹ ਬਹੁਤ ਘੱਟ ਦਿੱਤੀ ਜਾਂਦੀ ਹੈ। ਚੋਰੀਆਂ, ਹੇਰਾਫੇਰੀਆਂ, ਜੁਰਮਾਂ ਲੁੱਟਾਂ ਖੋਹਾਂ, ਡਕੈਤੀਆਂ, ਫ਼ਿਰੌਤੀਆਂ, ਟੈਕਸ ਦੀਆਂ ਹੇਰਾਫੇਰਾਂ, ਨਸ਼ਿਆਂ ਅਤੇ ਧੋਖਾਧੜੀਆਂ ਦੀ ਭਰਮਾਰ ਹੈ। ਉਨ੍ਹਾਂ ਮੁਲਕਾਂ ਦੇ ਲੋਕਾਂ ਨੇ ਇਸ ਮੁਲਕ ਵਿੱਚ ਆਕੇ ਵੀ ਆਪਣੀਆਂ ਉਹ ਮਾੜੀਆਂ ਆਦਤਾਂ ਨਹੀਂ ਛੱਡੀਆਂ। ਉਨ੍ਹਾਂ ਲੋਕਾਂ ਨੇ ਇਸ ਮੁਲਕ ਦੇ ਹਾਲਾਤ ਵੀ ਵਿਗਾੜ ਦਿੱਤੇ। ਕੈਨੇਡਾ ਦੇ ਵਿਗੜ ਰਹੇ ਇਨ੍ਹਾਂ ਹਾਲਾਤ ਨੂੰ ਵੇਖਕੇ ਇੱਥੇ ਵਸ ਰਹੇ ਲੋਕਾਂ ਦਾ ਇਹ ਸੋਚਕੇ ਕਿ ਉਨ੍ਹਾਂ ਦਾ ਇਸ ਮੁਲਕ ਵਿੱਚ ਭਵਿੱਖ ਕੀ ਹੋਵੇਗਾ, ਦਿਮਾਗੀ ਤਣਾਅ ਵਧ ਰਿਹਾ ਹੈ। ਕਿਸੇ ਵੀ ਮੁਲਕ ਦਾ ਸਾਰਾ ਦਾਰੋਮਦਾਰ, ਖੁਸ਼ਹਾਲੀ, ਸ਼ਾਂਤੀ ਵਿਵਸਥਾ, ਵਪਾਰ ਅਤੇ ਆਰਥਿਕ ਮਜ਼ਬੂਤੀ ਉਸ ਮੁਲਕ ਦੇ ਰੋਜ਼ਗਾਰ ਦੇ ਸਾਧਨਾਂ ਨਾਲ ਜੁੜੇ ਹੋਏ ਹੁੰਦੇ ਹਨ। ਕੈਨੇਡਾ ਵਿੱਚ ਸਭ ਤੋਂ ਵੱਧ ਤਣਾਅ ਵਿੱਚ ਦੂਜੇ ਮੁਲਕਾਂ ਤੋਂ ਆਏ ਵਿਦਿਆਰਥੀ ਹਨ। ਕੋਈ ਵੀ ਵਿਦਿਆਰਥੀ ਕੈਨੇਡਾ ਵਿੱਚ ਆਪਣਾ ਮੁਲਕ ਛੱਡਕੇ ਤੇ ਆਪਣੇ ਮਾਪਿਆਂ ਦਾ 30-35 ਲੱਖ ਰੁਪਇਆ ਖਰਚ ਕਰਕੇ ਪੜ੍ਹਨ ਲਈ ਨਹੀਂ, ਸਗੋਂ ਰੋਜ਼ਗਾਰ ਹਾਸਲ ਕਰਨ ਹੀ ਆਉਂਦਾ ਹੈ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਲੱਖਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਬੁਲਾ ਤਾਂ ਲਿਆ ਪਰ ਉਸ ਗਿਣਤੀ ਮੁਤਾਬਿਕ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਅਤੇ ਭਵਿੱਖ ਵਿੱਚ ਵੀ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਆਸਾਰ ਵਿਖਾਈ ਨਹੀਂ ਦੇ ਰਹੇ। ਇੱਕ ਪਾਸੇ ਮਾਪਿਆਂ ਦੇ ਸਿਰ ਬੈਂਕਾਂ ਦਾ ਕਰਜ਼ਾ, ਕਾਲਜਾਂ ਦੀਆਂ ਫੀਸਾਂ, ਮਕਾਨਾਂ ਦੇ ਕਿਰਾਏ ’ਤੇ ਹੋਰ ਖਰਚੇ ਪਰ ਦੂਜੇ ਪਾਸੇ ਰੋਜ਼ਗਾਰ ਮਿਲਣ ਦੀ ਕੋਈ ਸੰਭਾਵਨਾ ਨਹੀਂ। ਕੈਨੇਡਾ ਸਰਕਾਰਾਂ ਵੱਲੋਂ ਵਿਦਿਆਰਥੀਆਂ ਦੇ ਵਰਕ ਪਰਮਿਟ ਬੰਦ ਕਰਨ ਅਤੇ ਉਨ੍ਹਾਂ ਨੂੰ ਆਪਣੇ ਮੁਲਕ ਵਿੱਚੋਂ ਵਾਪਸ ਭੇਜਣ ਦੇ ਨਵੇਂ ਨਵੇਂ ਫੈਸਲੇ ਲਏ ਜਾ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਉਹ ਨਾ ਆਪਣੇ ਘਰ ਨੂੰ ਮੁੜਨ ਜੋਗੇ ਤੇ ਨਾ ਇੱਥੇ ਵਸਣ ਜੋਗੇ। ਇਹੋ ਜਿਹੇ ਹਾਲਤ ਉਨ੍ਹਾਂ ਦੇ ਦਿਮਾਗ ਦਾ ਤਣਾਅ ਵਧਾ ਰਹੇ ਹਨ। ਉਹ ਨਸ਼ਿਆਂ, ਖੁਦਕੁਸ਼ੀਆਂ ਤੇ ਹਾਰਟ ਅਟੈਕ ਦਾ ਸ਼ਿਕਾਰ ਹੋ ਰਹੇ ਹਨ।

ਨਵੇਂ ਮੁੰਡੇ ਕੁੜੀਆਂ ਨੂੰ ਤਾਂ ਨੌਕਰੀਆਂ ਕੀ ਮਿਲਣੀਆਂ, ਜਿਹੜੇ ਨੌਕਰੀਆਂ ਕਰਦੇ ਵੀ ਹਨ, ਉਨ੍ਹਾਂ ਦੀਆਂ ਨੌਕਰੀਆਂ ਵੀ ਖਤਰੇ ਵਿੱਚ ਨਜ਼ਰ ਆ ਰਹੀਆਂ ਹਨ। ਕੰਪਨੀਆਂ ਆਰਥਿਕ ਸੰਕਟ ਦੀਆਂ ਆੜ ਵਿਚ ਤਿੰਨਾਂ ਚਾਰ ਵਿਅਕਤੀਆਂ ਦਾ ਕੰਮ ਇੱਕ ਵਿਅਕਤੀ ਤੋਂ ਲੈਣ ਲਈ ਆਨੇ ਬਹਾਨੇ ਆਪਣੇ ਮੁਲਾਜ਼ਮਾਂ ਨੂੰ ਨੌਕਰੀਆਂ ਵਿੱਚੋਂ ਕੱਢ ਰਹੀਆਂ ਹਨ। ਜਿਨ੍ਹਾਂ ਮੁਲਾਜ਼ਮਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ, ਜਾਂ ਜਿਨ੍ਹਾਂ ਨੂੰ ਨੌਕਰੀਆਂ ਜਾਣ ਦਾ ਖਤਰਾ ਹੈ, ਉਨ੍ਹਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿ ਉਹ ਮਕਾਨਾਂ, ਗੱਡੀਆਂ ਤੇ ਹੋਰ ਸਮਾਨ ਲਈ ਲਏ ਹੋਏ ਕਰਜ਼ਿਆਂ ਦੀਆਂ ਕਿਸ਼ਤਾਂ ਕਿੱਥੋਂ ਦੇਣਗੇ, ਬੱਚਿਆਂ ਦੀਆਂ ਫੀਸਾਂ ਕਿੱਥੋਂ ਦੇਣਗੇ, ਘਰ ਦੇ ਖਰਚੇ ਕਿਵੇਂ ਕਰਨਗੇ ? ਉਹ ਨਾ ਤਾਂ ਆਪਣੇ ਮੁਲਕ ਵਾਪਸ ਜਾਣ ਜੋਗੇ ਰਹੇ ਹਨ ਅਤੇ ਨਾ ਇੱਥੇ ਵਸਣ ਜੋਗੇ ਰਹੇ।

ਜਿਹੜੇ ਲੋਕ ਆਪਣੇ ਮੁਲਕ ਨੂੰ ਛੱਡਕੇ ਲੰਬੇ ਸਮੇਂ ਤੋਂ ਆਪਣੇ ਬੱਚਿਆਂ ਨਾਲ ਇਸ ਮੁਲਕ ਵਿੱਚ ਵਸ ਰਹੇ ਹਨ, ਉਨ੍ਹਾਂ ਲੋਕਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੁਣ ਇਸ ਮੁਲਕ ਵਿੱਚ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਨਜ਼ਰ ਆ ਰਿਹਾ ਹੈ। ਇਸ ਮੁਲਕ ਦੀ ਸਰਕਾਰ ਦੂਜੇ ਦੇਸ਼ਾਂ ਤੋਂ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਨੂੰ ਬੁਲਾਉਣਾ ਘਟਾ ਰਹੀ ਹੈ। ਇੱਥੇ ਪੜ੍ਹਨ ਆਏ ਮੁੰਡੇ ਕੁੜੀਆਂ ਨੂੰ ਵਾਪਸ ਭੇਜਣ ਲਈ ਨਵੇਂ ਫੈਸਲੇ ਕਰ ਰਹੀ ਹੈ। ਲੋਕ ਇਸ ਮੁਲਕ ਦੇ ਮਾੜੇ ਹਾਲਾਤ ਕਾਰਨ ਆਪਣੇ ਆਪ ਇਸ ਨੂੰ ਛੱਡਕੇ ਜਾ ਰਹੇ ਹਨ। ਇਸ ਕਾਰਨ ਇਸ ਮੁਲਕ ਦੇ ਰੀਅਲ ਇਸਟੇਟ ਦਾ ਕੰਮ ਕਰਨ ਵਾਲੇ, ਵਪਾਰੀ ਵਰਗ ਅਤੇ ਕੰਪਨੀਆਂ ਦੇ ਮਾਲਕਾਂ ਦੇ ਦਿਮਾਗਾਂ ਦਾ ਤਣਾਅ ਵਧ ਰਿਹਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਿਵਸਥਾ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਇੱਥੇ ਵਸਦੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦਾ ਤਣਾਅ ਵਧਦਾ ਜਾ ਰਿਹਾ ਹੈ।

ਮਹਿੰਗਾਈ, ਬੇਰੋਜ਼ਗਾਰੀ, ਕੈਨੇਡਾ ਸਰਕਾਰ ਵੱਲੋਂ ਟੈਕਸਾਂ ਦਾ ਬੋਝ ਵਧਾਉਣ, ਤਨਖਾਹਾਂ ਵਿੱਚ ਵਾਧਾ ਨਾ ਕਰਨ, ਇਸ ਮੁਲਕ ਦੀ ਆਰਥਿਕ ਮੰਦਹਾਲੀ, ਪਰਿਵਾਰਾਂ ਦੇ ਚੰਗੇ ਗੁਜ਼ਾਰੇ ਲਈ ਪਤੀ ਪਤਨੀ ਦੋਹਾਂ ਨੂੰ ਨੌਕਰੀ ਨਾ ਮਿਲਣ, ਮਕਾਨਾਂ ਦੇ ਕਿਰਾਏ ਵਧਣ, ਬੱਚਿਆਂ ਦੇ ਪਾਲਣ ਪੋਸਣ,ਬੇਸਮੈਂਟਾਂ ਦੀ ਮਾੜੀ ਜ਼ਿੰਦਗੀ, ਬੱਚਿਆਂ ਤੇ ਬਜ਼ੁਰਗਾਂ ਦੇ ਟਕਰਾਅ, ਬਜ਼ੁਰਗਾਂ ਦੀਆਂ ਬਿਮਾਰੀਆਂ, ਬਜ਼ੁਰਗਾਂ ਦਾ ਸਮਾਂ ਪਾਸ ਨਾ ਹੋਣ, ਮੁੰਡੇ ਕੁੜੀਆਂ ਦੇ ਵਿਆਹ ਨਾ ਹੋਣ ਵਜੋਂ ਉਨ੍ਹਾਂ ਦੀ ਵਧ ਰਹੀ ਉਮਰ, ਪਤੀ ਪਤਨੀ ਦੇ ਹੋਣ ਵਾਲੇ ਝਗੜਿਆਂ ਅਤੇ ਤਲਾਕਾਂ ਕਾਰਨ ਇਸ ਮੁਲਕ ਵਿੱਚ ਵਸ ਰਹੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦੇ ਤਣਾਅ ਵਿੱਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਸਰਕਾਰ ਨੂੰ ਆਪਣੇ ਜ਼ਿਹਨ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਣੀ ਚਾਹੀਦੀ ਹੈ ਕਿ ਉਸ ਨੂੰ ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਵਸੇ ਹੋਏ ਪ੍ਰਵਾਸੀ ਲੋਕਾਂ ਪ੍ਰਤੀ ਆਪਣੀ ਨੀਅਤ ਅਤੇ ਨੀਤੀ ਸਾਫ ਰੱਖਣੀ ਪਵੇਗੀ। ਕਿਉਂਕਿ ਇਸ ਮੁਲਕ ਦੀ ਆਰਥਿਕਤਾ ਵਿਦੇਸ਼ੀ ਮੁਲਕਾਂ ਤੋਂ ਆਕੇ ਇੱਥੇ ਆਕੇ ਵਸਣ ਵਾਲੇ ਪ੍ਰਵਾਸੀ ਲੋਕਾਂ ਉੱਤੇ ਹੀ ਨਿਰਭਰ ਕਰਦੀ ਹੈ। ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਲੋਕ ਤਾਂ ਹੀ ਆਉਣਗੇ ਜੇਕਰ ਇੱਥੇ ਰੋਜ਼ਗਾਰ ਦੇ ਮੌਕੇ ਹੋਣਗੇ। ਇਸਦੀ ਆਰਥਿਕਤਾ ਮਜ਼ਬੂਤ ਹੋਵੇਗੀ। ਇੱਥੇ ਅਮਨ ਸ਼ਾਂਤੀ ਵਾਲਾ ਮਾਹੌਲ ਹੋਵੇਗਾ। ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ। ਮੁਲਾਜ਼ਮਾਂ, ਵਿਦਿਆਰਥੀ ਵਰਗ, ਵਪਾਰੀਆਂ ਤੇ ਕੰਪਨੀਆਂ ਨੂੰ ਆਪਣਾ ਭਵਿੱਖ ਉੱਜਲ ਵਿਖਾਈ ਦੇਵੇਗਾ।

# ਅਮਰੀਕੀ ਲੋਕਤੰਤਰ ਦਾ ਮਜ਼ਬੂਤ ਥੰਮ੍ਹ ਹਨ ਬਹਿਸਾਂ

ਦਰਬਾਰਾ ਸਿੰਘ ਕਾਹਲੋਂ
ਸਾਬਕਾ ਰਾਜ ਕਮਿਸ਼ਨਰ, ਪੰਜਾਬ)





ਅਮਰੀਕੀ ਰਾਜਨੀਤੀਵਾਨਾਂ, ਰਾਸ਼ਟਰਵਾਦੀ ਸ਼ਖ਼ਸੀਅਤਾਂ ਅਤੇ ਲੋਕਤੰਤਰ ਦੇ ਦੀਵਾਨਿਆਂ ਨੇ ਅਮਰੀਕੀ ਲੋਕਤੰਤਰ ਦੀ ਰਾਖੀ, ਵਿਕਾਸ, ਸਦਾਕਤ, ਪਵਿੱਤਰਤਾ, ਰਾਸ਼ਟਰਵਾਦੀ ਇਕਜੁੱਟਤਾ ਕਾਇਮ ਰੱਖਣ ਲਈ ਰਾਸ਼ਟਰਪਤੀ ਦੇ ਨਾਮਵਰ ਅਹੁਦੇ ਲਈ ਸਹੀ ਰਾਜਨੀਤਕ ਆਗੂ ਤੇ ਸ਼ਖ਼ਸੀਅਤ ਦੀ ਚੋਣ ਲਈ ਰਾਸ਼ਟਰੀ ਪੱਧਰ ’ਤੇ ਬਹਿਸ ਕੀਤੇ ਜਾਣ ਦੇ ਤਰੀਕਾਕਾਰ ਨੂੰ ਅਪਣਾਇਆ। ਅਮਰੀਕੀ ਲੋਕਤੰਤਰ ਦੀ ਮਜ਼ਬੂਤੀ ਸਵੱਛਤਾ, ਉੱਚ ਕਦਰਾਂ-ਕੀਮਤਾਂ ਦੀ ਰਾਖੀ ਲਈ ਇਸ ਨੂੰ ਇਕ ਜ਼ਰੂਰੀ ਰਵਾਇਤ ਵਜੋਂ ਅਪਣਾਇਆ ਭਾਵੇਂ ਇਸ ਨੂੰ ਕੋਈ ਸੰਵਿਧਾਨਕ ਮਾਨਤਾ ਹਾਸਲ ਨਹੀਂ ਹੈ।

ਰਾਸ਼ਟਰਪਤੀ ਅਹੁਦੇ ਲਈ ਪ੍ਰਾਇਮਰੀ ਚੋਣਾਂ ਵੇਲੇ ਵੱਖ-ਵੱਖ ਉਮੀਦਵਾਰਾਂ ਵਿਚਕਾਰ ਬਹਿਸਾਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। ਸੰਨ 1860 ’ਚ ਇਬਰਾਹੀਮ ਲਿੰਕਨ ਅਤੇ ਸੈਨੇਟਰ ਸਟੀਫਨ ਏ ਡਗਲਸ ਵੀ ਭਿੜੇ ਸਨ ਪਰ ਕਿਸੇ ਸੰਚਾਲਕ ਬਗੈਰ। ਰੇਡੀਓ ਤੇ ਟੈਲੀਵਿਜ਼ਨ ’ਤੇ ਅਮਰੀਕੀ ਰਾਸ਼ਟਰਪਤੀ ਅਹੁਦੇ ਲਈ ਪ੍ਰਮੁੱਖ ਡੈਮੋਕ੍ਰੈਟਿਕ ਤੇ ਰਿਪਬਲਿਕਨ ਉਮੀਦਵਾਰਾਂ ਦਰਮਿਆਨ ਪਹਿਲੀ ਵਿਧੀਵਤ ਬਹਿਸ 26 ਸਤੰਬਰ 1960 ਨੂੰ ਜਾਹਨ ਐੱਫ ਕੈਨੇਡੀ ਤੇ ਰਿਚਰਡ ਨਿਕਸਨ ਵਿਚਾਲੇ ਹੋਈ ਸੀ। ਅਮਰੀਕਾ ਦੀ ਉਸ ਸਮੇਂ ਕੁੱਲ ਆਬਾਦੀ 179 ਮਿਲੀਅਨ ’ਚੋਂ 66 ਮਿਲੀਅਨ ਲੋਕਾਂ ਨੇ ਇਸ ਨੂੰ ਵੇਖਿਆ ਸੀ। ਇਸ ਤੋਂ 16 ਸਾਲ ਬਾਅਦ 1976 ’ਚ 23 ਸਤੰਬਰ ਨੂੰ ਜਿਮੀ ਕਾਰਟਰ ਤੇ ਜੇਰਾਲਡ ਫੋਰਡ ਦਰਮਿਆਨ ਗਹਿਗੱਚ ਬਹਿਸ ਵੇਖਣ ਨੂੰ ਮਿਲੀ ਸੀ। ਸੰਨ 1980 ’ਚ ਹੋਈ ਬਹਿਸ 226 ਮਿਲੀਅਨ ਅਮਰੀਕੀਆਂ ’ਚੋਂ 80 ਮਿਲੀਅਨ ਨੇ ਵੇਖੀ ਸੀ। ਸੰਨ 1992 ਵਿਚ ਤ੍ਰੈਪੱਖੀ ਬਹਿਸ ਵੇਖਣ ਨੂੰ ਮਿਲੀ। ਇਹ ਡੈਮੋਕ੍ਰੈਟ ਬਿਲ ਕਲਿੰਟਨ, ਰਿਪਬਲਿਕਨ ਰਾਸ਼ਟਰਪਤੀ ਜਾਰਜ ਬੁਸ਼ ਤੇ ਅਰਬਪਤੀ ਰਾਸ ਪੀਰੋਟ ਦਰਮਿਆਨ ਹੋਈ ਸੀ। ਸੰਨ 2012 ਦੀ ਬਹਿਸ 67 ਮਿਲੀਅਨ ਲੋਕਾਂ ਨੇ ਵੇਖੀ ਸੀ ਪਰ ਸੰਨ 2016 ’ਚ ਰਿਪਬਲਿਕਨ ਡੋਨਾਲਡ ਟਰੰਪ ਤੇ ਡੈਮੋਕ੍ਰੈਟ ਹਿਲੇਰੀ ਕਲਿੰਟਨ ਵਿਚਾਲੇ ਦਿਲਚਸਪ ਬਹਿਸ ’ਚ ਪਿਛਲੇ ਸਭ ਰਿਕਾਰਡ ਟੁੱਟੇ। ਲਗਪਗ 84 ਮਿਲੀਅਨ ਅਮਰੀਕਨਾਂ ਨੇ ਇਹ ਬਹਿਸ ਵੇਖੀ। ਸੰਨ 2020 ’ਚ ਬਾਇਡਨ ਤੇ ਰਾਸ਼ਟਰਪਤੀ ਟਰੰਪ ਦੀ ਬਹਿਸ 73.1 ਮਿਲੀਅਨ ਲੋਕਾਂ ਵੇਖੀ। ਦਸ ਸਤੰਬਰ 2024 ਨੂੰ ਡੈਮੋਕ੍ਰੈਟ ਉਮੀਦਵਾਰ ਕਮਲਾ ਹੈਰਿਸ ਤੇ ਰਿਪਬਲਿਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਬਹਿਸ ਫਿਲਾਡੇਲਫੀਆ (ਪੈਨਸਿਲਵੇਨੀਆ) ਵਿਖੇ 90 ਮਿੰਟ ਚੱਲੀ।

ਇਹ ਬਹਿਸ 67.1 ਮਿਲੀਅਨ ਲੋਕਾਂ ਨੇ ਵੇਖੀ। ਇਹ ਗਿਣਤੀ 27 ਜੂਨ 2024 ਨੂੰ ਰਾਸ਼ਟਰਪਤੀ ਜੋਅ ਬਾਇਡਨ ਤਤਕਾਲੀ ਡੈਮੋਕ੍ਰੈਟਿਕ ਉਮੀਦਵਾਰ ਤੇ ਡੋਨਾਲਡ ਟਰੰਪ ਰਿਪਬਲਿਕਨ ਉਮੀਦਵਾਰ ਦਰਮਿਆਨ ਹੋਈ ਬਹਿਸ ਨਾਲੋਂ 16 ਮਿਲੀਅਨ ਭਾਵ 31 ਪ੍ਰਤੀਸ਼ਤ ਗਿਣਤੀ ਪੱਖੋਂ ਵੱਧ ਸੀ। ਇਹ ਬਹਿਸਾਂ ਕਿਵੇਂ ਅਮਰੀਕੀ ਰਾਸ਼ਟਰ, ਜਨਤਾ ਤੇ ਨੀਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ, ਇਸ ਦੀ ਜਿਉਂਦੀ-ਜਾਗਦੀ ਮਿਸਾਲ 27 ਜੂਨ ਦੀ ਬਹਿਸ ਹੈ ਜਿਸ ਵਿੱਚ 82 ਸਾਲਾ ਬੁੱਢੇ ਭੁਲੱਕੜ ਮਾਨਸਿਕ ਤੇ ਸਰੀਰਕ ਪੱਖੋਂ ਕਮਜ਼ੋਰ ਪੈ ਚੁੱਕੇ ਰਾਸ਼ਟਰਪਤੀ ਜੋਅ ਬਾਇਡਨ ਦੀ ਅਤਿ-ਨਿਰਾਸ਼ਾਜਨਕ ਕਾਰਗੁਜ਼ਾਰੀ ਕਰ ਕੇ ਡੈਮੋਕ੍ਰੈਟਿਕ ਪਾਰਟੀ ਨੂੰ ਆਪਣਾ ਉਮੀਦਵਾਰ ਬਦਲਣਾ ਪਿਆ। ਉਸ ਦੀ ਥਾਂ ਗਤੀਸ਼ੀਲ ਕਾਨੂੰਨਦਾਨ, ਪ੍ਰਸ਼ਾਸਕ ਤੇ ਦੂਰ-ਅੰਦੇਸ਼ ਡਿਪਲੋਮੈਟ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਉਮੀਦਵਾਰ ਚੁਣਨਾ ਪਿਆ। ਰਾਸ਼ਟਰਪਤੀ ਅਹੁਦੇ ਲਈ ਚੋਣ 5 ਨਵੰਬਰ 2024 ਨੂੰ ਹੋਣ ਜਾ ਰਹੀ ਹੈ। ਸਤਾਈ ਜੂਨ 2024 ਦੀ ਬਹਿਸ ਵਿੱਚ ਰਾਸ਼ਟਰਪਤੀ ਜੋਅ ਬਾਇਡਨ ਨੂੰ ਚਿੱਤ ਕਰਨ ਤੋਂ ਬਾਅਦ ਨਿਸ਼ਚਤ ਤੌਰ ’ਤੇ ਉਸ ਦੇ ਹੌਸਲੇ ਬੁਲੰਦ ਸਨ। ਪਰ ਜਿਉਂ ਹੀ ਬਹਿਸ ਦੇ ਪੋਡੀਅਮ ’ਤੇ ਕਮਲਾ ਹੈਰਿਸ ਨੇ ਪੂਰਨ ਵਿਸ਼ਵਾਸ ਅਤੇ ਸਵੈ ਮਾਨਸਿਕ ਸੰਤੁਲਨ ਦਾ ਮੁਜ਼ਾਹਰਾ ਕਰਦੇ ਹੋਏ ਡੋਨਾਲਡ ਟਰੰਪ ਨਾਲ ਹੱਥ ਮਿਲਾਇਆ, ਮਿਲੀਅਨਜ਼ ਲੋਕਾਂ ਨੇ ਮਹਿਸੂਸ ਕੀਤਾ ਜਿਵੇਂ ਉਹ ਛਾ ਗਈ ਹੋਵੇ। ਪੈਂਦਿਆਂ ਹੀ ਹੈਰਿਸ ਬਹਿਸ ਦੌਰਾਨ ਹਾਵੀ-ਪ੍ਰਭਾਵੀ ਹੁੰਦੀ ਦਿਸੀ। ਟਰੰਪ ਆਪਣੇ ਹਮਲਾਵਰ ਤੇ ਤੇਜ਼-ਤਰਾਰ ਗੁਸੈਲੇ ਸੁਭਾਅ ਕਰ ਕੇ ਮਸ਼ਹੂਰ ਹੈ ਪਰ ਇਸ ਬਹਿਸ ਵਿੱਚ ਉਹ ਜੁੰਬਸ਼ ਅੰਗੜਾਈ ਲੈਂਦੀ ਕਿਧਰੇ ਨਜ਼ਰ ਨਹੀਂ ਆਈ। ਇਹ ਗੱਲ ਰਿਪਬਲਿਕਨ ਸਾਂਸਦ ਵੀ ਮਹਿਸੂਸ ਕਰਦੇ ਵਿਖਾਈ ਦਿੰਦੇ ਦਿਸੇ। ਟੈਸਲਾ ਦੇ ਸੀਈਓ ਐਲਨ ਮਸਕ ਦਾ ਕਹਿਣਾ ਹੈ ਕਿ 10 ਸਤੰਬਰ ਦੀ ਰਾਤ ਟਰੰਪ ਲਈ ਬੁਰੀ ਸਾਬਿਤ ਹੋਈ। ਹੈਰਿਸ ਲੋਕਾਂ ਦੀਆਂ ਉਮੀਦਾਂ ਤੋਂ ਵੱਧ ਖਰੀ ਉਤਰੀ ਭਾਵੇਂ ਉਹ ਇਹ ਵੀ ਕਹਿੰਦਾ ਸੁਣਿਆ ਕਿ ਹੈਰਿਸ ਜੇ ਜਿੱਤ ਜਾਂਦੀ ਹੈ ਤਾਂ ਕੀ ਅਸੀਂ ਮੰਗਲ ਗ੍ਰਹਿ ’ਤੇ ਪੁੱਜ ਜਾਵਾਂਗੇ। ਹਕੀਕਤ ਵਿੱਚ ਇਹ ਬਹਿਸ ਬਹੁਤ ਹੀ ਤਿੱਖੀ ਅਤੇ ਹਮਲਾਵਰ ਕਿਸਮ ਦੀ ਸੀ।

ਸੀ.ਐੱਨ.ਐੱਨ. ਫਲੈਸ਼ ਪੋਲ ਅਨੁਸਾਰ 37 ਪ੍ਰਤੀਸ਼ਤ ਦੇ ਮੁਕਾਬਲੇ 63% ਲੋਕ ਮੰਨਦੇ ਹਨ ਕਿ ਹੈਰਿਸ ਨੇ ਵਧੀਆ ਬਹਿਸ ਕੀਤੀ। ਹੈਰਿਸ ਦੇ 96 ਫ਼ੀਸਦ ਜਦਕਿ ਟਰੰਪ ਦੇ 69% ਹਮਾਇਤੀ ਉਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਮੰਨਦੇ ਵਿਖਾਈ ਦਿੱਤੇ। ਪਰ ਟਰੰਪ ਦੀਆਂ ਨੀਤੀਆਂ ਤੋਂ ਗੁਆਂਢੀ ਕੈਨੇਡਾ ਤੇ ਮੈਕਸੀਕੋ ਸਹਿਮੇ ਨਜ਼ਰ ਆਏ। ਟਰੰਪ ਨੇ ਬਹਿਸ ਤੋਂ ਬਾਅਦ ਦਾਅਵਾ ਕੀਤਾ ਕਿ ਲੋਕ ਇਸ ਨੂੰ ਉਸ ਦੀ ਵੱਡੀ ਜਿੱਤ ਦੱਸ ਰਹੇ ਹਨ। ਜਦੋਂ ਟਰੰਪ ਨੇ ਬਹਿਸ ਦੌਰਾਨ ਹੈਰਿਸ ਨੂੰ ਜੋਅ ਬਾਇਡਨ ਕਿਹਾ ਤਾਂ ਉਸ ਨੇ ਅਮਰੀਕੀਆਂ ਦੇ ਮਨਾਂ ਨੂੰ ਟੁੰਬਣ ਵਾਲੀ ਭਾਸ਼ਾ ਵਿੱਚ ਜਵਾਬ ਦਿੱਤਾ, “ਮੈਂ ਦੇਸ਼ ਨੂੰ ਨਵੀਂ ਪੀੜ੍ਹੀ ਦੀ ਲੀਡਰਸ਼ਿਪ ਪੇਸ਼ ਕਰ ਰਹੀ ਹਾਂ।” ਇਸ ਬਹਿਸ ਤੋਂ ਬਾਅਦ ਸਟਾਰ ਟੇਲਰ ਸਵਿਫਟ ਨੇ ਹੈਰਿਸ ਦੀ ਹਮਾਇਤ ਦਾ ਐਲਾਨ ਕਰ ਦਿੱਤਾ।

# 100 ਦਿਨ 3.0 ਮੋਦੀ ਸਰਕਾਰ ਦੇ

ਗੁਰਮੀਤ ਸਿੰਘ ਪਲਾਹੀ
9815802070

ਇਸ ਵੇਰ ਮਸਾਂ ਬਣੀ ਤੀਜੀ ਵੇਰ ਦੀ ਮੋਦੀ ਸਰਕਾਰ ਦੇ 100 ਦਿਨ 17 ਸਤੰਬਰ 2024 ਨੂੰ ਪੂਰੇ ਹੋ ਜਾਣਗੇ। ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਇਹਨਾਂ 100 ਦਿਨ ਲਈ ਕੁਝ ਟੀਚੇ ਮਿੱਥੇ ਸਨ : ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਆਜ਼ਾਦੀ ਦਿਹਾੜੇ 'ਤੇ ਲਾਲ ਕਿਲੇ ਦੀ ਫਸੀਲ ਤੋਂ ਭਾਸ਼ਨ ਦਿੰਦਿਆਂ ਅਤੇ ਵਿੱਤ ਮੰਤਰੀ ਨੇ ਦੇਸ਼ ਦੀ ਨਵੀਂ ਪਾਰਲੀਮੈਂਟ 'ਚ ਬਜਟ ਪੇਸ਼ ਕਰਦਿਆਂ। ਜਾਪਦਾ ਹੈ ਇਹ ਵਾਅਦੇ, ਇਹ ਦਾਈਏ, ਤਾਂ ਜਿਵੇਂ ਠੁੱਸ ਹੋ ਕੇ ਹੀ ਰਹਿ ਗਏ ਹਨ, ਉਪਰੋਂ ਸਰਕਾਰ ਐਨੀ ਬੇਵੱਸ ਕਦੇ ਨਹੀਂ ਦਿਸੀ, ਜਿੰਨੀ ਇਹਨਾਂ 100 ਦਿਨਾਂ 'ਚ।

ਮੋਦੀ ਸਰਕਾਰ ਨੂੰ ਇਹਨਾਂ 100 ਦਿਨ 'ਚ ਜੁਆਇੰਟ ਸਕੱਤਰਾਂ ਅਤੇ ਡਾਇਰੈਕਟਰਾਂ ਦੀ ਸਿੱਧੀ ਭਰਤੀ (ਲਿਟਰਲ ਇੰਟਰੀ) ਯੋਜਨਾ ਨੂੰ ਉਹਨਾਂ ਦੇ ਸਹਿਯੋਗੀਆਂ ਦੇ ਅਤੇ ਵਿਰੋਧੀ ਧਿਰ ਦੇ ਵਿਰੋਧ ਕਾਰਨ ਵਾਪਿਸ ਲੈਣਾ ਪਿਆ। ਆਪਣੀ ਧੁਨ ਦੀ ਪੱਕੀ ਅਤੇ ਇਕੋ ਧਰਮ ਦੇ ਝੰਡੇ ਵਾਲਾ ਸਾਮਰਾਜ ਲਿਆਉਣ ਵਾਲੀ ਸਰਕਾਰ ਨੂੰ ਜਦੋਂ ਮਜ਼ਬੂਰੀਵੱਸ ਲੋਕ ਸਭਾ 'ਚ ਵਕਫ ਬੋਰਡ ਬਿੱਲ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣਾ ਪਿਆ, ਜਿਸ ਦੀ ਉਹ ਪਿਛਲੇ 10 ਵਰਿਆਂ ਦੇ ਰਾਜ-ਭਾਗ 'ਚ ਆਦੀ ਨਹੀਂ ਰਹੀ ਤਾਂ ਇਸ ਘਟਨਾ ਦਾ ਅਰਥ ਕੀ ਲਿਆ ਜਾਣਾ ਚਾਹੀਦਾ ਹੈ ?

ਮੋਦੀ ਸਰਕਾਰ ਦਾ ਮੁੱਖ ਅਜੰਡਾ ਕਿ ਦੇਸ਼ 'ਚ 'ਇੱਕ ਦੇਸ਼ ਇੱਕ ਚੋਣ' ਦਾ ਪੈਟਰਨ ਲਾਗੂ ਹੋਵੇ, ਉਦੋਂ ਕਿਥੇ ਰਫੂ ਚੱਕਰ ਹੋ ਗਿਆ, ਜਦੋਂ ਜੰਮੂ-ਕਸ਼ਮੀਰ ਅਤੇ ਹਰਿਆਣਾ 'ਚ ਤਾਂ ਚੋਣਾਂ ਦਾ ਐਲਾਨ ਕਰ ਦਿੱਤਾ, ਪਰ ਮਹਾਂਰਾਸ਼ਟਰ 'ਚ ਹਾਰ ਦੇ ਡਰੋਂ ਚੋਣਾਂ ਪਛੇਤੀਆਂ ਕਰ ਦਿੱਤੀਆਂ ਗਈਆਂ। ਹਾਲਾਂਕਿ ਪਿਛਲੀਆਂ ਕਈ ਵਾਰੀਆਂ 'ਚ ਹਰਿਆਣਾ ਅਤੇ ਮਹਾਂਰਾਸ਼ਟਰ ਚੋਣਾਂ ਇਕੋ ਵੇਲੇ ਇਕੱਠੀਆਂ ਹੁੰਦੀਆਂ ਰਹੀਆਂ ਹਨ, ਜਿਵੇਂ ਹਰਿਆਣਾ 'ਚ ਭਾਜਪਾ ਸਰਕਾਰ ਨੂੰ ਵਿਰੋਧੀਆਂ (ਇੰਡੀਆ ਗਰੁੱਪ) ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਭਾਜਪਾ ਦੇ ਅੰਦਰੋਂ ਹਰਿਆਣਾ 'ਚ ਤਿੱਖਾ ਵਿਰੋਧ ਵੀ ਝੱਲਣਾ ਪੈ ਰਿਹਾ ਹੈ, ਕਿਉਂਕਿ ਜਿਹਨਾਂ ਭਾਜਪਾ ਨੇਤਾਵਾਂ ਨੂੰ ਚੋਣਾਂ 'ਚ ਪਾਰਟੀ ਟਿਕਟ ਨਹੀਂ ਮਿਲ ਰਹੀ, ਉਹ ਭਾਜਪਾ ਦਾ ਸਾਥ ਛੱਡ ਰਹੇ ਹਨ। ਭਾਵੇਂ ਇਹ ਤੱਥ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਨਾਲ ਨਹੀਂ ਜੁੜੇ ਹੋਏ, ਪਰ ਕੇਂਦਰ ਸਰਕਾਰ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹਨ ਅਤੇ ਉਸ ਦਾ ਪ੍ਰਛਾਵਾਂ ਵਿਧਾਨ ਸਭਾ ਚੋਣਾਂ 'ਚ ਚੋਣਾਂ ਤੋਂ ਪਹਿਲਾਂ ਹੀ ਦਿਸਣ ਲੱਗਾ ਹੈ। ਇਹ ਸਿੱਧਾ ਭਾਜਪਾ ਪ੍ਰਤੀ ਉਹਦੇ ਵੱਡੇ ਨੇਤਾਵਾਂ ਪ੍ਰਤੀ ਬੇਯਕੀਨੀ ਅਤੇ ਸਰਕਾਰ 'ਚ ਆਤਮ ਵਿਸ਼ਵਾਸ ਦੀ ਕਮੀ ਦਾ ਸਿੱਟਾ ਹੈ।



ਆਓ ਜ਼ਰਾ ਮੋਦੀ ਸਰਕਾਰ ਦੀ 100 ਦਿਨਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰੀਏ। ਪ੍ਰਧਾਨ ਮੰਤਰੀ ਨੇ ਭਾਸ਼ਨ 'ਚ ਕਿਹਾ ਸੀ ਲਾਲ ਕਿਲੇ ਤੋਂ ਅੱਜ ਭਾਰਤ ਦੇ ਲੋਕ ਆਤਮ-ਵਿਸ਼ਵਾਸ ਨਾਲ ਭਰੇ ਪਏ ਹਨ। ਉਹ ਸੌਖੇ ਹਨ। ਦੇਸ਼ ਦੀ ਅਰਥ ਵਿਵਸਥਾ ਤਕੜੀ ਹੋ ਰਹੀ ਹੈ। ਪਿਛਲੇ ਦਸ ਸਾਲਾਂ 'ਚ ਜੀ.ਡੀ.ਪੀ. ਵਧੀ ਹੈ। ਪਰ ਸਵਾਲ ਹੈ ਕਿ ਇਸ ਦਾ ਲਾਭ ਕਿਸ ਨੂੰ ਹੋਇਆ ਹੈ ? ਆਮ ਆਦਮੀ ਨੂੰ ਜਾਂ ਦੇਸ਼ ਦੇ ਧੰਨ ਕੁਬੇਰਾਂ ਨੂੰ ?

ਕੁਝ ਦਿਨ ਪਹਿਲਾਂ ਦੀ ਆਖਰੀ ਖ਼ਬਰ ਦੇਖੋ। ਖ਼ਬਰ ਉੱਪਰ, ਥੱਲੇ ਰਾਜ ਕਰਦੀ ਭਾਜਪਾ ਦੀ ਹਰਿਆਣਾ ਡਬਲ ਇੰਜਨ ਸਰਕਾਰ ਦੀ ਹੈ। ਹਰਿਆਣਾ ਸਰਕਾਰ ਨੇ 15000 ਰੁਪਏ ਮਹੀਨਾ ਤਨਖਾਹ 'ਤੇ ਸਫ਼ਾਈ ਕਰਮਚਾਰੀਆਂ ਦੀਆਂ ਨੌਕਰੀਆਂ ਕੱਢੀਆਂ, ਇਹਨਾਂ ਨੌਕਰੀਆਂ ਲਈ 3,95,000 ਉਮੀਦਵਾਰਾਂ ਨੇ ਬਿਨੈ-ਪੱਤਰ ਦਿੱਤੇ। ਇਹਨਾਂ ਵਿੱਚ 6112 ਪੋਸਟ ਗ੍ਰੈਜੂਏਟ, 39,990 ਗਰੇਜੂਏਟ ਅਤੇ 1,17,144 ਬਾਹਰਵੀ ਪਾਸ ਵਾਲੇ ਹਨ। ਕੀ ਇਹ 100 ਦਿਨਾਂ ਦੀ ਸਰਕਾਰ ਦੇ ਆਤਮ-ਵਿਸ਼ਵਾਸ ਦੀ ਨਿਸ਼ਾਨੀ ਹੈ ? ਕੀ ਇਹ ਦੇਸ਼ ਦੀ ਅਰਥ ਵਿਵਸਥਾ ਦੇ ਵਿਕਾਸ ਦੀ ਤਸਵੀਰ ਹੈ ? ਅਸਲ ਮੁੱਦਾ ਦੇਸ਼ ਦੇ ਆਰਥਿਕ ਵਿਕਾਸ ਬਨਾਮ ਬਰਾਬਰੀ ਦੇ ਨਾਲ ਵਿਕਾਸ ਦਾ ਹੈ, ਜਿਸ ਨੂੰ ਕੇਂਦਰ ਦੀ ਸਰਕਾਰ ਨੇ 1.0 ਸਰਕਾਰ ਅਤੇ ਫਿਰ 2.0 ਸਰਕਾਰ ਸਮੇਂ ਵੀ ਭੁਲਾਈ ਰੱਖਿਆ ਅਤੇ ਹੁਣ ਫਿਰ 3.0 'ਚ ਵੀ ਭੁਲੀ ਬੈਠੀ ਹੈ। ਇਸ ਮੁੱਦੇ ਨੂੰ ਰੋਲੀ ਬੈਠੀ ਹੈ।

ਪਿਛਲੇ ਪੂਰੇ ਦਹਾਕੇ 'ਚ ਦੇਸ਼ ਰੋਜ਼ਗਾਰ ਦੇ ਮਾਮਲੇ 'ਤੇ ਬੁਰੀ ਤਰਾਂ ਫੇਲ ਹੋਇਆ ਹੈ। 2023 ਅਤੇ 2024 ਵਿੱਚ ਲੋਕਾਂ ਨੂੰ ਭਾਰਤੀ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਇਹਨਾਂ ਕੰਪਨੀਆਂ ਵਿੱਚ ਔਲਾ, ਪੀ.ਟੀ.ਐਮ. ਆਦਿ ਸ਼ਾਮਲ ਹਨ। ਟੈਕਨੀਕਲ ਕੰਪਨੀਆਂ ਵੀ ਨਿੱਤ ਦਿਹਾੜੇ ਐਲਾਨ ਕਰ ਰਹੀਆਂ ਹਨ ਕਿ ਉਹ ਆਪਣੇ ਕਰਮਚਾਰੀਆਂ ਦੀ ਸੰਖਿਆ ਨੂੰ ਸਹੀ ਕਰਨ ਦੀ ਪ੍ਰਕਿਰਿਆ 'ਚ ਹਨ। ਇਹੋ ਹਾਲ ਪ੍ਰਾਈਵੇਟ ਬੈਂਕਾਂ ਦਾ ਵੀ ਹੈ। 5 ਸਤੰਬਰ 2024 ਨੂੰ ਟਾਈਮਜ਼ ਆਫ਼ ਇੰਡੀਆ ਨੇ ਫਿਰ ਖ਼ਬਰ ਛਾਇਆ ਕੀਤੀ ਹੈ। ਖ਼ਬਰ ਅਨੁਸਾਰ ਦੇਸ਼ ਦੇ ਵੱਡੇ ਆਈ.ਆਈ.ਟੀ. ਅਦਾਰੇ ਅਤੇ ਆਈ.ਆਈ.ਟੀ. ਮੁੰਬਈ ਵਿੱਚ ਇਸ ਸਾਲ ਗ੍ਰੈਜੂਏਸ਼ਨ ਪੱਧਰ 'ਤੇ ਸਿਰਫ਼ 75 ਫੀਸਦੀ ਗ੍ਰੈਜੂਏਟਾਂ ਨੂੰ ਪਲੇਸਮੈਂਟ ਮਿਲੀ ਅਤੇ ਵੇਤਨ ਦਰ ਵੀ ਘਟੀ ਹੈ। ਆਈ.ਆਈ.ਟੀ. ਤੋਂ ਇਲਾਵਾ ਦੂਜੇ ਇਹੋ ਜਿਹੇ ਸੰਸਥਾਵਾਂ ਵਿੱਚ ਤਾਂ ਪਲੇਸਮੈਂਟ ਦਰ 30 ਫੀਸਦੀ ਤੱਕ ਸਿਮਟ ਗਈ।ਵਿਸ਼ਵ ਬੈਂਕ ਦਾ ਸਤੰਬਰ 2024 ਦਾ ਇੱਕ ਅਪਡੇਟ ਧਿਆਨ ਮੰਗਦਾ ਹੈ। ਉਸ ਅਨੁਸਾਰ ਭਾਰਤ ਵਿੱਚ ਸ਼ਹਿਰੀ ਯੁਵਕਾਂ ਦਾ ਰੋਜ਼ਗਾਰ 17 ਫੀਸਦੀ ਉੱਤੇ ਹੀ ਬਣਿਆ ਹੋਇਆ ਹੈ। ਅਸਲ 'ਚ ਤਾਂ ਬੇਰੁਜ਼ਗਾਰੀ 'ਟਾਈਮ ਬੰਬ' ਹੈ ਅਤੇ 3.0 ਸਰਕਾਰ ਵੱਲੋਂ 100 ਦਿਨਾਂ ਦੇ ਆਪਣੇ ਅਰਸੇ ਦੌਰਾਨ ਬੇਰੁਜ਼ਗਾਰ ਦੇ ਮਾਮਲੇ 'ਤੇ ਅੱਗੋਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ। ਕੀ ਬੇਰੁਜ਼ਗਾਰੀ ਦਾ ਮਾਮਲਾ, ਸਮੱਸਿਆ ਤੋਂ ਅੱਖਾਂ ਮੀਟ ਕੇ ਹੱਲ ਹੋ ਸਕਦਾ ਹੈ ? ਕੀ ਫਰਜ਼ੀ ਅੰਕੜੇ ਬੇਰੁਜ਼ਗਾਰੀ ਨੂੰ ਖਤਮ ਕਰ ਸਕਦੇ ਹਨ ਜਾਂ ਨੌਜਵਾਨਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਜਾਂ ਉਹਨਾਂ ਦਾ ਢਿੱਡ ਭਰ ਸਕਦੇ ਹਨ ?

ਅੱਜ ਭਾਰਤ 'ਚ ਬੇਰੁਜ਼ਗਾਰੀ ਦਰ 9.2 ਫੀਸਦੀ ਹੈ। ਅੱਜ ਜਦੋਂ ਲੱਖਾਂ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਹਨ। ਸਰਕਾਰੀ, ਨਿਯਮਤ ਨੌਕਰੀਆਂ ਦੀ ਕਮੀ ਹੈ, ਕਾਰਪੋਰੇਟ ਜਗਤ ਨੌਜਵਾਨਾਂ ਨੂੰ ਠੱਗ ਰਿਹਾ ਹੈ, ਨੌਜਵਾਨ ਵੋਕੇਸ਼ਨਲ ਸਿੱਖਿਆ ਤੋਂ ਊਣੇ ਹਨ, ਤਾਂ ਸਰਕਾਰ ਨੂੰ ਇਸੇ ਮਾਮਲੇ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਸੀ, ਪਰ ਸਰਕਾਰ ਦੇ ਤਾਂ ਟੀਚੇ ਹੀ ਕੁਝ ਹੋਰ ਹਨ। ਸਰਕਾਰ ਜਿਸ ਦਾ ਧਿਆਨ ਸਿਖਿਅਤ-ਅਸਖਿਅਤ, ਸ਼ਹਿਰੀ-ਪੇਂਡੂ, ਬੱਚੇ-ਬੁੱਢੇ ਹਰ ਸ਼ਹਿਰੀ ਵੱਲ ਇਕੋ ਜਿਹਾ, ਬਰਾਬਰੀ ਵਾਲਾ ਹੋਣਾ ਚਾਹੀਦਾ ਹੈ, ਪਰ ਸਰਕਾਰ ਦਾ ਦ੍ਰਿਸ਼ਟੀਕੋਣ ਹੀ ਵੱਖਰਾ ਹੈ। ਦੇਸ਼ ਭਗਤੀ ਦੇ ਨਾਮ ਉੱਤੇ ਸਮਾਜ ਨੂੰ ਵੰਡਣਾ, ਨਫ਼ਰਤ ਫੈਲਾਉਣਾ ਅਤੇ ਰਾਜ ਕਰਨਾ। ਇਹ ਕੁਝ ਪਿਛਲੇ ਦਸ ਸਾਲ ਸ਼ਰੇਆਮ ਵਾਪਰਿਆ। ਲੋਕਾਂ ਨੇ ਸਰਕਾਰ ਦੇ ਇਸ ਦ੍ਰਿਸ਼ਟੀਕੋਣ ਨੂੰ ਸਮੂਹਿਕ ਤੌਰ 'ਤੇ ਰੱਦ ਕੀਤਾ। ਭਾਜਪਾ ਨੂੰ ਇਕੱਲੇ-ਇਕਹਿਰੇ ਤਾਕਤ ਨਹੀਂ ਦਿੱਤੀ ਚੋਣਾਂ ਵੇਲੇ। ਮਜ਼ਬੂਰੀ 'ਚ ਫੋਹੜੀਆਂ ਵਾਲੀ ਸਰਕਾਰ ਬਣਾਈ ਗਈ। ਪਰ 100 ਦਿਨਾਂ ਦੇ 3.0 ਕਾਰਜਕਾਲ ਦੌਰਾਨ ਵੀ ਭਾਜਪਾ ਦੀ ਇਹ ਸਾਂਝੀ-ਮਾਂਝੀ ਸਰਕਾਰ ਆਪਣੀ ਸੋਚ ਵਿੱਚ ਬਦਲਾਅ ਨਹੀਂ ਲਿਆ ਰਹੀ।

ਕੇਂਦਰ ਦੀ ਸਰਕਾਰ ਵਿਰੋਧੀ ਧਿਰਾਂ ਵਾਲੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਹਨਾਂ ਨੂੰ ਤੋੜਨ ਦੇ ਰਾਹ ਤੋਂ ਨਹੀਂ ਹਟੀ। ਰਾਜਪਾਲਾਂ ਰਾਹੀਂ ਚੁਣੀਆਂ ਵਿਰੋਧੀ ਸਰਕਾਰਾਂ ਦੇ ਕੰਮਾਂ 'ਚ ਸਿੱਧਾ ਦਖਲ ਦਿੱਤਾ ਜਾ ਰਿਹਾ ਹੈ। ਮਨੀਪੁਰ 'ਚ ਹਿੰਸਾ ਜਾਰੀ ਹੈ, ਉਥੇ ਗ੍ਰਹਿ ਯੁੱਧ ਵਰਗੀ ਸਥਿਤੀ ਹੈ। ਉਸ ਸੂਬੇ ਦੇ ਲੋਕਾਂ ਨੂੰ ਜਿਵੇਂ ਸਰਕਾਰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀ ਹੈ। ਆਪਣੇ ਵਿਰੋਧੀ ਸੋਚ ਵਾਲੇ ਦੇਸ਼ ਭਰ 'ਚ ਨੇਤਾਵਾਂ ਉੱਤੇ ਈ.ਡੀ., ਸੀ.ਬੀ.ਆਈ. ਛਾਪੇ ਨਿਰੰਤਰ ਪੁਆਏ ਜਾ ਰਹੇ ਹਨ। ਗੋਦੀ ਚੈਨਲਾਂ ਰਾਹੀਂ ਸਰਕਾਰੀ ਪ੍ਰਚਾਰ ਸਿਰੇ ਦਾ ਹੈ। ਸਰਕਾਰੀ ਨੀਤੀਆਂ 'ਚ ਕੋਈ ਬਦਲਾਅ ਨਹੀਂ। ਨਿੱਜੀਕਰਨ ਨੂੰ ਹੁਲਾਰਾ ਦੇਣ ਤੋਂ ਸਰਕਾਰ ਉੱਕ ਨਹੀਂ ਰਹੀ।

ਪਰ ਇਸ ਸਭ ਕੁਝ ਦੇ ਵਿਚਕਾਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਬਾਵਜੂਦ ਵੱਡੇ ਲੋਕ ਭਰੋਸਿਆਂ ਦੇ, ਸਰਕਾਰ ਲੋਕ ਹਿੱਤਾਂ ਤੋਂ ਕਿਨਾਰਾ ਕਰੀ ਬੈਠੀ ਹੈ ਅਤੇ ਉਹਨਾਂ ਦੇ ਭਲੇ ਹਿੱਤ ਕਥਿਤ ਤੌਰ 'ਤੇ ਬਣਾਈਆਂ ਯੋਜਨਾਵਾਂ, ਸਿਰਫ਼ ਕਾਗਜ਼ੀ ਸਾਬਤ ਹੋ ਰਹੀਆਂ ਹਨ। ਕੀ ਸਰਕਾਰ ਇਹਨਾਂ ਤਲਖ ਹਕੀਕਤਾਂ ਨੂੰ ਮੰਨਣ ਨੂੰ ਤਿਆਰ ਨਹੀਂ ਹੈ ? ਕਿਥੇ ਹੈ ਜਨ-ਧਨ ਯੋਜਨਾ ? ਕਿਥੇ ਹੈ ਆਮ ਵਿਅਕਤੀ ਲਈ ਸਿਹਤ ਸੁਰੱਖਿਆ ਆਯੂਸ਼ਮਾਨ ਯੋਜਨਾ ? ਕਿਥੇ ਹੈ ਸਮਾਰਟ ਸਿਟੀ। ਜ਼ੋਰ ਹੈ ਵੱਡੀਆਂ ਹਾਈਵੇ ਬਨਾਉਣ ਵੱਲ ਤਾਂ ਕਿ ਕਾਰਪੋਰੇਟਾਂ ਦੇ ਹੱਕਾਂ ਦੀ ਪੂਰਤੀ ਹੋ ਸਕੇ, ਇਹਨਾਂ ਹਾਈਵੇਜ ਦਾ ਆਮ ਲੋਕਾਂ ਨੂੰ ਆਖਰ ਕੀ ਫਾਇਦਾ ?

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦਾ ਟੀਚਾ ਦੇਸ਼ ਨੂੰ 2047 ਤੱਕ ਵਿਕਸਿਤ ਦੇਸ਼ ਬਨਾਉਣ ਦਾ ਹੈ। ਇਹ ਉਹਨਾਂ 15 ਅਗਸਤ 2024 ਦੇ ਆਪਣੇ ਭਾਸ਼ਨ 'ਚ ਵੀ ਕਿਹਾ ਅਤੇ 25 ਅਗਸਤ ਨੂੰ ਆਪਣੇ 'ਮਨ ਕੀ ਬਾਤ' ਸੰਬੋਧਨ 'ਚ ਵੀ ਦੁਹਰਾਇਆ।2047 ਤੱਕ ਵਿਕਸਿਤ ਦੇਸ਼ ਬਨਣ ਲਈ ਹਰ ਦੇਸ਼ ਵਾਸੀ ਦੀ ਆਮਦਨ ਸਲਾਨਾ 18000 ਡਾਲਰ ਹੋਣੀ ਚਾਹੀਦੀ ਹੈ। ਇਸ ਦੀ ਅਰਥ ਵਿਵਸਥਾ 30 ਲੱਖ ਕਰੋੜ ਅਮਰੀਕੀ ਡਾਲਰ ਲੋੜੀਂਦੀ ਹੈ। ਇਸ ਦੀ ਜੀ.ਡੀ.ਪੀ. ਇਸ ਵੇਲੇ 3.36 ਲੱਖ ਕਰੋੜ ਡਾਲਰ ਹੈ, ਇਸ ਨੂੰ 9 ਗੁਣਾਂ ਵਧਾਉਣਾ ਹੋਵੇਗਾ। ਦੇਸ਼ ਤੀਜੀ ਵੱਡੀ ਅਰਥ ਵਿਵਸਥਾ ਤਾਂ 2027 ਤੱਕ ਬਣ ਜਾਏਗਾ, ਪਰ 2047 ਤੱਕ ਵਿਕਸਤ ਦੇਸ਼ ਬਨਣ ਦਾ ਟੀਚਾ ਚੁਣੌਤੀਪੂਰਨ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਦੇਸ਼ ਦੀ ਵਧਦੀ ਜਨਸੰਖਿਆ ਦੀਆਂ ਚੁਣੌਤੀਆਂ ਵਿਚਕਾਰ ਜ਼ਿਆਦਾ ਰੋਜ਼ਗਾਰ, ਸਾਰਥਕ ਸਿੱਖਿਆ ਅਤੇ ਹੱਥੀਂ ਕਿੱਤਾ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਖੇਤੀ, ਕਾਰੋਬਾਰ ਆਦਿ ਨੂੰ ਨਵੀਂ ਦਿਸ਼ਾ ਦਿੱਤੇ ਬਿਨਾਂ ਇਹਨਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ। ਜਿਸ ਮੱਧਮ ਗਤੀ ਨਾਲ 100 ਦਿਨਾਂ 'ਚ 3.0 ਸਰਕਾਰ ਨੇ ਕਦਮ ਪੁਟੇ ਹਨ, ਉਹ ਸਚਮੁੱਚ ਨਿਰਾਸ਼ਾਜਨਕ ਅਤੇ ਆਪਣੀ ਗੱਦੀ ਬਚਾਉਣ ਤੱਕ ਸੀਮਤ ਹਨ। ਪਹਾੜ ਜਿੱਡੀਆਂ ਸਮੱਸਿਆਵਾਂ ਦੇਸ਼ ਦੇ ਸਨਮੁੱਖ ਹਨ, ਪਰ ਜਿਸ ਕਿਸਮ ਦੀ ਸੋਚ, ਮਿਹਨਤ, ਅਤੇ ਸਿਆਸੀ ਦ੍ਰਿੜਤਾ ਦੀ ਸਰਕਾਰ ਤੋਂ ਤਬੱਕੋ ਸੀ ਇਹਨਾਂ ਸਮੱਸਿਆਵਾਂ ਦੇ ਹੱਲ ਲਈ, ਉਹ ਇਸ ਸਰਕਾਰ 'ਚ ਮਨਫ਼ੀ ਨਜ਼ਰ ਆ ਰਹੀ ਹੈ।

# ਕਾਰਪੋਰੇਟ ਕਲਚਰ ਨੇ ਲੋਕਾਂ ਦੀ ਜੀਵਨ ਸ਼ੈਲੀ ਕਿਵੇਂ ਬਦਲ ਦਿੱਤੀ ?

ਡਾ. ਅਮਨਪ੍ਰੀਤ ਸਿੰਘ ਬਰਾੜ

ਕਾਰਪੋਰੇਟ ਕਚਲਰ ਨੇ ਲੋਕਾਂ ਦੀ ਜੀਵਨ ਸ਼ੈਲੀ ਹੀ ਬਦਲ ਦਿੱਤੀ ਹੈ। ਅੱਗੇ ਨੌਕਰੀ ਪੇਸ਼ਾ ਲੋਕ ਛੁੱਟੀ ਹੋਣ ਤੋਂ ਬਾਅਦ ਜਾਂ ਫਿਰ ਛੁੱਟੀ ਵਾਲੇ ਦਿਨ ਬਾਜ਼ਾਰ ਜਾਂਦੇ ਸਨ ਘਰ ਦੀ ਜ਼ਰੂਰਤ ਦਾ ਸਾਮਾਨ ਖ਼ਰੀਦਣ। ਇਸ ਨਾਲ ਇੱਕ ਪੰਥ ਦੋ ਕਾਜ ਹੁੰਦੇ ਸਨ। ਕਹਿਣ ਦਾ ਭਾਵ ਨਾਲੇ ਸਾਮਾਨ ਲੈ ਆਂਦਾ, ਨਾਲੇ ਤੋਰਾ ਫੇਰਾ ਹੋ ਗਿਆ। ਪਰ ਸਮੇਂ ਦੇ ਚੱਕਰ ਅਤੇ ਤਰੱਕੀ ਦੇ ਰਾਹ ਨੇ ਪੱਛਮੀ ਅਦਾਰੇ ਅਜਿਹੇ ਲਿਆਂਦੇ ਕਿ ਉਸ ਨਾਲ ਪੱਛਮੀ ਸੱਭਿਅਤਾ ਵੀ ਨਾਲ ਹੀ ਆ ਗਈ। ਇਸ ਵਿੱਚ ਸਭ ਤੋਂ ਵੱਡਾ ਬਦਲਾਓ ਆਇਆ ਦਫ਼ਤਰਾਂ ਦੇ ਸਮੇਂ ਦਾ ਜੋ ਸਵੇਰੇ 9 ਜਾਂ 10 ਵਜੇ ਖੁੱਲ੍ਹ ਕੇ ਰਾਤ ਦੇ 10 ਤੋਂ 11 ਵਜੇ ਤੱਕ ਹੋ ਗਿਆ ਜਾਂ ਦਫ਼ਤਰ ਘਰੋਂ ਹੀ ਚੱਲਣ ਲੱਗ ਪਏ। ਛੁੱਟੀਆਂ ਵੀ ਘਟਾ ਦਿੱਤੀਆਂ ਗਈਆਂ ਜੇ ਕੋਈ ਵੱਧ ਛੁੱਟੀ ਲੈਂਦਾ ਹੈ ਤਾਂ ਉਸ ਦੀ ਤਨਖਾਹ ਵੀ ਕੱਟੀ ਜਾਂਦੀ ਹੈ। ਇਸ ਤਰ੍ਹਾਂ ਲੋਕਾਂ ਨੂੰ ਘਰ ਦੇ ਕੰਮ ਲਈ ਟਾਈਮ ਦੀ ਘਾਟ ਹੋਣ ਲੱਗੀ। ਫੇਰ ਦੌਰ ਆ ਗਿਆ ਕਿ ਮਹਿੰਗਾਈ ਵਧਣ ਲੱਗੀ, ਜਿਸ ਕਾਰਨ ਘਰ ਦੇ ਦੋਵੇਂ ਜੀਆਂ ਨੂੰ ਕੰਮ ਕਰਨ ਦੀ ਲੋੜ ਪਈ। ਇਸ ਨਾਲ ਘਰ ਦਾ ਸਿਸਟਮ ਉਖੜਨ ਲੱਗਾ, ਘਰ ਲਈ ਜ਼ਰੂਰੀ ਚੀਜ਼ਾਂ ਖਰੀਦਣ ਦਾ ਅਤੇ ਖਾਣਾ ਬਣਾਉਣ ਦਾ ਸਮਾਂ ਵੀ ਨਾ ਰਿਹਾ। ਇਸ ਦਾ ਫਾਇਦਾ ਫੇਰ ਕਾਰਪੋਰੇਟ ਨੇ ਚੁੱਕਿਆ ਅਤੇ ਉਨ੍ਹਾਂ ਘਰ ਦੇ ਸਾਮਾਨ ਭਾਵ ਕਰਿਆਨਾ, ਕੱਪੜੇ ਤੋਂ ਲੈ ਕੇ ਇਲੈਕਟ੍ਰੋਨਿਕ ਆਦਿ ਲਈ ਡਿਜ਼ੀਟਲ ਪਲੇਟਫਾਰਮ ਤੇ ਮਾਰਕਿਟ ਬਣਾਉਣੀ ਸ਼ੁਰੂ ਕਰ ਦਿੱਤੀ ਅਤੇ ਇਸ ਨੂੰ ਈ-ਕਾਮਰਸ ਦਾ ਨਾਂਅ ਦਿੱਤਾ। ਇਸ ਨੇ ਭਾਰਤ ਵਿੱਚ ਵੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਉਮੀਦ ਹੈ ਕਿ ਇਹ ਵਪਾਰ 2024 ਵਿੱਚ ਤਕਰੀਬਨ 441 ਕਰੋੜ ਰੁਪਏ ਦਾ ਹੋ ਜਾਏਗਾ। ਇਹ ਤਕਰੀਬਨ 11.45 ਫੀਸਦੀ ਦੀ ਦਰ ਨਾਲ ਵੱਧ ਰਿਹਾ ਹੈ ਅਤੇ ਅਨੁਮਾਨ ਹੈ 2029 ਤੱਕ ਇਹ 759 ਕਰੋੜ ਰੁਪਏ 'ਤੇ ਪਹੁੰਚ ਜਾਵੇਗਾ। ਇਸ ਵੇਲੇ ਕੁਝ ਕੰਪਨੀਆਂ ਜਿਹੜੀਆਂ ਇਸ ਵਪਾਰ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ, ਉਹ ਹਨ ਐਮਾਜ਼ੋਨ ਅਤੇ ਫਲਿਪਕਾਰਟ। ਫਲਿਪਕਾਰਟ ਨੇ ਮਨਤਰਾਂ ਅਤੇ ਜਬੋਅੰਗ ਖ਼ਰੀਦ ਲਿਆ ਅਤੇ ਵਾਲਮਾਰਟ ਨੇ ਫਲਿਪਕਾਰਟ ਖਰੀਦ ਲਿਆ; ਇਸ ਤੋਂ ਇਲਾਵਾ ਟਾਟਾ ਕਲਿਕ, ਸਨੈਪਡੀਲ, ਮੀਸ਼ੋ, ਨਇਕਾ, ਜੀਓਮਾਰਟ, ਅਜੀਓ, ਬਲਿੰਕਟ, ਬਿੱਗ ਬਾਸਕਟ ਆਦਿ ਵੀ ਹਨ। ਇਨ੍ਹਾਂ ਦਾ ਪਿਛੋਕੜ ਦੇਖੋ ਤਾਂ ਪਤਾ ਲੱਗਦਾ ਹੈ ਕਿ ਇਹ ਸਾਰੇ ਹੀ ਵੱਡੇ ਕਾਰਪੋਰੇਟਰਾਂ ਦੇ ਬਣਾਏ ਹੋਏ ਪੋਰਟਲ ਹਨ। ਇਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਸੌਖਾਲੀ ਕੀਤੀ ਕਿ ਦਫ਼ਤਰ ਜਾਂ ਘਰ ਬੈਠੇ ਹੀ ਤੁਸੀਂ ਖਰੀਦਦਾਰੀ ਕਰ ਸਕਦੇ ਹੋ। ਇਨ੍ਹਾਂ ਸਾਇਟਾਂ 'ਤੇ ਬਰੈਂਡਿਡ ਸਾਮਾਨ 'ਤੇ ਵੀ ਡਿਸਕਾਊਂਟ ਮਿਲਣ ਲੱਗਾ ਜੋ ਕਿ ਆਮ ਸਟੋਰ 'ਤੇ ਨਹੀਂ ਮਿਲਦਾ।

ਕੋਰੋਨਾ ਕਾਲ ਵਿੱਚ ਇਸ ਨੇ ਲੋਕਾਂ ਨੂੰ ਸਹਾਰਾ ਵੀ ਦਿੱਤਾ ਅਤੇ ਇਸ ਦਾ ਫੈਲਾਅ ਵੀ ਹੋਇਆ। ਈ ਵਪਾਰ ਦਾ ਹੋਰ ਵਿਸਥਾਰ ਕਰਨ ਲਈ ਕਿਓ-ਕਾਮਰਸ ਜਾਂ ਤੁਰੰਤ ਵਪਾਰ ਲਿਆਂਦਾ ਗਿਆ। ਇਸ ਵਿੱਚ ਕਰਿਆਨੇ ਦੀਆਂ ਉਹ ਚੀਜ਼ਾਂ ਲਿਆਂਦੀਆਂ ਗਈਆਂ, ਜੋ ਜਲਦੀ ਚਾਹੀਦੀਆਂ ਹਨ ਜਿਵੇਂ ਕੋਲਡ ਡਰਿੰਕ, ਸਨੈਕਸ ਅਤੇ ਫਲ ਆਦਿ ਪਰ ਸਮੇਂ ਦੇ ਨਾਲ ਇਨ੍ਹਾਂ ਨੇ ਪੂਰਨ ਕਰਿਆਨੇ ਦਾ ਸਾਮਾਨ ਵੇਚਣਾ ਸ਼ੁਰੂ ਕਰ ਦਿੱਤਾ। ਕਰਿਆਨੇ ਦਾ ਸਾਮਾਨ ਵੇਚਣ ਵਾਲੀਆਂ ਮੁੱਖ ਕਿਊ-ਕਾਮਰਸ ਕੰਪਨੀਆਂ ਹਨ, ਬਲਿੰਕਿਟ, ਜੈਪਟੋ ਅਤੇ ਸਵਿਗੀ। ਇਨ੍ਹਾਂ ਕੰਪਨੀਆਂ ਦਾ ਡਲਿਵਰੀ ਟਾਈਮ 15 ਤੋਂ 30 ਮਿੰਟ ਦਾ ਹੈ, ਜਦਕਿ ਕਰਿਆਨੇ ਦੇ ਵਪਾਰ ਵਿੱਚ ਟਾਟਾ ਦੀ ਬਿੱਗ ਬਾਸਕਟ ਅਤੇ ਰਿਲਾਇੰਸ ਦਾ ਜੀਓ ਮਾਰਟ ਵੀ ਹੈ ਪਰ ਇਨ੍ਹਾਂ ਦਾ ਡਲਿਵਰੀ ਟਾਈਮ 24 ਤੋਂ 48 ਘੰਟੇ ਹੈ। ਇਸ ਵੇਲੇ ਦੇਸ਼ ਭਰ ਵਿੱਚ ਤਕਰੀਬਨ 120 ਲੱਖ ਕਰਿਆਨਾ ਸਟੋਰ ਹਨ। ਇਨ੍ਹਾਂ ਵਿਚੋਂ ਤਕਰੀਬਨ 8000 ਸਟੋਰ ਸੰਗਠਿਤ ਬਾਜ਼ਾਰ ਵਿੱਚ ਹਨ, ਜਦਕਿ ਬਾਕੀ ਅਸੰਗਠਿਤ ਬਾਜ਼ਾਰ ਵਿੱਚ, ਭਾਵ ਗਲੀਆਂ ਮੁਹੱਲਿਆਂ ਵਿੱਚ ਹਨ। ਇਨ੍ਹਾਂ ਸੰਗਠਿਤ ਸਟੋਰਾਂ ਵਿੱਚ ਸਭ ਤੋਂ ਵੱਡੇ ਅਤੇ ਜ਼ਿਆਦਾ ਰਿਲਾਇੰਸ ਦੇ ਸਟੋਰ ਹਨ। ਰਿਲਾਇੰਸ ਦਾ ਜੀਓ ਮਾਰਟ ਹੁਣ ਬਲਿੰਕਿਟ, ਜਮੈਟੋ ਅਤੇ ਸਵਿਗੀ ਨੂੰ ਪਛਾੜਨ ਦੀ ਫਰਾਕ ਵਿੱਚ ਹੈ।ਇਸ ਵੇਲੇ ਬਲਿੰਕਿਟ ਦੇ 25000 ਅਤੇ ਜੈਪਟੋ ਦੇ 10000, ਬਿਗ ਬਾਸਕਟ (ਟਾਟਾ) ਦੇ 30000 ਸਟੋਰ ਹਨ ਅਤੇ ਇਹ 10 ਮਿੰਟ ਦਾ ਡਲਿਵਰੀ ਟਾਈਮ ਕਰਨ ਦਾ ਸੋਚ ਰਹੇ ਹਨ। ਬਿਗ ਬਾਸਕਟ ਦੇ 400 ਡੰਪ ਹਨ, ਜਿਨ੍ਹਾਂ ਨੂੰ ਡਾਰਕ ਸਟੋਰ ਕਿਹਾ ਜਾ ਰਿਹਾ ਹੈ, ਜਿਨ੍ਹਾਂ ਨੂੰ ਵਧਾ ਕਿ 600 ਕਰਨ ਦੀ ਤਜਵੀਜ਼ ਹੈ।

ਜਿੱਥੇ ਹੁਣ ਤੱਕ ਈ ਵਪਾਰ ਦੇ ਫਾਇਦੇ ਨਜ਼ਰ ਆਉਂਦੇ ਹਨ, ਉਥੇ ਹੀ ਆਉਣ ਵਾਲੇ ਸਮੇਂ ਵਿੱਚ ਇਸ ਦੇ ਵੱਡੇ ਖ਼ਤਰੇ ਵੀ ਹੋ ਹਨ। ਕੋਈ ਵੀ ਵਪਾਰੀ ਘਾਟਾ ਪਾ ਕੇ ਕੋਈ ਚੀਜ਼ ਨਹੀਂ ਦਿੰਦਾ, ਜਦ ਤੱਕ ਉਸ ਨੂੰ ਆਉਣ ਵਾਲੇ ਸਮੇਂ ਵਿੱਚ ਫਾਇਦਾ ਨਾ ਨਜ਼ਰ ਆਏ। ਇਹ ਕੰਪਨੀਆਂ ਆਉਣ ਵਾਲੇ ਸਮੇਂ ਵਿੱਚ ਛੋਟੇ ਦੁਕਾਨਦਾਰਾਂ ਅਤੇ ਵਪਾਰੀਆਂ ਨੂੰ ਕਾਰੋਬਾਰ ਤੋਂ ਬਾਹਰ ਕੱਢ ਦੇਣਗੀਆਂ ਅਤੇ ਆਪ ਇਥੇ ਆਪਣੀ ਇਜਾਰੇਦਾਰੀ ਲੈਣਗੀਆਂ ਤੇ ਫੇਰ ਇਹ ਕੰਪਨੀਆਂ ਮਨਮਰਜ਼ੀ ਦਾ ਮੁਨਾਫਾ ਲੈਣਗੀਆਂ। ਭਾਰਤ ਦੇ ਉਦਯੋਗ ਅਤੇ ਕਾਮਰਸ ਮੰਤਰੀ ਮਾਣਯੋਗ ਸ੍ਰੀ ਪਿਊਸ਼ ਗੋਇਲ ਨੇ ਵੀ ਚਿੰਤਾ ਜ਼ਾਹਿਰ ਕੀਤੀ ਹੈ। ਉਨ੍ਹਾਂ ਨੇ ਐਮਾਜ਼ੋਨ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਆਉਣ ਵਾਲੇ 10 ਸਾਲਾਂ ਵਿੱਚ ਈ-ਕਾਮਰਸ ਤਕਰੀਬਨ 10 ਕਰੋੜ ਲੋਕਾਂ ਨੂੰ ਬੇਰੁਜ਼ਗਾਰੀ ਵੱਲ ਧੱਕੇਗਾ। ਅਸਲ ਵਿੱਚ ਐਮਾਜ਼ੋਨ ਨੇ ਪਰੀਡੇਟਰੀ ਪ੍ਰਾਈਸਿੰਗ ਕਰਨੀ ਸ਼ੁਰੂ ਕੀਤੀ ਹੈ। ਇਸ ਦਾ ਮਤਲਬ ਹੈ ਕਿ ਕੀਮਤ ਐਨੀ ਹੇਠਾਂ ਕਰ ਦਿਓ ਕਿ ਉਸ ਕੀਮਤ 'ਤੇ ਕੋਈ ਦੁਕਾਨਦਾਰ ਚੀਜ਼ ਵੇਚ ਨਾ ਸਕੇ। ਇਸ ਦਾ ਸਿੱਧਾ ਮਕਸਦ ਹੁੰਦਾ ਹੈ ਆਪਣੇ ਮੁਕਾਬਲੇ ਵਾਲੇ ਦੁਕਾਨਦਾਰਾਂ, ਵਪਾਰੀਆਂ ਨੂੰ ਮੰਡੀ ਵਿਚੋਂ ਬਾਹਰ ਕਰਨਾ। ਸੇਲ ਦੇ ਨਾਂਅ 'ਤੇ ਮੋਟੇ ਡਿਸਕਾਊਂਟ ਦੇਣਾ ਆਮ ਹੀ (ਬਾਕੀ ਸਫ਼ਾ 31 'ਤੇ)



ਦਵਿੰਦਰ ਕੌਰ ਖ਼ੁਸ਼ ਧਾਲੀਵਾਲ

# ਸਿੱਖਿਆ ਬੱਜਟ ’ਚ ਵੀ ਕਟੌਤੀ ਕਿਉਂ ?




ਕੁੱਲ ਘਰੇਲੂ ਪੈਦਾਵਾਰ ਦਾ 6% ਸਿੱਖਿਆ ਉੱਤੇ ਖਰਚਿਆ ਜਾਵੇਗਾ, ਅਧਿਆਪਕਾਂ ਦੀ ਘਾਟ ਖਤਮ ਕਰ ਦਿੱਤੀ ਜਾਵੇਗੀ। ਵਿਦਿਆਰਥੀਆਂ ਨੂੰ ਆਧੁਨਿਕ ਢੰਗਾਂ ਨਾਲ ਚੰਗੀ ਸਿੱਖਿਆ ਦਿੱਤੀ ਜਾਵੇਗੀ। ਪਿਛਲੇ ਦਸ ਸਾਲਾਂ ਵਿੱਚ ਇਹ ਖੋਖਲੇ ਵਾਅਦੇ ਅਸੀਂ ਅਕਸਰ ਹੀ ਭਾਜਪਾ ਮੰਤਰੀਆਂ ਦੇ ਮੂੰਹਾਂ ਤੋਂ ਸੁਣੇ ਹਨ। ਪਰ ਇਹ ਅੱਜ ਕੋਈ ਰਹੱਸ ਜਾਂ ਲੁਕੀ ਹੋਈ ਗੱਲ ਨਹੀਂ ਕਿ ਭਾਰਤ ਦਾ ਸਿੱਖਿਆ ਢਾਂਚਾ ਵਿਦਿਆਰਥੀਆਂ ਨੂੰ ਨਾ ਸਿਰਫ ਚੰਗੀ ਪਰ ਮੁਢਲੀ ਸਿੱਖਿਆ ਦੇਣ ਵਿੱਚ ਵੀ ਨਾਕਾਮਯਾਬ ਸਾਬਤ ਹੋਇਆ ਹੈ। ਇਸਦੀ ਜ਼ਿੰਮੇਵਾਰ ਸਿੱਧੇ ਤੌਰ ਸਰਮਾਏਦਾਰਾਂ ਪੱਖੀ ਯੂਨੀਅਨ ਤੇ ਸੂਬਾ ਸਰਕਾਰਾਂ ਹਨ, ਜੋ ਧੜੱਲੇ ਨਾਲ ਇਸਦਾ ਨਿੱਜੀਕਰਨ ਕਰਦੀਆਂ ਆਈਆਂ ਹਨ ਤੇ ਕਰ ਰਹੀਆਂ ਹਨ। ਮਿਆਰੀ ਸਿੱਖਿਆ ਦੁਨੀਆ ਭਰ ਵਿੱਚ ਇੱਕ ਮੁਢਲੇ ਹੱਕ ਵਜੋਂ ਮੰਨੀ ਜਾ ਚੁੱਕੀ ਹੈ, ਪਰ ‘ਫਾਇਨੈਂਸ਼ੀਅਲ ਅਕਾਊਂਟੇਬਿਲਟੀ ਨੈੱਟਵਰਕ ਇੰਡੀਆ’ ਵੱਲੋਂ ਪਿਛਲੇ ਦਿਨੀਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਭਾਰਤ ਦੇ ਸਿੱਖਿਆ ਢਾਂਚੇ ਵਿੱਚ 2014-2024 ਵਿੱਚ ਆਏ ਵੱਡੇ ਨਿਘਾਰ ਬਾਰੇ ਹੈਰਾਨੀਜਨਕ ਅਤੇ ਸ਼ਰਮਨਾਕ ਤੱਥ ਸਾਹਮਣੇ ਆਏ ਹਨ।

ਇਸ ਰਿਪੋਰਟ ਮੁਤਾਬਕ 2018-19 ਤੋਂ 2021-22 ਦੇ ਅਰਸੇ ਵਿੱਚ ਕੁੱਲ 62,885 ਸਕੂਲ ਬੰਦ ਕੀਤੇ ਗਏ, ਜਿਨ੍ਹਾਂ ਵਿੱਚੋਂ 61,361 ਸਕੂਲ ਸਰਕਾਰੀ ਸਨ। ਇਹਨਾਂ ਸਾਲਾਂ ਦੌਰਾਨ ਪ੍ਰਾਈਵੇਟ ਸਕੂਲਾਂ ਦੀ ਕੁੱਲ ਗਿਣਤੀ ਵਿੱਚ 47,680 ਦਾ ਵਾਧਾ ਹੋਇਆ। ਸੂਬਾ ਪੱਧਰੀ ਸਕੂਲਾਂ ਵਿੱਚ 62.71 ਲੱਖ ਅਸਾਮੀਆਂ ਵਿੱਚੋਂ 10 ਲੱਖ ਖਾਲੀ ਹਨ। ਹੈਰਾਨੀ ਦੀ ਗੱਲ ਹੈ ਕਿ 21ਵੀਂ ਸਦੀ ਵਿੱਚ ਵੀ ਭਾਰਤ ਦੇ 14.6% ਸਰਕਾਰੀ ਸਕੂਲਾਂ ਕੋਲ ਬਿਜਲੀ ਦੀ ਸਹੂਲਤ ਵੀ ਨਹੀਂ ਹੈ। ਅੱਜ ਸਰਕਾਰ ਨਵੀਂ ਸਿੱਖਿਆ ਨੀਤੀ ਤਹਿਤ ‘ਮਨਸੂਈ ਬੌਧਿਕਤਾ’ (ਆਰਟੀਫਿਸਲ ਇੰਟੈਲੀਜੈਂਸ) ਅਤੇ ‘ਕੋਡਿੰਗ’ ਵਰਗੇ ਵਿਸ਼ੇ 6ਵੀਂ ਜਮਾਤ ਤੋਂ ਪੜ੍ਹਾਉਣ ਦਾ ਮਾਣ ਤਾਂ ਕਰ ਰਹੀ ਹੈ, ਪਰ ਇਹ ਸਚਾਈ ਆਮ ਲੋਕਾਂ ਤਕ ਨਹੀਂ ਪਹੁੰਚਦੀ ਕਿ ਇਹ ਸਿੱਖਿਆ ਸਿਰਫ ਮਹਿੰਗੇ ਨਿੱਜੀ ਸਕੂਲਾਂ ਵਿੱਚ ਹੀ ਮਿਲ਼ ਸਕਦੀ ਹੈ, ਕਿਉਂਕਿ ਭਾਰਤ ਦੇ 52.5% ਸਕੂਲਾਂ ਵਿੱਚ ਇੱਕ ਵੀ ਕੰਪਿਊਟਰ ਨਹੀਂ ਹੈ। ਜੇਕਰ ਅਸੀਂ ਉਚੇਰੀ ਸਿੱਖਿਆ ਦੀ ਹਾਲਤ ਬਾਰੇ ਗੱਲ ਕਰੀਏ ਤਾਂ ਇਸ ਰਿਪੋਰਟ ਮੁਤਾਬਕ ਭਾਰਤ ਦੀਆਂ 45 ਕੇਂਦਰੀ ਯੂਨੀਵਰਸਿਟੀਆਂ ਵਿੱਚ 33%, ਜਾਂ 6,180 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ। ਆਈ.ਆਈ.ਟੀ. ਅਤੇ ਆਈ.ਆਈ.ਐੱਮ. ਵਰਗੇ ਪ੍ਰਸਿੱਧ ਵਿੱਦਿਅਕ ਅਦਾਰਿਆਂ ਵਿੱਚ ਵੀ 40% ਅਤੇ 31.6% ਅਸਾਮੀਆਂ ਖਾਲੀ ਹਨ। ਇਹਨਾਂ ਯੂਨੀਵਰਸਿਟੀਆਂ ਵਿੱਚ ਅਧਿਆਪਕਾਂ ਦੀ ਘਾਟ ਕਰਕੇ ਵਿਦਿਆਰਥੀਆਂ ਵੱਲੋਂ ਕੀਤੀ ਖੋਜ ਦਾ ਪੱਧਰ ਵੀ ਨੀਵਾਂ ਹੀ ਰਹਿ ਜਾਂਦਾ ਹੈ। ਨਵੇਂ ਪ੍ਰੋਫੈਸਰ ਜ਼ਿਆਦਾਤਰ ਠੇਕੇ ’ਤੇ ਭਰਤੀ ਕੀਤੇ ਜਾਂਦੇ ਹਨ। ਮਿਸਾਲ ਵਜੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਜਿੱਥੇ 2014 ਤੋਂ ਬਾਅਦ ਇੱਕ ਵੀ ਪ੍ਰੋਫੈਸਰ ਦੀ ਪੱਕੀ ਭਰਤੀ ਨਹੀਂ ਕੀਤੀ ਗਈ ਹੈ। ਇਸਦੇ ਇਲਾਵਾ 2014 ਤੋਂ ਬਾਅਦ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫਿਆਂ ਨੂੰ ਵੀ ਸਰਕਾਰ ਵੱਲੋਂ ਲਗਾਤਾਰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। 2022 ਵਿੱਚ ਸਰਕਾਰ ਵੱਲੋਂ ਪਹਿਲੀ ਤੋਂ ਅੱਠਵੀਂ ਜਮਾਤ ਦੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਹੋਰ ਪਛੜੇ ਵਰਗ ਅਤੇ ਧਾਰਮਿਕ ਘੱਟਗਿਣਤੀਆਂ ਦੇ ਵਿਦਿਆਰਥੀਆਂ ਨੂੰ ਮਿਲ਼ਦੀ ਪ੍ਰੀ ਮੈਟਰਿਕ ਸਕਾਲਰਸ਼ਿਪ ਖਤਮ ਕਰ ਦਿੱਤੀ ਗਈ। 2014 ਤੋਂ 2024 ਤਕ ਵਿਦਿਆਰਥੀਆਂ ਦੇ ਵਜ਼ੀਫਿਆਂ ਉੱਤੇ ਖਰਚਾ 243 ਕਰੋੜ ਰੁਪਏ ਤੋਂ ਡਿਗ ਕੇ ਸਿਰਫ 33.8 ਕਰੋੜ ਰੁਪਏ ਰਹਿ ਗਿਆ। ਜਾਣੀ ਕਿ 210 ਕਰੋੜ ਰੁਪਏ ਦੇ ਵਜ਼ੀਫਿਆਂ ਵਿੱਚ ਕਟੌਤੀ ਕੀਤੀ ਗਈ। ਪੀ.ਐੱਚ.ਡੀ. ਸਕਾਲਰਾਂ ਦੀ 5 ਸਾਲ ਦੀ ‘ਮੌਲਾਨਾ ਅਬੁਲ ਕਲਾਮ ਆਜ਼ਾਦ ਫੈਲੋਸ਼ਿਪ’ ਵੀ ਭਾਜਪਾ ਸਰਕਾਰ ਵੱਲੋਂ 2022 ਵਿੱਚ ਰੱਦ ਕਰ ਦਿੱਤੀ ਗਈ।

ਅੱਜ ਸਿੱਖਿਆ ਉੱਤੇ ਇੱਕ ਹੋਰ ਵੱਡਾ ਹਮਲਾ ਕੀਤਾ ਜਾ ਰਿਹਾ ਹੈ - ਭਗਵਾਂਕਰਨ। 2014 ਤੋਂ ਬਾਅਦ ਵਿਦਿਆਰਥੀਆਂ ਦੇ ਸਕੂਲ ਦੇ ਸਿਲੇਬਸਾਂ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ, ਜਿਵੇਂ 2002 ਗੁਜਰਾਤ ਵਿੱਚ ਹੋਏ ਮੁਸਲਮਾਨਾਂ ਦੇ ਕਤਲੇਆਮ, ਜਿਸਦੀ ਜ਼ਿੰਮੇਵਾਰ ਉਸ ਸਮੇਂ ਦੀ ਗੁਜਰਾਤ ਸਰਕਾਰ, ਫਾਸ਼ੀਵਾਦੀ ਰ. ਸ. ਸ. ਅਤੇ ਮੁੱਖ ਮੰਤਰੀ ਨਰਿੰਦਰ ਮੋਦੀ ਹਨ, ਨੂੰ ਸਿਲੇਬਸ ਵਿੱਚੋਂ ਹਟਾ ਦਿੱਤਾ ਗਿਆ। ਵਿਦਿਆਰਥੀਆਂ ਨੂੰ ਮੁਸਲਮਾਨਾਂ ਤੋਂ ਖਤਰਾ ਮਹਿਸੂਸ ਕਰਵਾਉਣ ਲਈ ਮੁਗਲਾਂ ਦੇ ਰਾਜ ਨੂੰ ਹਿੰਦੂ ਵਿਰੋਧੀ ਦੱਸਣਾ, ਕਸ਼ਮੀਰੀ ਲੋਕਾਂ ਨਾਲ ਹੁੰਦੇ ਤਸ਼ੱਦਦ ਬਾਰੇ ਲਿਖੇ ਹਿੱਸੇ ਕੱਟਣੇ, ਇੱਥੋਂ ਤਕ ਕਿ ਨਰਮਦਾ ਬਚਾਓ ਅੰਦੋਲਨ ਆਦਿ ਜਿਹੀਆਂ ਘਟਨਾਵਾਂ ਕੱਟਣਾ ਵੀ ਇਸ ਭਗਵਾਂਕਰਨ ਦਾ ਹਿੱਸਾ ਹਨ। ਜਾਤ ਵਿਤਕਰੇ ਬਾਰੇ ਕਵਿਤਾਵਾਂ ਅਤੇ ਲੇਖ ਵੀ ਹੁਣ ਤੋਂ ਵਿਦਿਆਰਥੀਆਂ ਨੂੰ ਨਹੀਂ ਪੜ੍ਹਾਏ ਜਾਣਗੇ। ਜਿੱਥੇ ਇੱਕ ਪਾਸੇ ਸਰਕਾਰ ਸਿੱਖਿਆ ਨੂੰ ਇੱਕ ਲੋਕ ਵਿਰੋਧੀ ਹਥਿਆਰ ਬਣਾਉਣ ਦੀ ਕੋਸ਼ਿਸ਼ ਕਰਦੀ ਪਈ ਹੈ, ਦੂਜੇ ਪਾਸੇ ਵੇਦਾਂ ਦਾ ਵਿਗਿਆਨ ਜਾਂ ਜੋਤਸ਼ੀਆਂ ਦੀ ਪੜ੍ਹਾਈ ਦੇ ਨਵੇਂ ਵਿਸ਼ੇ ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਭਾਜਪਾ ਸਿੱਖਿਆ ਨੂੰ ਇੱਕ ਚੰਗਾ ਮਨੁੱਖ ਸਿਰਜਣ ਦੇ ਮਾਧਿਅਮ ਵਜੋਂ ਨਹੀਂ, ਸਗੋਂ ਉੱਜਲ ਭਵਿੱਖ ਵਾਲੇ ਨੌਜਵਾਨਾਂ ਨੂੰ ਭਗਵੇਂਕਰਨ ਦੇ ਰਾਹ ’ਤੇ ਪਾ ਕੇ ਆਪਣਾ ਸਿਆਸੀ ਪਸਾਰਾ ਵਧਾਉਣ ਲਈ ਇੱਕ ਪੁਰਜ਼ੇ ਵਾਂਗ ਵੇਖਦੀ ਹੈ।

ਅਸਲ ਵਿੱਚ ਰ. ਸ. ਸ. - ਭਾਜਪਾ ਸਿੱਖਿਆ ਵਿੱਚ ਇਹ ਬਦਲਾਅ ਬਹੁਤ ਸੋਚੇ ਸਮਝੇ ਅਤੇ ਯੋਜਨਾਬੱਧ ਤਰੀਕੇ ਨਾਲ ਲਿਆ ਰਹੀ ਹੈ। 2020 ਵਿੱਚ ਸਰਕਾਰ ਵੱਲੋਂ ਸਿੱਖਿਆ ਦੇ ਢਾਂਚੇ ਨੂੰ ‘ਬਿਹਤਰ’ ਬਣਾਉਣ ਲਈ ਨਵੀਂ ਸਿੱਖਿਆ ਨੀਤੀ ਦਾ ਐਲਾਨ ਕੀਤਾ ਗਿਆ ਸੀ, ਜਿਸ ਕਰਕੇ ਸਿੱਖਿਆ ਦਾ ਢਾਂਚਾ ਨਿੱਜੀਕਰਨ ਅਤੇ ਕੇਂਦਰੀਕਰਨ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਨਵੀਂ ਸਿੱਖਿਆ ਨੀਤੀ ਤਹਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਗਰਾਂਟ ਦੀ ਥਾਂ ’ਤੇ ਕਰਜ਼ਾ ਮਿਲ਼ਿਆ ਕਰੇਗਾ, ਜੋ ਕਿ ਫੀਸਾਂ ਵਿੱਚ ਵਾਧਾ ਕਰਕੇ ਪੂਰਾ ਕੀਤਾ ਜਾਣਗੇ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.), ਜੋ ਕਿ ਇੱਕ ਸਰਕਾਰੀ ਅਦਾਰਾ ਹੈ, ਇਹ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਗਰਾਂਟ ਦਿੰਦਾ ਹੈ। ਪਰ ਉਲਟਾ 2024 ਵਿੱਚ ਇਸਦੇ ਬੱਜਟ ਵਿੱਚ ਹੀ 61% ਕਟੌਤੀ ਕਰ ਦਿੱਤੀ ਗਈ। ਗਰਾਂਟ ਨਾ ਹੋਣ ਕਰਕੇ ਸਵੈ ਵਿੱਤ ਵਿਭਾਗ (ਸੈਲਫ ਫਾਇਨਾਂਸ) ਹੁਣ ਹਰ ਯੂਨੀਵਰਸਿਟੀ ਵਿੱਚ ਆਮ ਹੀ ਪਾਏ ਜਾਂਦੇ ਹਨ। ਇਹਨਾਂ ਦੀ ਸਲਾਨਾ ਫੀਸ ਲੱਖਾਂ ਵਿੱਚ ਹੁੰਦੀ ਹੈ ਅਤੇ ਆਮ ਘਰ ਦਾ ਵਿਦਿਆਰਥੀ ਇਹਨਾਂ ਵਿਭਾਗਾਂ ਵਿੱਚ ਪੜ੍ਹਨ ਬਾਰੇ ਸਿਰਫ ਸੋਚ ਹੀ ਸਕਦਾ ਹੈ। ਸਰਕਾਰ ਨੇ ਪਿਛਲੇ ਦਿਨੀਂ ਬੇਸ਼ਰਮੀ ਦੀਆਂ ਹੱਦਾਂ ਪਾਰ ਕਰਕੇ ਬੱਜਟ ਵਿੱਚ ਇਹ ਐਲਾਨ ਕੀਤਾ ਕਿ ਹੁਣ ਵਿਦਿਆਰਥੀਆਂ ਨੂੰ ਭਾਰਤ ਵਿੱਚ ਉਚੇਰੀ ਸਿੱਖਿਆ ਲੈਣ ਵੇਲੇ ਸਰਕਾਰ ਵੱਲੋਂ 10 ਲੱਖ ਦਾ ਕਰਜ਼ਾ ਮਿਲ਼ ਸਕਦਾ ਹੈ, ਜੋ ਕਿ ਘੱਟ ਬਿਆਜ ’ਤੇ ਵਾਪਸ ਕੀਤਾ ਜਾਵੇਗਾ। ਇਸਦਾ ਮਤਲਬ ਹੈ ਕਿ ਸਰਕਾਰ ਮੰਨਦੀ ਹੈ ਕਿ ਭਾਰਤ ਵਿੱਚ ਉਚੇਰੀ ਸਿੱਖਿਆ ਅੱਜ ਲੱਖਾਂ ਵਿੱਚ ਹੀ ‘ਖਰੀਦੀ’ ਜਾ ਸਕਦੀ ਹੈ। ਇਹ ਸਰਾਸਰ ਸਿੱਖਿਆ ਦੇ ਨਿੱਜੀਕਰਨ ਵੱਲ ਇੱਕ ਵੱਡਾ ਕਦਮ ਹੈ। ਵੋਟਾਂ ਮੰਗਣ ਵੇਲੇ ਕੁੱਲ ਘਰੇਲੂ ਪੈਦਾਵਾਰ ਦਾ 6% ਸਿੱਖਿਆ ਉੱਤੇ ਖਰਚਣ ਦੇ ਵਾਅਦੇ ਕਾਰਨ ਵਾਲਿਆਂ ਨੇ ਅਸਲ ਵਿੱਚ ਕਦੇ 2.9% ਤੋਂ ਵੱਧ ਖਰਚਿਆ ਹੀ ਨਹੀਂ। ਇਸਦੇ ਨਾਲ ਨੀਟ ਤੇ ਨੈੱਟ ਦੀਆਂ ਦਾਖਲਾ ਪ੍ਰੀਖਿਆਵਾਂ ਵਿੱਚ ਹੋਏ ਘਪਲੇ ਬਾਰੇ ਸਰਕਾਰ ਦੀ ਚੁੱਪੀ ਅਤੇ ਸੀ.ਬੀ.ਆਈ. ਵੱਲੋਂ ਯੂ.ਜੀ.ਸੀ. ਨੂੰ ਨਿਰਦੋਸ਼ ਠਹਿਰਾਉਣਾ ਵੀ ਅੱਜ ਸਰਕਾਰ ਦਾ ਵਿਦਿਆਰਥੀ ਵਿਰੋਧੀ ਰਵੱਈਆ ਦਿਖਾਉਂਦਾ ਹੈ।

ਅੱਜ ਇਸ ਗੱਲ ਤੋਂ ਸ਼ਾਇਦ ਹੀ ਕੋਈ ਜਾਣੂ ਨਹੀਂ ਹੋਵੇਗਾ ਕਿ ਭਾਰਤ ਦਾ ਸਿੱਖਿਆ ਢਾਂਚਾ ਹਰ ਉਮਰ ਦੇ ਵਿਦਿਆਰਥੀਆਂ ਨੂੰ ਬੌਧਿਕ ਬਣਾਉਣ ਅਤੇ ਚੰਗੀ ਸਿੱਖਿਆ ਦੇਣ ਵਿੱਚ ਅਸਮਰੱਥ ਹੈ। ਪਰ 2014 ਤੋਂ ਬਾਅਦ ਭਾਜਪਾ ਸਰਕਾਰ ਦੇ ਰਾਜ ਵਿੱਚ ਇੱਕ ਪਾਸੇ ਤਾਂ ਮੀਡੀਆ ਅਤੇ ਸਰਕਾਰ ਦੇਸ ਦੀ ਤਰੱਕੀ ਦੀਆਂ ਫੜਾਂ ਮਾਰ ਰਹੀ ਸੀ ਅਤੇ ਦੂਜੇ ਪਾਸੇ ਨੌਜਵਾਨ ਵਿਦਿਆਰਥੀਆਂ ਲਈ ਚੰਗੀ ਸਿੱਖਿਆ ਪ੍ਰਾਪਤ ਕਰਨਾ ਇੱਕ ਸੁਪਨਾ ਬਣ ਰਿਹਾ ਸੀ। ਅੱਜ ਵਿਦਿਆਰਥੀਆਂ-ਨੌਜਵਾਨਾਂ ਲਈ ਜਥੇਬੰਦ ਹੋ ਕੇ ਆਪਣੇ ਹੱਕ ਮੰਗਣ ਅਤੇ ਸੰਘਰਸ਼ ਵਿੱਢਣ ਤੋਂ ਅਲਾਵਾ ਹੋਰ ਕੋਈ ਰਾਹ ਨਹੀਂ ਹੈ। 23 ਜੁਲਾਈ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸਾਲ 2024-25 ਦਾ ਬੱਜਟ ਪੇਸ਼ ਕੀਤਾ। ਇਸ ਵਾਰ ਦੇ ਬੱਜਟ ਵਿੱਚ ਵੀ ਆਮ ਲੋਕਾਈ ਦੇ ਹਿਤਾਂ ਨੂੰ ਛਿੱਕੇ ਟੰਗ ਕੇ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਵਧਾਉਣ ਲਈ ਕੇਂਦਰੀ ਸਰਕਾਰ ਨੇ ਪੂਰੇ ਯਤਨ ਕੀਤੇ ਹਨ। ਨਿੱਤ ਦਿਨ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ, ਗਰੀਬੀ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਜਨਤਕ ਸਹੂਲਤਾਂ ਦੇ ਬੱਜਟ ਵਿੱਚ ਵਾਧਾ ਕਰਨਾ ਚਾਹੀਦਾ ਸੀ ਪਰ ਸਰਕਾਰ ਨੇ ਅਜਿਹਾ ਕੁਝ ਵੀ ਨਹੀਂ ਕੀਤਾ। ਪਿਛਲੇ ਸਾਲ 2023-24 ਦੇ ਬੱਜਟ ਵਿੱਚ ਉਚੇਰੀ ਸਿੱਖਿਆ ਲਈ 57,244 ਕਰੋੜ ਰੁਪਏ ਜਾਰੀ ਕੀਤੇ ਗਏ ਸਨ ਜੋ ਕਿ 16.8% ਦੇ ਘਾਟੇ ਨਾਲ ਇਸ ਸਾਲ 2024-25 ਦੇ ਬੱਜਟ ਵਿੱਚ ਸਿਰਫ 47,620 ਕਰੋੜ ਹੀ ਰਹਿ ਗਏ। ਉਚੇਰੀ ਸਿੱਖਿਆ ਨੂੰ ਚਲਾਉਣ ਵਾਲੇ ਅਦਾਰੇ ‘ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ’ ਨੂੰ ਵੀ ਬੱਜਟ ਅਨੁਸਾਰ 2500 ਕਰੋੜ ਰੁਪਇਆ ਮਿਲ਼ਿਆ ਹੈ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 61% ਘੱਟ ਹੈ। ਇੱਕ ਹੋਰ ਸਕੀਮ ਜੋ ਵਿਦਿਆਰਥੀਆਂ ਲਈ ‘ਸੌਗਾਤ’ ਦੱਸੀ ਜਾ ਰਹੀ ਹੈ, ਉਹ ਇਹ ਹੈ ਕਿ ਕੋਈ ਵੀ ਵਿਦਿਆਰਥੀ ਉਚੇਰੀ ਸਿੱਖਿਆ ਜਾਰੀ ਰੱਖਣ ਲਈ 3% ਸਲਾਨਾ ਬਿਆਜ ਨਾਲ 10 ਲੱਖ ਤਕ ਦਾ ਕਰਜ਼ਾ ਲੈ ਸਕਦਾ ਹੈ। ਆਮ ਪਰਿਵਾਰਾਂ ਦੇ ਬੱਚਿਆਂ ਲਈ ਅਜਿਹੇ ਕਰਜ਼ੇ ਬੋਝ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੁੰਦੇ।

ਮੋਦੀ ਸਰਕਾਰ ਨੇ ਬੱਜਟ ਘਟਾ ਤਾਂ ਇਸ ਤਰ੍ਹਾਂ ਦਿੱਤਾ ਜਿਵੇਂ ਉਚੇਰੀ ਸਿੱਖਿਆ ਦੀ ਹਾਲਤ ਬਹੁਤ ਹੀ ਚੰਗੀ ਹੋਵੇ। ਪੜ੍ਹੇਗਾ ਇੰਡੀਆ ਤਭੀ ਤੋਂ ਬੜ੍ਹੇਗਾ ਇੰਡੀਆ ਵਰਗੇ ਨਾਅਰੇ ਤਾਂ ਮੋਦੀ ਹਰੇਕ ਤਕਰੀਰ ਵਿੱਚ ਹੀ ਲਾ ਦਿੰਦਾ ਹੈ ਪਰ ਸਭ ਨੀਤੀਆਂ ਸਰਕਾਰੀ ਸਿੱਖਿਆ ਨੂੰ ਖੋਰਾ ਲਾਉਣ ਵਾਲ਼ੀਆਂ ਹੀ ਪਾਸ ਕੀਤੀਆਂ ਜਾਂਦੀਆਂ ਹਨ। 2020 ਕਰੋਨਾ ਲੌਕਡਾਊਨ ਵੇਲੇ ਜਦੋਂ ਸਾਰੇ ਵਿਦਿਆਰਥੀਆਂ ਨੂੰ ਸਮਾਰਟ ਫੋਨ ਹੱਥਾਂ ਵਿੱਚ ਫੜਾ ਕੇ ਘਰਾਂ ਵਿੱਚ ਬਿਠਾਇਆ ਹੋਇਆ ਸੀ ਉਸ ਵੇਲੇ ਮੋਦੀ ਸਰਕਾਰ ਨਵੀਂ ਸਿੱਖਿਆ ਨੀਤੀ-2020 ਲੈ ਕੇ ਆਈ ਜੋ ਘੋਰ ਵਿਦਿਆਰਥੀ ਵਿਰੋਧੀ ਨੀਤੀ ਹੈ, ਜਿਹੜੀ ਸਿੱਧਾ-ਸਿੱਧਾ ਸਿੱਖਿਆ ਦੇ ਨਿੱਜੀਕਰਨ ਦੀ ਗੱਲ ਕਰਦੀ ਹੈ।

ਮੌਜੂਦਾ ਸਮੇਂ ਉਚੇਰੀ ਸਿੱਖਿਆ ਬਹੁਤ ਹੀ ਮਾੜੀ ਹਾਲਾਤ ਵਿੱਚ ਹੈ। ਪਿਛਲੇ ਲੰਮੇ ਸਮੇਂ ਤੋਂ ਸਰਕਾਰ ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਨੂੰ ਬਣਦਾ ਫੰਡ, ਗ੍ਰਾਂਟਾਂ ਜਾਰੀ ਨਹੀਂ ਕਰ ਰਹੀ ਅਤੇ ਨਾ ਹੀ ਅਧਿਆਪਕਾਂ, ਪ੍ਰੋਫੈਸਰਾਂ ਦੀਆਂ ਭਰਤੀਆਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਜੇ ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ 26-27 ਸਾਲ ਤੋਂ ਸਰਕਾਰੀ ਕਾਲਜਾਂ ਵਿੱਚ ਪ੍ਰੋਫੈਸਰਾਂ ਦੀ ਕੋਈ ਪੱਕੀ ਭਰਤੀ ਨਹੀਂ ਹੋਈ। ਸਾਲ 2021 ਵਿੱਚ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਹੋਈ ਜੋ ਹਾਲੇ ਤਕ ਪੂਰ ਨਹੀਂ ਚੜ੍ਹੀ। ਸਾਰੇ ਕਾਲਜ ਗੈੱਸਟ ਫੈਕਲਟੀ, ਠੇਕਾ ਭਰਤੀਆਂ ਸਹਾਰੇ ਹੀ ਚਲਾਏ ਜਾ ਰਹੇ ਹਨ। ਇਹ ਸਭ ਪੱਕੇ ਰੁਜ਼ਗਾਰ ਨੂੰ ਪੂਰਨ ਤੌਰ ’ਤੇ ਖਤਮ ਕਰਨ ਦਾ ਰਾਹ ਹੈ।

ਸਰਮਾਏਦਾਰਾਂ ਪੱਖੀ ਸਰਕਾਰਾਂ ਨੇ ਸਿੱਖਿਆ ਨੂੰ ਵੀ ਖਰੀਦਣ ਵੇਚਣ ਵਾਲੀ ਜਿਣਸ ਬਣਾ ਦਿੱਤਾ ਹੈ। ਅਜਿਹੇ ਨਿੱਜੀ ਕਾਲਜ ਯੂਨੀਵਰਸਿਟੀਆਂ ਖੋਲ੍ਹੇ ਜਾ ਰਹੇ ਹਨ, ਜਿੱਥੇ ਲੱਖਾਂ ਦੇ ਹਿਸਾਬ ਨਾਲ ਡਿਗਰੀਆਂ ਵੇਚੀਆਂ ਜਾਂਦੀਆਂ ਹਨ। (ਬਾਕੀ ਸਫ਼ਾ 31 ’ਤੇ)

# ਬਲਿਊ ਸਟਾਰ ’ਤੇ ਚੰਨੀ ਦੀ ਟਿੱਪਣੀ ਬਾਰੇ ਕਾਂਗਰਸ ਦੀ ਚੁੱਪੀ ਕਿਉਂ ? ਕਾਂਗਰਸ ਦੁਚਿੱਤੀ ’ਚ ਕਿਉਂ ?

ਆਈ. ਪੀ. ਸਿੰਘ
(ਸੀਨੀਅਰ ਪੱਤਰਕਾਰ)



ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇਹ ਕਹਿ ਕੇ ਆਪਣੀ ਪਾਰਟੀ ਨੂੰ ਨਵੀਂ ਲਾਈਨ ਦਿੱਤੀ ਹੈ ਕਿ ਘੱਲੂਘਾਰਾ 84 ਦਰਬਾਰ ਸਾਹਿਬ ’ਤੇ ਹਮਲਾ ‘ਗਲਤ’ ਸੀ ਅਤੇ ਕਾਂਗਰਸ ਨੇ ਇਸ ਬਾਰੇ ਮੁਆਫੀ ਮੰਗ ਲਈ ਸੀ।

ਹਾਲਾਂਕਿ, ਕਾਂਗਰਸ ਵਿੱਚ ਕਿਸੇ ਨੇ ਵੀ ਚੰਨੀ ਦੇ ਬਿਆਨ ਅਤੇ ਉਨ੍ਹਾਂ ਵੱਲੋਂ ਲਏ ਗਏ ਸਟੈਂਡ ਦਾ ਸਮਰਥਨ ਜਾਂ ਖੰਡਨ ਨਹੀਂ ਕੀਤਾ, ਜਦੋਂ ਕਿ ਅਸਲੀਅਤ ਇਹ ਹੈ ਕਿ ਕਾਂਗਰਸ ਨੇ ਕਦੇ ਵੀ ਜੂਨ 1984 ਵਿੱਚ ਦਰਬਾਰ ਸਾਹਿਬ ’ਤੇ ਫੌਜੀ ਕਾਰਵਾਈ ਲਈ ਮੁਆਫੀ ਨਹੀਂ ਮੰਗੀ, ਜਦਕਿ ਕਾਂਗਰਸ ਸਿੱਖਾਂ ਨਾਲ ਸਾਂਝ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਬਾਕੀ ਪਾਰਟੀ ਦੀ ਇਸ ਮੁੱਦੇ ’ਤੇ ਚੁੱਪੀ ਨਾ ਸਿਰਫ਼ ਕਾਂਗਰਸ ਦੀ ਅਸਪਸ਼ਟਤਾ ਨੂੰ ਉਜਾਗਰ ਕਰਦੀ ਹੈ, ਸਗੋਂ ਇਸ ਦੀ ਦੁਚਿੱਤੀ ਨੂੰ ਵੀ ਉਜਾਗਰ ਕਰਦੀ ਹੈ। ਲੰਮੇ ਸਮੇਂ ਤੋਂ ਕਾਂਗਰਸੀ ਆਗੂਆਂ ਨੇ ਇਸ ਵਿਸ਼ੇ ਬਾਰੇ ਟਾਲਣ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ’ਤੇ ਬੋਲਣ ਤੋਂ ਵੀ ਗੁਰੇਜ਼ ਕੀਤਾ ਹੈ।

ਬੀਤੇ ਦਿਨੀਂ ਦਿੱਲੀ ਸਥਿਤ ਕਾਂਗਰਸ ਹੈੱਡਕੁਆਰਟਰ ਵਿਖੇ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਹੋਈ। ਉਨ੍ਹਾਂ ਨੇ ਰਾਹੁਲ ਗਾਂਧੀ ਦੀ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀਆਂ ਟਿੱਪਣੀਆਂ ਦਾ ਸਮਰਥਨ ਕੀਤਾ।

ਇੱਕ ਸਵਾਲ ਦੇ ਜਵਾਬ ਵਿੱਚ ਚੰਨੀ ਨੇ ਵਾਰ-ਵਾਰ ਘਲੂਘਾਰਾ 84 ਨੂੰ ਦਰਬਾਰ ਸਾਹਿਬ ’ਤੇ ਇੱਕ ‘ਹਮਲਾ’ ਕਿਹਾ ਅਤੇ ਇਸਨੂੰ ‘ਗਲਤ’ ਕਿਹਾ। ਉਸਨੇ ‘ਦਰਬਾਰ ਸਾਹਿਬ’ ’ਤੇ ਫੌਜੀ ਕਾਰਵਾਈ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ’ਤੇ ਦਬਾਅ ਪਾਉਣ ਲਈ ਇਸ ਮੁੱਦੇ ’ਤੇ ਭਾਜਪਾ ਨੂੰ ਘੇਰਿਆ ਕਿ ਉਸਦੇ ਦਬਾਅ ਕਾਰਨ ਇਹ ਫੌਜੀ ਹਮਲਾ ਹੋਇਆ ਹੈ। ਭਾਜਪਾ ਫ਼ੌਜੀ ਹਮਲਾ ਕਰਵਾਉਣ ਲਈ ਕਾਹਲੀ ਸੀ।

ਉਸਨੇ ਦਾਅਵਾ ਕੀਤਾ ਕਿ ਕਾਂਗਰਸ ਨੇ ‘ਹਮਲੇ’ ਅਤੇ (ਨਵੰਬਰ 1984) ਕਤਲੇਆਮ ਲਈ ਮੁਆਫੀ ਮੰਗੀ ਸੀ।

ਜਦ ਕਿ ਕਾਂਗਰਸ ਨੇ ਕਦੇ ਵੀ ਦਰਬਾਰ ਸਾਹਿਬ ’ਤੇ ਹਮਲੇ ਲਈ ਮੁਆਫੀ ਨਹੀਂ ਮੰਗੀ।

ਚੰਨੀ ਨੇ ਕਿਹਾ ਕਿ ਕਤਲੇਆਮ ਬਾਰੇ ਨਾਨਾਵਤੀ ਕਮਿਸ਼ਨ ਦੁਆਰਾ ਦੋਸ਼ੀ ਕਾਂਗਰਸੀ ਨੇਤਾਵਾਂ ਦੇ ਨਾਮ ਲਏ ਜਾਣ ਤੋਂ ਬਾਅਦ, 2005 ਵਿੱਚ ਸੰਸਦ ਵਿੱਚ ਮੁਆਫੀ ਮੰਗਣ ਦੀ ਜ਼ਿੰਮੇਵਾਰੀ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ’ਤੇ ਛੱਡ ਦਿੱਤੀ ਗਈ ਸੀ। ਕਤਲੇਆਮ ਲਈ ਕਾਂਗਰਸੀ ਆਗੂਆਂ ਦੀ ਇੰਦਰਾ ਗਾਂਧੀ ਦੀ ਹੱਤਿਆ ਨੂੰ ‘ਮਹਾਨ ਰਾਸ਼ਟਰੀ ਦੁਖਾਂਤ’ ਕਹਿਣ ਤੋਂ ਬਾਅਦ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ‘ਅੱਗੇ ਜੋ ਹੋਇਆ ਉਹ ਬਰਾਬਰ ਸ਼ਰਮਨਾਕ ਸੀ’। ਉਨ੍ਹਾਂ ਕਿਹਾ, ‘ਮੈਨੂੰ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਵਿੱਚ ਕੋਈ ਝਿਜਕ ਨਹੀਂ ਹੈ। ਮੈਂ ਸਿਰਫ਼ ਸਿੱਖ ਕੌਮ ਤੋਂ ਹੀ ਨਹੀਂ, ਸਗੋਂ ਪੂਰੀ ਭਾਰਤੀ ਕੌਮ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ 1984 ਵਿੱਚ ਜੋ ਵਾਪਰਿਆ, ਉਹ ਸਾਡੇ ਸੰਵਿਧਾਨ ਵਿੱਚ ਦਰਜ ਰਾਸ਼ਟਰਵਾਦ ਦੇ ਸੰਕਲਪ ਦਾ ਖੰਡਨ ਹੈ।’ ਕਾਂਗਰਸ ਦੇ ਪੱਖ ਵਿੱਚ ਕੈਪਟਨ ਅਮਰਿੰਦਰ ਸਿੰਘ ਵੀ ਸਨ, ਜੋ ਫ਼ੌਜ ਦੀ ਕਾਰਵਾਈ ’ਤੇ ਆਪਣੇ ਸਟੈਂਡ ’ਤੇ ਇਕਸਾਰ ਰਹੇ ਸਨ ਅਤੇ ਫ਼ੌਜ ਦੀ ਕਾਰਵਾਈ ਦੇ ਵਿਰੋਧ ਵਿੱਚ ਕਾਂਗਰਸ ਅਤੇ ਲੋਕ ਸਭਾ ਤੋਂ ਸੰਸਦ ਮੈਂਬਰ ਵਜੋਂ ਅਸਤੀਫਾ ਵੀ ਦਿੱਤਾ ਸੀ। ਹਾਲਾਂਕਿ ਉਹ 1990 ਦੇ ਦਹਾਕੇ ਦੇ ਅਖੀਰ ਵਿੱਚ ਕਾਂਗਰਸ ਵਿੱਚ ਵਾਪਸ ਆਏ ਸਨ, ਪਰ ਉਸਨੇ ਕਦੇ ਵੀ ਆਪਣਾ ਰੁਖ ਨਹੀਂ ਬਦਲਿਆ। ਹੋਰ ਕਾਂਗਰਸੀ ਆਗੂ ਇਸ ਸਵਾਲ ਨੂੰ ਟਾਲ ਰਹੇ ਹਨ ਅਤੇ ਜਨਤਕ ਤੌਰ ’ਤੇ ਕੁਝ ਵੀ ਕਹਿਣ ਤੋਂ ਗੁਰੇਜ਼ ਕਰ ਰਹੇ ਹਨ।



# ਸੱਤ ਸਮੁੰਦਰਾਂ ਦੀ ਰਹੱਸਮਈ ਦੁਨੀਆਂ

## ਸ਼ੌਕ ਨਹੀਂ ਮਜਬੂਰੀ ਹੈ ਪੰਜਾਬੀਆਂ ਦਾ 'ਸੱਤ ਸਮੁੰਦਰ' ਪਾਰ ਕਰਨਾ




**ਸੱਤ ਸਮੁੰਦਰਾਂ ਦਾ ਨਾਂਅ ਹਰ ਪੰਜਾਬੀ ਨੇ ਸੁਣਿਆ ਹੋਇਆ ਹੈ। ਪੰਜਾਬੀਆਂ ਵਿੱਚ ਸੱਤ ਸਮੁੰਦਰ ਪਾਰ ਕਰਕੇ ਬੇਗਾਨੀ ਵਿਦੇਸ਼ੀ ਧਰਤੀ 'ਤੇ ਜਾਣ ਦੀ ਚਾਹਤ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਇਹ ਸੱਤ ਸਮੁੰਦਰ ਕੀ ਹਨ ?**

**ਇਹਨਾਂ ਸੱਤ ਸਮੁੰਦਰਾਂ ਦੇ ਨਾਂਅ ਕੀ ਹਨ ? ਇਹ ਸੱਤ ਸਮੁੰਦਰ ਧਰਤੀ ਦੇ ਕਿਹੜੇ-ਕਿਹੜੇ ਹਿੱਸੇ ਵਿੱਚ ਸਥਿਤ ਹਨ ? ਮਨੁੱਖੀ ਜੀਵਨ ਵਿੱਚ ਇਹਨਾਂ ਸੱਤ ਸਮੁੰਦਰਾਂ ਦੀ ਕੀ ਮਹੱਤਤਾ ਹੈ ? ਇਸ ਬਾਰੇ ਵੀ ਪੰਜਾਬੀਆਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ।**



-ਕਾਦਰ ਵੱਲੋਂ ਸਾਜੀ ਕੁਦਰਤ ਮਨੁੱਖ ਲਈ ਅਨਮੋਲ ਖ਼ਜ਼ਾਨਾ ਹੈ, ਕੁਦਰਤ ਦੀ ਮਿਹਰਬਾਨੀ ਸਦਕਾ ਸਾਡੀ ਧਰਤੀ ਭਾਵ ਜਲ, ਥਲ ਅਤੇ ਆਕਾਸ਼ ਅਨੇਕਾਂ ਕੁਦਰਤੀ ਸਰੋਤਾਂ ਅਤੇ ਡੂੰਘੇ ਰਹੱਸਾਂ ਨਾਲ ਭਰੇ ਪਏ ਹਨ। ਸਾਡੀ ਇਸ ਧਰਤੀ ਉੱਪਰ ਕਿਸੇ ਪਾਸੇ ਉੱਚੇ ਉੱਚੇ ਅਸਮਾਣ ਛੂੰਹਦੇ ਬਰਫ਼ੀਲੇ ਪਹਾੜ ਹਨ, ਕਿਸੇ ਪਾਸੇ ਪਾਤਾਲ ਤੱਕ ਡੂੰਘੇ ਸਮੁੰਦਰ ਹਨ, ਕਿਸੇ ਪਾਸੇ ਹੁਸੀਣ ਵਾਦੀਆਂ ਹਨ ਅਤੇ ਕਿਸੇ ਪਾਸੇ ਰੇਗਿਸਤਾਨ ਦਾ ਪਸਾਰਾ ਹੈ। ਇਸ ਧਰਤੀ ਦਾ ਵੱਡਾ ਹਿੱਸਾ ਪਾਣੀ ਨਾਲ ਘਿਰਿਆ ਹੋਇਆ ਹੈ, ਜਲ ਜੀਵਨ ਦਾ ਆਪਣਾ ਵੱਖਰਾ ਹੀ ਸੰਸਾਰ ਹੈ। ਇਸੇ ਤਰ੍ਹਾਂ ਸੱਤ ਸਮੁੰਦਰ ਇਸ ਦੁਨੀਆਂ ਵਿੱਚ ਕੁਦਰਤ ਦਾ ਇਕ ਅਜੂਬਾ ਹਨ। ਸੱਤ ਸਮੁੰਦਰਾਂ ਦੀ ਰਹੱਸਮਈ ਦੁਨੀਆਂ ਹਰ ਕਿਸੇ ਨੂੰ ਆਪਣੇ ਵੱਲ ਖਿੱਚਦੀ ਹੈ। ਸੱਤ ਸਮੁੰਦਰਾਂ ਦਾ ਨਾਂਅ ਸੁਣਦਿਆਂ ਹੀ ਸਾਡੇ ਅੰਦਰ ਇੱਕ ਰੋਮਾਂਚ ਪੈਦਾ ਹੋ ਜਾਂਦਾ ਹੈ। ਅਸਲ ਵਿੱਚ ਧਰਤੀ ਦੇ ਜਲ (ਪਾਣੀ) ਵਾਲੇ ਹਿੱਸੇ ਨੂੰ ਸਮੁੰਦਰ ਕਿਹਾ ਜਾਂਦਾ ਹੈ।

ਸੱਤ ਸਮੁੰਦਰਾਂ ਦੇ ਇਤਿਹਾਸ ਦੇ ਪੰਨੇ ਫਰੋਲਦਿਆਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਹੜੇ ਸੱਤ ਸਮੁੰਦਰਾਂ ਨੂੰ ਅਸੀਂ ਵੱਖ ਵੱਖ ਨਾਵਾਂ ਨਾਲ ਜਾਣਦੇ ਹਾਂ, ਉਹ ਸੱਤ ਸਮੁੰਦਰ ਕਰੀਬ 200 ਕਰੋੜ ਸਾਲ ਪਹਿਲਾਂ ਇੱਕ ਹੀ ਵਿਸ਼ਾਲ ਸਮੁੰਦਰ ਹੁੰਦਾ ਸੀ, ਜਿਸ ਨੂੰ 'ਪੈਨਥਾਲਾਸਾ' ਕਿਹਾ ਜਾਂਦਾ ਸੀ। ਉਸ ਸਮੇਂ ਵੱਖ-ਵੱਖ ਮਹਾਂਦੀਪ ਹੋਂਦ ਵਿੱਚ ਨਹੀਂ ਸੀ ਆਏ ਸਗੋਂ 'ਪੇਨਿੰਜਆ' ਨਾਂਅ ਦਾ ਇੱਕ ਹੀ ਮਹਾਂਦੀਪ ਹੋਂਦ ਵਿੱਚ ਸੀ, ਜੋ ਕਿ ਚਾਰੇ ਪਾਸਿਓਂ ਪਾਣੀ ਨਾਲ ਘਿਰਿਆ ਹੋਇਆ ਸੀ। 'ਪੇਨਿੰਜਆ' ਮਹਾਂਦੀਪ ਦੇ ਉੱਤਰੀ ਹਿੱਸੇ ਵਿੱਚ ਉੱਤਰੀ ਅਮਰੀਕਾ, ਯੂਰੋਪ ਅਤੇ ਏਸ਼ੀਆ ਸਥਿਤ ਸਨ, ਜਦੋਂਕਿ 'ਪੇਨਿੰਜਆ' ਦੇ ਦੱਖਣੀ ਹਿਸੇ ਵਿੱਚ ਆਸਟ੍ਰੇਲੀਆ, ਅੰਟਾਰਰਿਟਕਾ, ਭਾਰਤ, ਅਫਰੀਕਾ ਅਤੇ ਦੱਖਣੀ ਅਮਰੀਕਾ ਸਥਿਤ ਸਨ। 'ਪੇਨਿੰਜਆ' ਦੇ ਉਤਰੀ ਹਿੱਸੇ ਨੂੰ ਲੋਰੇਸ਼ਿਆ ਅਤੇ ਦੱਖਣੀ ਹਿਸੇ ਨੂੰ ਗੋਨਡਵਾਨਾਲੈਂਡ ਕਿਹਾ ਜਾਂਦਾ ਸੀ।

ਅਸਲੀਅਤ ਤਾਂ ਇਹ ਹੈ ਕਿ ਅੱਜ ਵੀ ਸਾਡੀ ਧਰਤੀ 'ਤੇ ਇੱਕ ਹੀ ਵਿਸ਼ਾਲ ਸਮੁੰਦਰ ਹੈ, ਜਿਸ ਨੂੰ ਵਿਸ਼ਵ ਮਹਾਂਸਾਗਰ ਦਾ ਨਾਂਅ ਦਿਤਾ ਜਾਂਦਾ ਹੈ। ਇਸ ਸਮੁੰਦਰ ਦੇ ਵੱਖ ਵੱਖ ਹਿੱਸਿਆਂ ਨੂੰ ਵੱਖ- ਵੱਖ ਇਲਾਕਿਆਂ ਵਿੱਚ ਉਥੋਂ ਦੇ ਵਸਨੀਕਾਂ ਵਲੋਂ ਵੱਖ ਵੱਖ ਨਾਂਅ ਦਿੱਤੇ ਹੋਏ ਹਨ। ਵੱਖ- ਵੱਖ ਇਲਾਕਿਆਂ ਵਿੱਚ ਵਿਸ਼ਾਲ ਸਮੁੰਦਰ ਦੇ ਪਾਣੀ ਦੇ ਵਖਰੇਵੇਂ, ਵੱਖਰੇ ਪੌਣ ਪਾਣੀ, ਸਮੁੰਦਰ ਦੇ ਪਾਣੀ ਦੇ ਵੱਖਰੇ ਰੰਗਾਂ, ਪਾਣੀ ਦੇ ਸਵਾਦ, ਵੱਖਰੇ ਸਮੁੰਦਰੀ ਜਲ ਜੀਵਨ ਅਤੇ ਹੋਰ ਕਾਰਨਾਂ ਕਰਕੇ ਇਸ ਵਿਸ਼ਾਲ ਸਮੁੰਦਰ ਨੂੰ ਸੱਤ ਸਮੁੰਦਰਾਂ ਦੇ ਨਾਂਅ ਨਾਲ ਜਾਣਿਆ ਪਹਿਚਾਣਿਆਂ ਜਾਂਦਾ ਹੈ। ਸਮੁੰਦਰੀ ਮਲਾਹਾਂ ਅਤੇ ਸਮੁੰਦਰੀ ਯਾਤਰੀਆਂ ਵਲੋਂ ਵੱਖ- ਵੱਖ ਇਲਾਕਿਆਂ ਵਿੱਚ ਸਮੁੰਦਰ ਦੀ ਪਹਿਚਾਣ ਲਈ ਅਤੇ ਸਮੁੰਦਰੀ ਰਸਤੇ ਦੀ ਪਹਿਚਾਣ ਲਈ ਵੀ ਸਮੁੰਦਰ ਦੇ ਵੱਖ ਵੱਖ ਨਾਮ ਰਖੇ ਗਏ, ਇਸ ਤੋਂ ਇਲਾਵਾ ਵੱਖ- ਵੱਖ ਮੁਲਕਾਂ ਦੀਆਂ ਸਰਕਾਰਾਂ ਵਲੋਂ ਸਮੁੰਦਰਾਂ 'ਤੇ ਆਪਣੇ ਪ੍ਰਭੂਤਵ ਅਤੇ ਅਧਿਕਾਰ ਦਾ ਦਾਅਵਾ ਕਰਦਿਆਂ ਵੱਖ- ਵੱਖ ਇਲਾਕਿਆਂ ਵਿਚ ਸਮੁੰਦਰ ਦੇ ਵੱਖ ਵੱਖ ਨਾਂਅ ਰੱਖਣ ਨੂੰ ਤਰਜੀਹ ਦਿਤੀ ਗਈ। ਇਹ ਸੱਤ ਸਮੁੰਦਰ ਆਪਸ ਵਿੱਚ ਜੁੜੇ ਹੋਏ ਹਨ, ਜੋ ਕਿ ਵਿਸ਼ਾਲ ਵਿਸ਼ਵ ਸਮੁੰਦਰ ਦਾ ਹੀ ਹਿੱਸਾ ਹਨ।



ਸੱਤ ਸਮੁੰਦਰਾਂ ਦੇ ਨਾਂਅ ਸਬੰਧੀ ਦੁਨੀਆਂ ਭਰ ਦੇ ਵਿਦਵਾਨ ਅਤੇ ਸਮੁੰਦਰੀ ਵਿਗਿਆਨੀ ਇੱਕ ਮਤ ਨਹੀਂ, ਇਸ ਕਰਕੇ ਸੱਤ ਸਮੁੰਦਰਾਂ ਦੇ ਨਾਂਅ ਸਬੰਧੀ ਵੱਖ- ਵੱਖ ਵਿਚਾਰਧਾਰਾਵਾਂ ਪ੍ਰਚਲਿਤ ਹਨ।

ਸਮੁੰਦਰੀ ਵਿਗਿਆਨੀਆਂ ਵਿੱਚ ਅਜੇ ਵੀ ਸੱਤ ਸਮੁੰਦਰਾਂ ਦੇ ਨਾਵਾਂ ਸਬੰਧੀ ਵਖਰੇਵਾਂ ਪਾਇਆ ਜਾਂਦਾ ਹੈ। 15ਵੀਂ ਸਦੀ ਤੋਂ ਪਹਿਲਾਂ ਜਿਹੜੇ ਸੱਤ ਸਮੁੰਦਰ ਮੰਨੇ ਜਾਂਦੇ ਸਨ, ਉਹਨਾਂ ਦੇ ਨਾਂਅ ਭੂ ਮੱਧ ਸਾਗਰ, ਲਾਲ ਸਾਗਰ, ਕਾਲਾ ਸਾਗਰ, ਏਡਰੀਯਾਟਿਕ ਸਾਗਰ, ਕੈਸਿਪੀਅਨ ਸਾਗਰ, ਪਰਸਿਅਨ ਗਲਫ ਅਤੇ ਹਿੰਦ ਮਹਾਂਸਾਗਰ ਸਨ।

ਇਸ ਤੋਂ ਬਾਅਦ ਸੰਨ 1450 ਤੋਂ 1650 ਦੇ ਵਿਚਾਲੇ, ਜਿਸ ਨੂੰ ਖੋਜ਼ਾਂ ਦਾ ਯੁੱਗ ਕਿਹਾ ਜਾਂਦਾ ਹੈ ਤਾਂ ਕੁਝ ਸਮੁੰਦਰੀ ਵਿਗਿਆਨੀਆਂ ਅਤੇ ਭੂਗੋਲਵਾਦੀਆਂ ਨੇ ਸੱਤ ਸਮੁੰਦਰਾਂ ਦੇ ਨਾਂਅ ਅਟਲਾਂਟਿਕ ਮਹਾਂਸਾਗਰ, ਪ੍ਰਸ਼ਾਂਤ ਮਹਾਂਸਾਗਰ, ਹਿੰਦ ਮਹਾਂਸਾਗਰ, ਆਰਕਟਿਕ ਮਹਾਸਾਗਰ, ਭੂਮੱਧ ਸਾਗਰ, ਕੈਰਿਬੀਅਨ ਸਾਗਰ ਅਤੇ ਮੈਕਸਕੋ ਦੀ ਖਾੜੀ ਪ੍ਰਚਲਿਤ ਕੀਤੇ। ਜਦੋਂਕਿ ਕੁਝ ਹੋਰ ਸਮੁੰਦਰੀ ਵਿਗਿਆਨੀਆਂ ਨੇ ਸੱਤ ਸਮੁੰਦਰਾਂ ਦੇ ਨਾਂਅ ਭੂ ਮੱਧ ਸਾਗਰ, ਲਾਲ ਸਾਗਰ, ਹਿੰਦ ਮਹਾਂਸਾਗਰ, ਪਰਸਿਅਨ ਗਲਫ, ਚੀਨ ਸਾਗਰ, ਪੱਛਮੀ ਅਤੇ ਪੂਰਬੀ ਅਫਰੀਕਾ ਸਾਗਰ ਪ੍ਰਚਲਿਤ ਕੀਤੇ। ਇਸ ਤਰਾਂ ਸੱਤ ਸਮੁੰਦਰਾਂ ਦੇ ਨਾਂਅ ਪ੍ਰਾਚੀਨ ਹਿੰਦੂ, ਚੀਨ, ਪਰਸਿਅਨ, ਰੋਮਨ ਲੋਕਾਂ ਵਲੋਂ ਵੱਖਰੇ ਵੱਖਰੇ ਦਸੇ ਜਾਂਦੇ ਹਨ।

ਸਮੁੰਦਰ ਅਤੇ ਮਨੁੱਖ ਵਿਚਾਲੇ ਬਹੁਤ ਪੁਰਾਣਾ, ਨੇੜਲਾ ਅਤੇ ਡੂੰਘਾ ਸਬੰਧ ਹੈ। ਮੰਨਿਆ ਜਾਂਦਾ ਹੈ ਕਿ ਮਨੁੱਖੀ ਸਭਿਅਤਾ ਸਭ ਤੋਂ ਪਹਿਲਾਂ ਦਜਲਾ (ਟਿਗਰਿਸ, ਇਰਾਕ), ਫਰਾਤ (ਯੂਫਰੀਟੀਸ, ਇਰਾਕ), ਨੀਲ (ਮਿਸਰ) ਅਤੇ ਸਿੰਧੂ ਨਦੀ (ਪਾਕਿਸਤਾਨ) ਦੇ ਕਿਨਾਰਿਆਂ 'ਤੇ ਵਿਕਸਿਤ ਹੋਈ ਸੀ। ਨਦੀਆਂ ਦੇ ਕਿਨਾਰਿਆਂ ਤੋਂ ਮਨੁੱਖੀ ਸਭਿਅਤਾ ਵਿਕਸਤ ਹੁੰਦੀ ਹੋਈ ਸਮੁੰਦਰ ਤੱਕ ਪਹੁੰਚ ਗਈ, ਕਿਉਂਕਿ ਸਾਰੀਆਂ ਨਦੀਆਂ ਅੰਤ ਵਿੱਚ ਜਾ ਕੇ ਸਮੁੰਦਰ ਵਿੱਚ ਸਮਾ ਜਾਂਦੀਆਂ ਹਨ। ਇਸ ਤਰਾਂ ਸਮੁੰਦਰ ਦੇ ਆਲੇ ਦੁਆਲੇ ਮਨੁੱਖੀ ਸਭਿਅਤਾ ਦਾ ਵਿਕਾਸ ਹੋ ਗਿਆ ਅਤੇ ਅੱਜ ਦੁਨੀਆਂ ਦੇ ਵੱਡੇ ਸ਼ਹਿਰ ਨਿਊਯਾਰਕ, ਲੰਡਨ, ਸਿਡਨੀ, ਮੁੰਬਈ ਸਮੁੰਦਰ ਕਿਨਾਰੇ ਸਥਿਤ ਹਨ। ਦੁਨੀਆਂ ਦਾ ਵੱਡੀ ਗਿਣਤੀ ਵਪਾਰ ਸਮੁੰਦਰੀ ਰਸਤੇ ਹੁੰਦਾ ਹੈ। ਇਸ ਤਰਾਂ ਮਨੁੱਖੀ ਜੀਵਨ ਵਿੱਚ ਸਮੁੰਦਰ ਦਾ ਬਹੁਤ ਵੱਡਾ ਮਹੱਤਵ ਹੈ। ਸਮੁੰਦਰ ਬਿਨਾਂ ਮਨੁੱਖੀ ਜੀਵਨ ਦਾ ਵਿਕਾਸ ਸੰਭਵ ਨਹੀਂ ਹੈ। ਸਮੁੰਦਰ ਦੀ ਮਹੱਤਤਾ ਨੂੰ ਦੁਨੀਆਂ ਦਾ ਹਰ ਮੁਲਕ ਸਮਝਦਾ ਹੈ, ਇਸ ਕਰਕੇ ਵੱਖ ਵੱਖ ਮੁਲਕ ਆਪਣੀਆਂ ਸਮੁੰਦਰੀ ਹੱਦਾਂ - ਸਰਹੱਦਾਂ ਵਧਾਉਣ ਲਈ ਤਤਪਰ ਰਹਿੰਦੇ ਹਨ। ਵੱਖ- ਵੱਖ ਮੁਲਕਾਂ ਵਿੱਚ ਅਕਸਰ ਸਮੁੰਦਰੀ ਹੱਦਾਂ ਸਰਹੱਦਾਂ ਕਾਰਨ ਕਈ ਵਾਰ ਲੜਾਈ ਝਗੜੇ ਹੁੰਦੇ ਰਹਿੰਦੇ ਹਨ। ਦੁਨੀਆਂ ਦੇ ਵੱਖ ਵੱਖ ਮੁਲਕਾਂ, ਇਲਾਕਿਆਂ ਵਿੱਚ ਭਾਵੇਂ ਸੱਤ ਸਮੁੰਦਰਾਂ ਦੇ ਨਾਂਅ ਵੱਖ ਵੱਖ ਪ੍ਰਚਲਿਤ ਹਨ, ਪਰ ਇਹਨਾਂ ਸੱਤ ਸਮੁੰਦਰਾਂ ਦੀ ਮਨੁੱਖੀ ਸਭਿਅਤਾ ਵਿੱਚ ਜੋ ਵੱਡੀ ਮਹੱਤਤਾ ਹੈ, ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਮੁੰਦਰੀ ਵਿਗਿਆਨੀਆਂ, ਵੱਖ- ਵੱਖ ਮੁਲਕਾਂ ਦੀਆਂ ਸਰਕਾਰਾਂ ਤੇ ਵੱਖ ਵੱਖ ਇਲਾਕਿਆਂ ਦੇ ਵਸਨੀਕਾਂ ਵੱਲੋਂ ਸੱਤ ਸਮੁੰਦਰਾਂ ਦੇ ਨਾਵਾਂ ਸਬੰਧੀ ਪਾਏ ਜਾਂਦੇ ਵਖਰੇਵੇਂ ਦੇ ਬਾਵਜੂਦ ਇਹ ਕਿਹਾ ਜਾ ਸਕਦਾ ਹੈ ਕਿ ਗੁਲਾਬ ਦਾ ਨਾਂਅ ਜੋ ਵੀ ਰਖ ਦਿਓ, ਉਸਨੇ ਤਾਂ ਖੁਸ਼ਬੂ ਹੀ ਦੇਣੀ ਹੈ। ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸੱਤ ਸਮੁੰਦਰਾਂ ਦੀ ਰਹੱਸਮਈ ਦੁਨੀਆਂ ਹਰ ਕਿਸੇ ਨੂੰ ਆਪਣੇ ਵੱਲ ਖਿੱਚਦੀ ਹੈ ਅਤੇ ਕੁਦਰਤ ਦੀ ਵਿਸ਼ਾਲਤਾ ਅਤੇ ਡੂੰਘੇ ਰਹੱਸਾਂ ਦੀ ਬਾਤ ਪਾਉਂਦੀ ਹੈ।



# ਇੱਕ ਦੇਸ਼-ਇੱਕ ਚੋਣ ਦੀ ਯੋਜਨਾ ਪਿੱਛੇ ਭਾਜਪਾ ਦੀ ਮਨਸ਼ਾ ਕੀ ਹੈ ?

## ਅਕਾਲੀ ਦਲ ਹੁਣ ਭਾਜਪਾ ਦੀ ਇਸ ਨੀਤੀ ਤੋਂ ਕਿਉਂ ਪੈਰ ਪਿਛੇ ਖਿੱਚ ਰਿਹਾ ?

ਮੋਦੀ ਸਰਕਾਰ ਨੇ ਆਪਣੀ ਤੀਸਰੀ ਪਾਰੀ ਵਿੱਚ ਇੱਕ ਹੋਰ ਵੱਡਾ ਫ਼ੈਸਲਾ ਲਿਆ ਹੈ। ਪਿਛਲੇ ਦਿਨੀਂ ਹੋਈ ਕੇਂਦਰ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ 'ਇੱਕ ਦੇਸ਼ - ਇੱਕ ਚੋਣ' ਸੰਬੰਧੀ ਕੋਵਿੰਦ ਕਮੇਟੀ ਦੀ ਰਿਪੋਰਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਲੰਮੇ ਸਮੇਂ ਤੋਂ ਇਹ ਵਿਚਾਰ ਪ੍ਰਗਟਾਉਂਦੇ ਆ ਰਹੇ ਹਨ ਕਿ ਇਕੋ ਹੀ ਸਮੇਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਅਤੇ ਦੂਸਰੇ ਪੜਾਅ ਵਿੱਚ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ ਅਤੇ ਮਿਉਂਸਪਲ ਕਮੇਟੀਆਂ ਤੇ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਇਸ ਦੇ ਹੱਕ ਵਿੱਚ ਖੜ੍ਹੀਆਂ ਹੋਣ ਵਾਲੀਆਂ ਪਾਰਟੀਆਂ ਦਾ ਮਤ ਇਹ ਰਿਹਾ ਹੈ ਕਿ ਅਜਿਹੀ ਪ੍ਰਕਿਰਿਆ ਨਾਲ ਵੱਡੀ ਪੱਧਰ 'ਤੇ ਕੀਤਾ ਜਾਂਦਾ ਚੋਣ ਖ਼ਰਚਾ ਘਟੇਗਾ। ਵੱਖ-ਵੱਖ ਸਮਿਆਂ 'ਤੇ ਹੁੰਦੀਆਂ ਚੋਣਾਂ ਕਾਰਨ ਵਿਕਾਸ ਕਾਰਜਾਂ ਸੰਬੰਧੀ ਲਏ ਜਾਣ ਵਾਲੇ ਫ਼ੈਸਲੇ ਰੁਕੇ ਰਹਿੰਦੇ ਹਨ। ਚੋਣ ਕਮਿਸ਼ਨ, ਪ੍ਰਬੰਧਕੀ ਮਸ਼ੀਨਰੀ ਅਤੇ ਸੁਰੱਖਿਆ ਬਲਾਂ 'ਤੇ ਲਗਾਤਾਰ ਦਬਾਅ ਬਣਿਆ ਰਹਿੰਦਾ ਹੈ।

ਮੋਦੀ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਵਿੱਚ ਇੱਕ ਦੇਸ਼ ਇੱਕ ਚੋਣ ਬਾਰੇ ਦਸਤਾਵੇਜ਼ ਤਿਆਰ ਕਰਨ ਲਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿੱਚ 2 ਸਤੰਬਰ 2023 ਨੂੰ 'ਕੋਵਿੰਦ ਕਮੇਟੀ' ਦਾ ਗਠਨ ਕੀਤਾ ਸੀ। ਇਸ ਕਮੇਟੀ ਨੇ ਵੱਡੀ ਪੱਧਰ 'ਤੇ ਵਿਚਾਰ-ਵਟਾਂਦਰਾ ਕਰ ਕੇ ਇਸ ਸਾਲ ਮਾਰਚ ਦੇ ਮਹੀਨੇ ਵਿਚ ਆਪਣੀ ਰਿਪੋਰਟ ਦਿੱਤੀ ਸੀ। ਕੋਵਿੰਦ ਕਮੇਟੀ ਨੇ ਇਸ ਨਵੀਂ ਸਿਆਸੀ ਪ੍ਰਕਿਰਿਆ ਲਈ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਨਾਲ ਰਾਇ-ਮਸ਼ਵਰਾ ਕੀਤਾ ਸੀ। ਇਸ ਦੇ ਹੱਕ ਵਿੱਚ 32 ਪਾਰਟੀਆਂ ਨੇ ਹਾਮੀ ਭਰੀ ਸੀ ਅਤੇ ਕਾਂਗਰਸ ਸਮੇਤ ਲਗਭਗ 15 ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ ਸੀ।

ਉਕਤ ਕਮੇਟੀ ਵੱਲੋਂ 14 ਮਾਰਚ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਜੋ ਰਿਪੋਰਟ ਪੇਸ਼ ਕੀਤੀ ਗਈ ਸੀ, ਉਸ ਦੇ 18,000 ਸਫ਼ੇ ਸਨ, ਜਿਸ ਵਿੱਚ ਇਹ ਵੀ ਵਿਆਖਿਆ ਕੀਤੀ ਗਈ ਹੈ ਕਿ ਸਾਰੇ ਪੱਧਰ ਦੀਆਂ ਚੋਣਾਂ ਵਿੱਚ ਇਕਸਾਰਤਾ ਕਿਵੇਂ ਲਿਆਂਦੀ ਜਾ ਸਕਦੀ ਹੈ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਲੋਕ ਸਭਾ ਦੀਆਂ ਪਹਿਲੀਆਂ ਚੋਣਾਂ 1951 ਵਿੱਚ ਹੋਈਆਂ ਸਨ। 1967 ਤੱਕ ਸਾਰੇ ਪੱਧਰਾਂ 'ਤੇ ਚੋਣਾਂ ਦੀ ਨਿਰੰਤਰਤਾ ਬਣੀ ਰਹੀ ਸੀ। ਹਾਲਾਤ ਬਦਲਦੇ ਗਏ, ਕੌਮੀ ਪਾਰਟੀ ਕਾਂਗਰਸ ਦਾ ਸਿਆਸੀ ਦਬਦਬਾ ਘਟਦਾ ਗਿਆ। ਸਥਾਨਕ ਅਤੇ ਪ੍ਰਾਂਤਕ ਸਿਆਸੀ ਪਾਰਟੀਆਂ ਦਾ ਵੱਡਾ ਉਭਾਰ ਦੇਖਣ ਨੂੰ ਮਿਲਿਆ। ਸਮੇਂ ਦੀਆਂ ਕੇਂਦਰੀ ਸਰਕਾਰਾਂ ਵਲੋਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਤੋੜੀਆਂ ਵੀ ਜਾਂਦੀਆਂ ਰਹੀਆਂ, ਜਿਸ ਕਰਕੇ ਇਨ੍ਹਾਂ ਚੋਣਾਂ ਵਿੱਚ ਇਕਸਾਰਤਾ ਨਾ ਰਹੀ।

**ਭਾਜਪਾ ਵਲੋਂ ਏਜੰਡਾ ਲਾਗੂ ਕਰਨਾ ਔਖਾ**

ਅੱਜ ਦੇਸ਼ ਦੇ ਸਿਆਸੀ ਹਾਲਾਤ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੇ ਹਨ। ਕੇਂਦਰ ਵਿੱਚ ਵੀ ਸਮੇਂ ਤੋਂ ਪਹਿਲਾਂ ਸਰਕਾਰਾਂ ਟੁੱਟਦੀਆਂ ਤੇ ਬਣਦੀਆਂ ਰਹੀਆਂ ਹਨ। ਪ੍ਰਾਂਤਾਂ ਵਿੱਚ ਵੀ ਸਿਆਸੀ ਪੱਧਰ 'ਤੇ ਵੱਡੇ ਪ੍ਰਸ਼ਾਸਨਿਕ ਫੇਰਬਦਲ ਹੁੰਦੇ ਰਹੇ ਹਨ। ਇਸ ਕਰਕੇ ਹੁਣ ਇਕੋ ਸਮੇਂ ਵੱਖ-ਵੱਖ ਪੱਧਰਾਂ 'ਤੇ ਚੋਣਾਂ ਕਰਵਾਉਣਾ ਬੇਹੱਦ ਮੁਸ਼ਕਿਲ ਅਤੇ ਜਟਿਲ ਕੰਮ ਬਣ ਗਿਆ ਹੈ। ਇਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵੀ ਪਹਿਲੀਆਂ ਦੋ ਵਾਰੀਆਂ ਵਾਲੀ ਨਹੀਂ ਰਹੀ। ਭਾਜਪਾ ਆਪਣੇ ਬਲਬੂਤੇ 'ਤੇ ਲੋਕ ਸਭਾ ਦੀਆਂ ਚੋਣਾਂ ਵਿੱਚ ਬਹੁਮਤ ਪ੍ਰਾਪਤ ਨਹੀਂ ਕਰ ਸਕੀ। ਸਰਕਾਰ ਬਣਾਉਣ ਲਈ ਇਸ ਨੂੰ ਹੋਰ 13 ਛੋਟੀਆਂ-ਵੱਡੀਆਂ ਪਾਰਟੀਆਂ ਦਾ ਸਹਿਯੋਗ ਲੈਣਾ ਪਿਆ ਹੈ। ਲੋਕ ਸਭਾ ਵਿੱਚ ਵੀ ਵਿਰੋਧੀ ਧਿਰਾਂ ਗਿਣਤੀ ਦੇ ਪੱਖੋਂ ਵਧੇਰੇ ਮਜ਼ਬੂਤ ਹੋ ਗਈਆਂ ਹਨ।

ਹੁਣ ਕੇਂਦਰੀ ਕੈਬਨਿਟ ਰਾਹੀਂ ਲਏ ਗਏ ਇਸ ਫ਼ੈਸਲੇ ਨੂੰ ਸਿਰੇ ਚੜ੍ਹਾ ਸਕਣਾ ਇਸ ਲਈ ਮੁਸ਼ਕਿਲ ਜਾਪਦਾ ਹੈ ਕਿਉਂਕਿ ਸੰਸਦ ਵਿੱਚ ਇਸ ਨੂੰ ਦੋ-ਤਿਹਾਈ ਵੋਟਾਂ ਨਾਲ ਪਾਸ ਕਰਵਾਉਣਾ ਪਵੇਗਾ। ਉਸ ਤੋਂ ਬਾਅਦ ਸਾਰੇ ਹੀ ਰਾਜਾਂ ਦੀਆਂ ਵਿਧਾਨ ਸਭਾਵਾਂ ਤੋਂ ਵੀ ਇਸ ਨੂੰ ਪਾਸ ਕਰਵਾਉਣਾ ਪਵੇਗਾ, ਜੋ ਅੱਜ ਦੇ ਹਾਲਾਤ ਵਿੱਚ ਵੱਡੀ ਜੋਖ਼ਮ ਭਰੀ ਕਾਰਵਾਈ ਹੋਵੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਜੇ ਤਾਂ ਇਹ ਮਾਮਲਾ ਸਿਰੇ ਨਹੀਂ ਚੜ੍ਹੇਗਾ ਅਤੇ ਇਹ ਵੀ ਜਾਂ ਤਾਂ ਵਕਫ਼ ਬੋਰਡ ਕਾਨੂੰਨ ਵਾਂਗ ਵੱਟੇ ਖਾਤੇ ਪੈ ਜਾਵੇਗਾ ਜਾਂ ਫਿਰ ਜੇ ਕਿਸੇ ਚੱਕਰਵਿਊ ਦੀ ਰਚਨਾ ਨਾਲ ਇਹ ਕਾਨੂੰਨ ਬਣਾ ਵੀ ਲਿਆ ਗਿਆ ਤਾਂ ਲੋਕਾਂ ਵਿੱਚ ਇਸ ਦਾ ਏਨਾ ਵਿਰੋਧ ਉਠੇਗਾ ਕਿ ਇਹ ਵੀ ਤਿੰਨ ਖੇਤੀ ਕਾਨੂੰਨਾਂ ਵਾਂਗ ਵਾਪਸ ਹੀ ਲੈਣਾ ਪਵੇਗਾ ਪਰ ਸੋਚਣ ਵਾਲੀ ਗੱਲ ਹੈ ਕਿ ਇਸ ਦੇ ਪਿੱਛੇ ਸੋਚ ਕੀ ਹੈ ?

ਕੀ ਜਿਵੇਂ ਪ੍ਰਧਾਨ ਮੰਤਰੀ ਮੋਦੀ ਨੇ ਇਸ ਦੇ ਫਾਇਦੇ ਗਿਣਾਏ ਹਨ ਕਿ ਇਸ ਨਾਲ ਸਰਕਾਰੀ ਖਰਚੇ ਦੀ ਬੱਚਤ ਹੋਵੇਗੀ, ਫ਼ੈਸਲੇ ਲੈਣ ਵਿੱਚ ਦੇਰੀ ਤੋਂ ਰਾਹਤ ਮਿਲੇਗੀ, (ਭਾਵ ਚੋਣ ਜ਼ਾਬਤਾ ਲੱਗੇ ਹੋਣ ਕਾਰਨ ਵੱਡੇ ਨੀਤੀਗਤ ਫ਼ੈਸਲੇ ਨਹੀਂ ਲਏ ਜਾ ਸਕਦੇ) ਚੋਣਾਵੀਂ ਥਕਾਵਟ ਘਟੇਗੀ, ਜਿਸ ਨਾਲ ਬਿਹਤਰ ਸ਼ਾਸਨ ਦਿੱਤਾ ਜਾ ਸਕੇਗਾ। ਇਸ ਨਾਲ ਸਥਿਰਤਾ ਅਤੇ ਨੀਤੀਆਂ ਵਿੱਚ ਨਿਰੰਤਰਤਾ ਆਦਿ ਵਰਗੇ ਫਾਇਦੇ ਹੋਣਗੇ ਆਦਿ ਸਭ ਠੀਕ ਹਨ ?

ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤ ਦੀਆਂ ਚੋਣਾਂ 'ਤੇ ਭਾਰਤੀ ਬਜਟ ਦਾ 1 ਫ਼ੀਸਦੀ ਵੀ ਖਰਚ ਨਹੀਂ ਹੁੰਦਾ ਤੇ ਅਸੀਂ ਕਾਰਪੋਰੇਟ ਟੈਕਸ ਘਟਾ ਕੇ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਨੂੰ ਵੱਟੇ ਖਾਤੇ ਪਾ ਕੇ ਇਸ ਤੋਂ ਕਈ ਗੁਣਾਂ ਜ਼ਿਆਦਾ ਖਰਚਾ ਅੰਜਾਈਂ ਕਰ ਰਹੇ ਹਾਂ ਪਰ ਜੇਕਰ ਸੱਚਮੁੱਚ ਅਜਿਹੀ ਹੀ ਸੋਚ ਹੈ ਤਾਂ ਹੁਣੇ ਹੋ ਰਹੀਆਂ 4 ਰਾਜਾਂ ਦੀਆਂ ਚੋਣਾਂ ਇੱਕ ਵਾਰ ਵਿੱਚ ਹੀ ਕਿਉਂ ਨਹੀਂ ਕਰਵਾ ਲਈਆਂ ਗਈਆਂ ? ਦੂਜੀ ਗੱਲ ਇਹ ਕਿ ਫ਼ੈਸਲੇ ਲੈਣ ਵਿੱਚ ਚੋਣ ਜ਼ਾਬਤੇ ਕਰ ਕੇ ਦੇਰੀ ਹੁੰਦੀ ਹੈ।

ਇਹ ਏਨਾ ਵੱਡਾ ਫ਼ੈਸਲਾ ਵੀ ਤਾਂ ਹਰਿਆਣਾ ਤੇ ਜੰਮੂ-ਕਸ਼ਮੀਰ ਦੀਆਂ ਚੋਣਾਂ ਲਈ ਲੱਗੇ ਚੋਣ-ਜ਼ਾਬਤੇ ਦੇ ਦਰਮਿਆਨ ਹੀ ਕੈਬਨਿਟ ਨੇ ਲਿਆ ਹੈ। ਹਾਲਾਂਕਿ ਇਸ ਪ੍ਰਸਤਾਵ ਨੂੰ ਲਾਗੂ ਕਰਵਾਉਣ ਲਈ ਸੰਵਿਧਾਨ ਵਿੱਚ ਕਰੀਬ 18 ਸੋਧਾਂ ਕਰਨੀਆਂ ਪੈਣੀਆਂ ਹਨ।

ਏਨਾ ਵੱਡਾ ਫ਼ੈਸਲਾ ਰਾਜਾਂ ਦੇ ਚੋਣ ਜ਼ਾਬਤੇ ਦਰਮਿਆਨ ਕੇਂਦਰੀ ਕੈਬਨਿਟ ਨਹੀਂ ਕਰ ਸਕਦੀ। ਸ਼ਾਇਦ ਕੋਈ ਰੋਕ ਵੀ ਨਹੀਂ ਸਕਦਾ। ਹਾਲਾਂਕਿ ਇਹ ਸੰਵਿਧਾਨ ਦੇ ਮੂਲ ਢਾਂਚੇ ਵਿੱਚ ਤਬਦੀਲੀ ਵਰਗਾ ਪ੍ਰਸਤਾਵ ਹੈ।



ਸਿਆਸੀ ਮਾਹਿਰਾਂ ਨੂੰ ਸ਼ੱਕ ਹੈ, ਉਹ ਇਹ ਹੈ ਕਿ ਕਿਤੇ ਇਹ ਫ਼ੈਸਲਾ ਦੇਸ਼ ਵਿੱਚ ਇੱਕ ਕਾਨੂੰਨ-ਇੱਕ ਦੇਸ਼ ਦੀ ਸੋਚ 'ਤੇ ਚਲਦਾ ਹੋਇਆ ਇੱਕ ਦੇਸ਼-ਇੱਕ ਧਰਮ ਦੀ ਸੋਚ ਨੂੰ ਸਾਕਾਰ ਕਰਨ ਵੱਲ ਉਠਿਆ ਕੋਈ ਕਦਮ ਤਾਂ ਨਹੀਂ ? ਪਰ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਇਹ ਫ਼ੈਸਲਾ ਲਾਗੂ ਹੋਇਆ ਤਾਂ ਇਹ ਦੇਸ਼ ਵਿਚੋਂ ਸੰਘਵਾਦ (ਫੈਡਰਲਿਜ਼ਮ) ਦੇ ਖ਼ਾਤਮੇ ਵੱਲ ਇੱਕ ਵੱਡਾ ਕਦਮ ਜ਼ਰੂਰ ਸਾਬਿਤ ਹੋਵੇਗਾ ਤੇ ਦੇਸ਼ ਇੱਕ ਤਾਨਾਸ਼ਾਹੀ ਸ਼ਾਸਨ ਪ੍ਰਣਾਲੀ ਵੱਲ ਨੂੰ ਇੱਕ ਕਦਮ ਅੱਗੇ ਵਧ ਜਾਵੇਗਾ।




**ਭਾਜਪਾ ਦੀ ਇਸ ਮੰਨਸ਼ਾ ਪਿਛੇ ਸੰਘ ਪਰਿਵਾਰ**

ਜੇਕਰ ਇਸ ਪਿੱਛੇ ਭਾਜਪਾ ਦੀ ਅਸਲ ਮਨਸ਼ਾ ਨੂੰ ਸਮਝਣਾ ਹੋਵੇ ਤਾਂ ਪਿਛਲੇ ਸਮੇਂ 'ਤੇ ਝਾਤ ਮਾਰਨੀ ਪਵੇਗੀ। ਭਾਜਪਾ ਦੀ ਸੋਚ ਅਸਲ ਵਿੱਚ ਆਰ.ਐੱਸ.ਐੱਸ. ਦੀ ਸੋਚ ਹੀ ਹੈ। ਇਸ ਦਾ ਪ੍ਰਗਟਾਵਾ ਆਰ.ਐੱਸ.ਐੱਸ. ਦੇ ਸਭ ਤੋਂ ਵੱਡੇ ਸਿਧਾਂਤਕਾਰ ਮੰਨੇ ਜਾਂਦੇ ਪ੍ਰਮੁੱਖ ਗੁਰੂ ਗੋਲਵਾਲਕਰ ਦੇ ਵਿਚਾਰਾਂ ਤੋਂ ਚੰਗੀ ਤਰ੍ਹਾਂ ਹੋ ਜਾਂਦਾ ਹੈ। ਉਨ੍ਹਾਂ ਦੇ ਕਈ ਭਾਸ਼ਨਾਂ ਅਤੇ ਉਨ੍ਹਾਂ ਦੀ ਕਿਤਾਬ 'ਬੰਚ ਆਫ਼ ਥਾਟਸ' ਦੇ ਕੁਝ ਅੰਸ਼ ਵਿਚਾਰਨਯੋਗ ਹਨ, ਜੋ ਕਿ ਸਪੱਸ਼ਟ ਕਰ ਦੇਣਗੇ ਕਿ ਇਸ ਪਿੱਛੇ ਅਸਲ ਵਿੱਚ ਸੋਚ ਕੀ ਹੈ ਅਤੇ ਆਰ.ਐੱਸ.ਐੱਸ. ਭਾਰਤੀ ਸੰਵਿਧਾਨ ਬਾਰੇ ਕੀ ਸੋਚਦਾ ਹੈ ?

1949 ਵਿੱਚ ਆਰ.ਐੱਸ.ਐੱਸ. ਦੇ ਮੁਖੀ ਗੁਰੂ ਗੋਲਵਾਲਕਰ ਇੱਕ ਭਾਸ਼ਨ ਵਿੱਚ ਕਹਿੰਦੇ ਹਨ ਕਿ ਸੰਵਿਧਾਨ ਬਣਾਉਂਦੇ ਸਮੇਂ ਆਪਣੇ ਸਭਤਵ ਨੂੰ, ਆਪਣੇ ਹਿੰਦੂਪਨ ਨੂੰ ਭੁਲਾ ਦਿੱਤਾ ਗਿਆ। (ਗੌਰਤਲਬ ਹੈ ਕਿ ਭਾਰਤੀ ਸੰਵਿਧਾਨ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ) ਸਾਡੇ ਵਿੱਚ ਏਕਤਾ ਦਾ ਨਿਰਮਾਣ ਕਰਨ ਵਾਲੀ ਭਾਵਨਾ ਕਿਹੜੀ ਹੈ, ਇਸ ਦੀ ਜਾਣਕਾਰੀ ਨਾ ਹੋਣ ਤੋਂ ਹੀ ਇਹ ਸੰਵਿਧਾਨ 'ਇੱਕ ਤੱਤ' ਦਾ ਪੋਸ਼ਕ ਨਹੀਂ ਬਣ ਸਕਿਆ। ਇੱਕ ਦੇਸ਼, ਇੱਕ ਰਾਸ਼ਟਰ ਤਥਾ ਇੱਕ ਹੀ ਰਾਜ ਵਿੱਚ ਇਕਾਤਮਕ ਸ਼ਾਸ਼ਨ ਰਚਨਾ ਸਵੀਕਾਰ ਕਰਨੀ ਹੋਵੇਗੀ। ਇੱਕ ਸੰਸਦ ਹੋਵੇ ਇੱਕ ਹੀ ਮੰਤਰੀ ਮੰਡਲ ਹੋਵੇ, ਜੋ ਦੇਸ਼ ਦੀ ਸ਼ਾਸਨ ਸੁਵਿਧਾ ਦੇ ਅਨੁਕੂਲ ਵਿਭਾਗਾਂ ਦੀ ਵਿਵਸਥਾ ਕਰ ਸਕੇ। ਬਿਲਕੁਲ ਸਪੱਸ਼ਟ ਹੈ ਕਿ ਉਹ ਰਾਜਾਂ ਦੀਆਂ ਵੱਖਰੀਆਂ ਵਿਧਾਨ ਸਭਾਵਾਂ ਤੇ ਸਰਕਾਰਾਂ ਨੂੰ ਦੇਸ਼ ਨੂੰ ਵੰਡਣ ਵਾਲਾ ਮੰਨਦੇ ਹਨ ਭਾਵ ਉਹ ਸਪੱਸ਼ਟ ਰੂਪ ਵਿੱਚ ਸੰਘੀ ਢਾਂਚਾ ਨਹੀਂ ਇਕਾਤਮਿਕ ਢਾਂਚੇ ਦੀ ਗੱਲ ਕਰ ਰਹੇ ਹਨ। ਹਾਲਾਂਕਿ ਪੂਰੇ ਇਤਿਹਾਸ ਵਿੱਚ ਭਾਰਤ ਕਦੇ ਵੀ ਇੱਕ ਹੀ ਰਾਜੇ ਦੇ ਅਧੀਨ ਨਹੀਂ ਰਿਹਾ। ਹਰ ਵੰਸ਼ ਦੇ ਰਾਜ ਕਾਲ ਵਿੱਚ ਛੋਟੇ-ਵੱਡੇ ਰਾਜ ਵੱਖ-ਵੱਖ ਸਮੇਂ ਵੱਖ-ਵੱਖ ਖ਼ੇਤਰਾਂ ਵਿੱਚ ਬਣਦੇ ਟੁਟਦੇ ਰਹੇ ਹਨ। ਇਹ ਦੇਸ਼ ਸਦਾ ਹੀ ਬਹੁ-ਜਾਤੀ, ਬਹੁ-ਭਾਸ਼ੀ ਤੇ ਬਹੁ-ਸੰਸਕ੍ਰਿਤੀਆਂ ਵਾਲਾ ਸਮਾਜ ਰਿਹਾ ਹੈ।

ਇਸ ਨੂੰ ਹੋਰ ਸਪੱਸ਼ਟਤਾ ਨਾਲ ਸਮਝਣ ਲਈ ਗੁਰੂ ਗੋਲਵਾਲਕਰ (ਐਮ.ਐੱਸ. ਗੋਲਵਾਲਕਰ) ਦੀ ਕਿਤਾਬ 'ਬੰਚ ਆਫ਼ ਥਾਟਸ' ਦੇ ਹਿੰਦੀ ਅਨੁਵਾਦ ਵਿੱਚ ਲਿਖਿਆ ਹੈ ਕਿ ਅਸੀਂ ਆਪਣੇ ਦੇਸ਼ ਦੇ ਵਿਧਾਨ (ਸੰਵਿਧਾਨ) ਵਿਚੋਂ ਸੰਘੀ ਢਾਂਚੇ (ਫੈਡਰਲਿਜ਼ਮ) ਦੀ ਪੂਰੀ ਚਰਚਾ ਨੂੰ ਸਦਾ ਲਈ ਸਮਾਪਤ ਕਰ ਦੇਈਏ। ਇੱਕ ਰਾਜ ਅਰਥਾਤ ਭਾਰਤ ਦੇ ਅੰਤਰਗਤ ਅਨੇਕ ਸਵਾਇਤ (ਸਵੈਸ਼ਾਸਿਤ) ਅਥਵਾ ਅਰਧ ਸਵਾਇਤ ਰਾਜਾਂ ਦੇ ਅਸਤਿਤਵ (ਹਸਤੀ) ਨੂੰ ਮਿਟਾ ਦੇਈਏ ਤਥਾ ਇੱਕ ਦੇਸ਼, ਇੱਕ ਰਾਜ, ਇੱਕ ਵਿਧਾਨ ਮੰਡਲ, ਇੱਕ ਕਾਰਜਪਾਲਿਕਾ ਘੋਸ਼ਿਤ ਕਰੀਏ। ਉਸ ਵਿੱਚ ਖੰਡਆਤਮਿਕ, ਖੇਤਰੀ, ਸੰਪਰਦਾਇਕ, ਭਾਸ਼ਾਈ ਅਥਵਾ ਹੋਰ ਪ੍ਰਕਾਰਾਂ ਦੇ ਗ਼ੌਰਵ ਚਿੰਨ੍ਹ ਵੀ ਨਹੀਂ ਹੋਣੇ ਚਾਹੀਦੇ। ਇਥੇ ਹੀ ਬਸ ਨਹੀਂ ਇੱਕ ਹੋਰ ਜਗ੍ਹਾ ਉਹ ਤਿਰੰਗੇ ਝੰਡੇ ਦੇ ਵਿਰੋਧ ਸਾਫ਼ ਕਹਿੰਦੇ ਹਨ ਕਿ, ਸਾਡੀ ਮਹਾਨ ਸੰਸਕ੍ਰਿਤੀ ਦਾ ਪਰੀਪੂਰਨ ਪਰੀਚੈ ਦੇਣ ਵਾਲਾ ਪ੍ਰਤੀਕ ਸਰੂਪ ਸਾਡਾ ਭਗਵਾਂ ਝੰਡਾ ਹੈ, ਜੋ ਸਾਡੇ ਲਈ ਪਰਮੇਸ਼ਵਰ ਸਰੂਪ ਹੈ। ਇਸ ਲਈ ਇਸ ਪਰਮ ਪੂਜਣਯੋਗ ਝੰਡੇ ਨੂੰ ਅਸੀਂ ਆਪਣੇ ਗੁਰੂ ਸਥਾਨ ਵਿੱਚ ਰੱਖਣਾ ਉਚਿਤ ਸਮਝਿਆ ਹੈ। ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਅੰਤ ਵਿੱਚ ਇਸੇ ਝੰਡੇ ਦੇ ਸਾਹਮਣੇ ਸਾਰਾ ਰਾਸ਼ਟਰ (ਭਾਵ ਭਾਰਤ) ਨਤਮਸਤਕ ਹੋਵੇਗਾ, ਜੋ ਸਾਫ਼ ਹੈ ਕਿ ਇਹ ਕਦਮ ਆਰ.ਐੱਸ.ਐੱਸ. ਦੀ ਅਸਲ ਸੋਚ ਨੂੰ ਅੱਗੇ ਵਧਾਉਣ ਦੀ ਇਕ ਕੋਸ਼ਿਸ਼ ਹੈ, ਕਿਉਂਕਿ ਜੇਕਰ ਰਾਜਾਂ ਦੀ ਚੋਣ ਪਾਰਲੀਮੈਂਟ ਦੀ ਚੋਣ ਦੇ ਨਾਲ ਹੀ ਹੋਵੇਗੀ ਤਾਂ ਕੌਮੀ ਮੁੱਦਿਆਂ ਸਾਹਮਣੇ ਸਥਾਨਕ ਮੁੱਦੇ ਹੀਣ ਹੋ ਜਾਣਗੇ ਤੇ ਸੰਘਵਾਦ ਦੀਆਂ ਸਮਰਥਕ ਖੇਤਰੀ ਪਾਰਟੀਆਂ ਵੀ ਕਮਜ਼ੋਰ ਹੋਣਗੀਆਂ। ਹਾਂ, ਇਹ ਵੱਖਰੀ ਗੱਲ ਹੈ ਕਿ ਇਸ ਯੋਜਨਾ ਨੂੰ ਪੇਸ਼ ਦੇਸ਼ ਦੇ ਭਲੇ ਵਾਂਗ ਕੀਤਾ ਜਾਵੇਗਾ।

ਪਰ ਜਦੋਂ ਇਹ ਸਪੱਸ਼ਟ ਹੈ ਕਿ ਭਾਵੇਂ ਇਹ ਆਰ.ਐੱਸ.ਐੱਸ. ਤੇ ਭਾਜਪਾ ਦੀ ਸੋਚ ਵੱਲ ਵਧਣ ਵਾਲਾ ਇੱਕ ਕਦਮ ਹੈ ਪਰ ਅੱਜ ਦੇ ਹਾਲਾਤਾਂ ਵਿੱਚ ਇਸ ਦਾ ਕਾਨੂੰਨ ਬਣਨਾ ਬਹੁਤ ਮੁਸ਼ਕਿਲ ਹੈ। ਕਿਉਂਕਿ ਇਸ ਨੂੰ ਪਾਸ ਕਰਨ ਲਈ ਸੰਸਦ ਦੇ ਦੋਵਾਂ ਸਦਨਾਂ ਦਾ ਦੋ ਤਿਹਾਈ ਬਹੁਮਤ ਚਾਹੀਦਾ ਹੈ, ਜੋ ਸੰਭਵ ਨਹੀਂ ਜਾਪਦਾ। ਉਂਜ ਦੇਸ਼ ਦੇ ਅੱਧੇ ਤੋਂ ਵੱਧ ਰਾਜਾਂ ਦੀਆਂ ਅਸੈਂਬਲੀਆਂ ਤੋਂ ਵੀ ਇਹ ਪਾਸ ਕਰਵਾਉਣਾ ਪਵੇਗਾ ਤਾਂ ਫਿਰ ਇਸ ਪ੍ਰਸਤਾਵ ਨੂੰ ਪਾਸ ਕਰਨ ਦਾ ਫੌਰੀ ਮੰਤਵ ਕੀ ਹੈ ? ਅੱਜ ਦੇ ਹਾਲਾਤ ਵਿੱਚ ਇਸ ਦਾ ਫੌਰੀ ਤੇ ਪਹਿਲਾ ਮੰਤਵ ਆਰ.ਐਸ.ਐਸ. ਨੂੰ ਖ਼ੁਸ਼ ਕਰਨਾ ਜਾਪਦਾ ਹੈ ਤੇ ਉਸ ਨੂੰ ਇਹ ਯਕੀਨਦਹਾਨੀ ਕਰਵਾਉਣ ਲਈ ਹੈ ਕਿ ਭਾਜਪਾ ਉਸ ਦੀ ਸੋਚ 'ਤੇ ਹੀ ਖੜ੍ਹੀ ਹੈ, ਕਿਉਂਕਿ ਇਹ ਚਰਚਾ ਹੈ ਕਿ ਆਰ.ਐਸ.ਐਸ. ਅੱਜਕਲ੍ਹ ਪ੍ਰਧਾਨ ਮੰਤਰੀ ਨਾਲ ਨਾਰਾਜ਼ ਹੈ। ਉਂਝ ਵੀ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਪਿਛਲੇ ਕਈ ਮਹੀਨਿਆਂ ਵਿੱਚ ਅਜਿਹੇ ਸਖ਼ਤ ਬਿਆਨ ਦੇ ਚੁੱਕੇ ਹਨ, ਜੋ ਇਹ ਪ੍ਰਭਾਵ ਦਿੰਦੇ ਹਨ ਕਿ ਉਹ ਪ੍ਰਧਾਨ ਮੰਤਰੀ ਤੋਂ ਖ਼ੁਸ਼ ਨਹੀਂ ਹਨ। ਇਸ ਦਾ ਦੂਸਰਾ ਫੌਰੀ ਕਾਰਨ ਇਹ ਜਾਪਦਾ ਹੈ ਕਿ ਭਾਜਪਾ ਨੂੰ 4 ਵਿਧਾਨ ਸਭਾ ਚੋਣਾਂ ਵਿੱਚ ਆਪਣਾ ਕੋਰ ਵੋਟ ਬੈਂਕ ਖਿਸਕਦਾ ਨਜ਼ਰ ਆ ਰਿਹਾ ਹੈ ਅਤੇ ਇਹ ਪ੍ਰਸਤਾਵ ਉਸ ਦੇ ਕੋਰ ਵੋਟ ਬੈਂਕ ਨੂੰ ਭਾਜਪਾ ਵੱਲ ਫਿਰ ਤੋਂ ਖਿੱਚੇਗਾ। ਅਸਲ ਵਿੱਚ ਭਾਜਪਾ ਦੀ ਚਾਹਤ ਕੁਝ ਹੋਰ ਹੁੰਦੀ ਹੈ ਅਤੇ ਉਸ ਦੇ ਕੰਮ ਤੇ ਬੋਲੀ ਕੁਝ ਹੋਰ ਕਹਿੰਦੀ ਹੁੰਦੀ ਹੈ।

**ਕੀ ਹਨ ਵੱਖ ਵੱਖ ਪਾਰਟੀਆਂ ਦੇ ਵਿਚਾਰ**

ਇਸ ਬਾਰੇ ਵੱਖ-ਵੱਖ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਵਿਚਾਰ ਪ੍ਰਗਟ ਵੀ ਕਰਨੇ ਸ਼ੁਰੂ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਲੋਕਤੰਤਰ ਨੂੰ ਹੋਰ ਸਰਗਰਮੀ ਭਰਪੂਰ ਬਣਾਉਣ ਦੀ ਦਿਸ਼ਾ ਵਿੱਚ ਇਹ ਇੱਕ ਮਹੱਤਵਪੂਰਨ ਕਦਮ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਆਰਥਿਕ ਵਿਕਾਸ ਨੂੰ ਗਤੀ ਦੇਣ ਵਾਲੀ ਮਜ਼ਬੂਤ ਇੱਛਾ-ਸ਼ਕਤੀ ਵਾਲਾ ਫ਼ੈਸਲਾ ਕਿਹਾ ਹੈ।

ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਇਸ ਨੂੰ ਸੰਵਿਧਾਨ ਅਤੇ ਸੰਘਵਾਦ ਦੀ ਭਾਵਨਾ ਦੇ ਖ਼ਿਲਾਫ਼ ਦੱਸਿਆ ਹੈ ਅਤੇ ਇਹ ਵੀ ਕਿਹਾ ਹੈ ਕਿ ਇਹ ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲੀ ਕਾਰਵਾਈ ਹੈ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਇਸ 'ਤੇ ਸਵਾਲ ਉਠਾਏ ਹਨ।

**ਅਕਾਲੀ ਦਲ ਵੀ ਬਾਗੀ ਮੂਡ ਵਿੱਚ**

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਪਹਿਲਾਂ 'ਵਨ ਨੇਸ਼ਨ ਵਨ ਇਲੈਕਸ਼ਨ' ਪ੍ਰਸਤਾਵ ਦਾ ਸਮਰਥਨ ਕੀਤਾ ਸੀ ਪਰ ਕੇਂਦਰੀ ਮੰਤਰੀ ਮੰਡਲ ਵੱਲੋਂ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਰਿਪੋਰਟ ਨੂੰ ਮਨਜ਼ੂਰੀ ਦਿੱਤੇ ਜਾਣ ਤੋਂ ਬਾਅਦ ਅਕਾਲੀ ਲੀਡਰਸ਼ਿਪ ਦੁਚਿੱਤੀ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਬੀਤੇ ਦਿਨੀਂ ਦੱਸਿਆ ਕਿ ਉਹ ਹਾਲਾਤਾਂ ਵਿੱਚ ਤਬਦੀਲੀ ਦੇ ਮੱਦੇਨਜ਼ਰ ਅਤੇ ਤਾਜ਼ਾ ਨਿਰੀਖਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮੁੱਦੇ 'ਤੇ ਪੁਨਰ ਚਰਚਾ ਕਰਨਗੇ। ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਸੀਂ ਇਸ ਮੁੱਦੇ 'ਤੇ ਪਾਰਟੀ ਅੰਦਰ ਅੱਗੇ ਵਿਚਾਰ ਕਰਾਂਗੇ। ਉਨ੍ਹਾਂ ਕਿਹਾ ਕਿ ਅਸੀਂ ਪਾਰਟੀ ਅੰਦਰ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਇਸ ਮੁੱਦੇ 'ਤੇ ਕੋਈ ਸਟੈਂਡ ਤੈਅ ਕਰਾਂਗੇ।

(ਬਾਕੀ ਸਫ਼ਾ 31 'ਤੇ)

# ਪੁਲਾੜ ਵਿੱਚ ਕਿਵੇਂ ਖਾਂਦੇ-ਪੀਂਦੇ ਹਨ ਯਾਤਰੀ ?

**ਚੰਦਰਭੂਸ਼ਣ**

ਸੁਨੀਤਾ ਵਿਲੀਅਮਜ਼ ਦੀ ਪੁਲਾੜ ਯਾਤਰਾ ਨੇ ਭਾਰਤ ਵਿੱਚ ਪੁਲਾੜ ਯਾਤਰੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਅਤੇ ਜੀਵਨ ਸ਼ੈਲੀ ਬਾਰੇ ਉਤਸੁਕਤਾ ਪੈਦਾ ਕੀਤੀ ਹੈ। ਆਉਣ ਵਾਲਾ ਸਮਾਂ ਸਿਰਫ ਲੰਬੀਆਂ ਪੁਲਾੜ ਯਾਤਰਾਵਾਂ ਦਾ ਹੀ ਹੋਣ ਵਾਲਾ ਹੈ। ਮੰਗਲ ਦੀ ਕੋਈ ਵੀ ਯਾਤਰਾ ਡੇਢ ਸਾਲ ਤੋਂ ਘੱਟ ਨਹੀਂ ਚੱਲ ਸਕਦੀ। ਅਜਿਹੀ ਸਥਿਤੀ ਵਿੱਚ, ਸੁਨੀਤਾ ਵਿਲੀਅਮਜ਼ ਦੇ ਇਸ ਗੈਰ-ਯੋਜਨਾਬੱਧ ਤਜ਼ਰਬੇ ਤੋਂ ਹੀ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਲੋਕ ਪੁਲਾੜ ਵਿੱਚ ਕਿਵੇਂ ਰਹਿੰਦੇ ਹਨ ? ਉਹ ਕਿਵੇਂ ਖਾਂਦੇ-ਪੀਂਦੇ ਹਨ ? ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?

**ਜ਼ੀਰੋ ਗਰੈਵਿਟੀ ਦੀਆਂ ਚੁਣੌਤੀਆਂ:** ਮਾਈਕ੍ਰੋਗ੍ਰੈਵਿਟੀ ਵਿੱਚ, ਭਾਵ ਮਾਈਕ੍ਰੋ ਗਰੈਵਿਟੀ ਦਾ ਜ਼ੀਰੋ ਦੇ ਨੇੜੇ ਪਹੁੰਚਣਾ, ਨਾ ਸਿਰਫ਼ ਚੀਜ਼ਾਂ ਦਾ ਵਿਵਹਾਰ, ਸਗੋਂ ਸਰੀਰ ਦੇ ਅੰਦਰੂਨੀ ਕਾਰਜ ਵੀ ਬਦਲਦਾ ਹੈ। ਪੁਲਾੜ ਗੱਡੀ ਵਿੱਚ ਚੀਜ਼ਾਂ ਇੱਕ ਥਾਂ 'ਤੇ ਨਹੀਂ ਰਹਿੰਦੀਆਂ। ਜੇਕਰ ਇਨ੍ਹਾਂ ਨੂੰ ਬੰਨ੍ਹ ਕੇ ਨਾ ਰੱਖਿਆ ਜਾਵੇ ਤਾਂ ਹਲਕੀ ਜਿਹੀ ਛੂਹਣ 'ਤੇ ਹੀ ਇਹ ਹਵਾ ਵਿੱਚ ਤੈਰਨ ਲੱਗ ਪੈਂਦੇ ਹਨ। ਜੇ ਇਹ ਮੇਜ਼ ਤੋਂ ਜਾਂ ਕਿਤੇ ਵੀ ਡਿੱਗਦੇ ਹਨ ਤਾਂ ਹੇਠਾਂ ਨਹੀਂ ਆਉਂਦੇ। ਉਹ ਇਧਰ-ਉਧਰ ਟਕਰਾਉਣ ਲੱਗ ਪੈਂਦੇ ਹਨ ਅਤੇ ਖਤਰੇ ਦਾ ਸਬਕ ਬਣ ਜਾਂਦੇ ਹਨ। ਖਾਣ-ਪੀਣ ਵੇਲੇ ਦੋ ਤਰ੍ਹਾਂ ਦੀਆਂ ਸਾਵਧਾਨੀਆਂ ਵਰਤਣੀਆਂ ਜ਼ਰੂਰੀ ਹਨ। ਇਹ ਜਿੰਨਾ ਸੰਭਵ ਹੋ ਸਕੇ ਹਲਕਾ ਹੋਣਾ ਚਾਹੀਦਾ ਹੈ ਦੂਜਾ, ਉਨ੍ਹਾਂ ਵਿੱਚ ਬੈਕਟੀਰੀਆ, ਵਾਇਰਸ ਜਾਂ ਉੱਲੀ ਨਹੀਂ ਹੋਣੀ ਚਾਹੀਦੀ ਕਿਉਂਕਿ ਜਦੋਂ ਬਹੁਤ ਸਾਰੇ ਲੋਕ ਥੋੜ੍ਹੀ ਜਿਹੀ ਜਗ੍ਹਾ ਵਿੱਚ ਰਹਿੰਦੇ ਹਨ ਤਾਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ।



**ਸਰੀਰ ਦਾ ਵਿਵਹਾਰ:** ਖਾਣ ਨਾਲ ਸਬੰਧਿਤ ਸਰੀਰਕ ਸਮੱਸਿਆਵਾਂ ਵਿੱਚ ਲਾਰ ਗ੍ਰੰਥੀਆਂ, ਸੁਆਦ ਗ੍ਰੰਥੀਆਂ, ਐਲੀਮੈਂਟਰੀ ਕੈਨਾਲ – ਖਾਸ ਤੌਰ 'ਤੇ ਅੰਤੜੀਆਂ – ਅਤੇ ਪਿਸ਼ਾਬ ਪ੍ਰਣਾਲੀ ਦਾ ਵਿਵਹਾਰ ਸ਼ਾਮਲ ਹੁੰਦਾ ਹੈ, ਜੋ ਮਾਈਕ੍ਰੋਗ੍ਰੈਵਿਟੀ ਵਿੱਚ ਵਿਘਨ ਪੈਂਦਾ ਹੈ। ਮਨੁੱਖ ਦਾ ਸਮੁੱਚਾ ਵਿਕਾਸ ਧਰਤੀ 'ਤੇ ਰਹਿੰਦੇ ਹੋਏ ਹੋਇਆ ਹੈ ਅਤੇ ਇਸਦੀ ਦਿਸ਼ਾ ਉਸ ਅਨੁਸਾਰ ਢਲਣ ਦੀ ਰਹੀ ਹੈ। ਅੱਖਾਂ ਵਿੱਚ ਹੰਝੂ ਆਉਣ ਤੱਕ ਭਾਵੇਂ ਅੰਦਰੋਂ ਜਾਂ ਬਾਹਰ, ਉਨ੍ਹਾਂ ਦੀ ਕੁਦਰਤੀ ਹਰਕਤ ਉੱਪਰ ਤੋਂ ਹੇਠਾਂ ਤੱਕ ਜਾਣੀ ਹੈ। ਸਰੀਰ ਦੋ-ਚਾਰ ਦਿਨਾਂ ਲਈ ਇਸ ਪ੍ਰਵਾਹ ਵਿੱਚ ਰੁਕਾਵਟ ਨੂੰ ਬਰਦਾਸ਼ਤ ਕਰਦਾ ਹੈ।

**ਲੋਕ ਆਪਣੇ ਆਪ ਨੂੰ ਬਦਲਦੇ ਹਨ:** ਪਰ ਅਜਿਹੀ ਜਗ੍ਹਾ 'ਤੇ ਮਹੀਨਿਆਂ ਤੱਕ ਰਹਿਣ ਤੋਂ ਬਾਅਦ ਜਿੱਥੇ ਉੱਪਰ ਜਾਂ ਹੇਠਾਂ ਕੁਝ ਨਹੀਂ ਹੁੰਦਾ, ਸਰੀਰ ਦਾ ਅੰਦਰੂਨੀ ਵਿਵਹਾਰ ਬਦਲ ਜਾਂਦਾ ਹੈ। ਜੀਵਨ ਦੀ ਤਾਲ ਇਸ ਹੱਦ ਤੱਕ ਵਿਗੜ ਜਾਣ ਦੇ ਬਾਵਜੂਦ ਮਨੁੱਖ ਨੂੰ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਪੂਰੀ ਸਰੀਰਕ ਅਤੇ ਮਾਨਸਿਕ ਸਮਰੱਥਾ ਨਾਲ ਉਸ ਨੂੰ ਸੌਂਪੇ ਗਏ ਖੋਜ ਕਾਰਜ ਵਿੱਚ ਲੱਗੇ ਰਹਿਣਾ ਚਾਹੀਦਾ ਹੈ। ਧਰਤੀ ਤੋਂ ਸਪਲਾਈ ਦਾ ਪੱਧਰ ਅਤੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਵੀ ਆਪਣੇ ਆਪ ਨੂੰ ਬਹੁਤ ਬਦਲਣਾ ਚਾਹੀਦਾ ਹੈ।



**ਨਾ ਸਵਾਦ, ਨਾ ਗੰਧ:** ਪੁਲਾੜ ਸਟੇਸ਼ਨ 'ਤੇ ਮੌਜੂਦ ਪੁਲਾੜ ਯਾਤਰੀ ਆਪਣੀ ਸਥਿਤੀ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਨੂੰ ਲਗਾਤਾਰ ਜ਼ੁਕਾਮ ਮਹਿਸੂਸ ਹੁੰਦਾ ਹੈ। ਅਸਲ ਜ਼ੁਕਾਮ ਨਹੀਂ ਹੈ, ਕਿਉਂਕਿ ਲੋਕ ਇਹ ਯਕੀਨੀ ਬਣਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਦੇ ਹਨ ਕਿ ਠੰਡੇ ਵਾਇਰਸ ਸਪੇਸ ਸਟੇਸ਼ਨ ਤੱਕ ਨਾ ਪਹੁੰਚੇ। ਜਿਵੇਂ ਠੰਢ ਵਿੱਚ ਜੀਭ ਦਾ ਸੁਆਦ ਗਾਇਬ ਹੋ ਜਾਂਦਾ ਹੈ।

**ਮਾਈਕ੍ਰੋਗ੍ਰੈਵਿਟੀ ਦਾ ਪ੍ਰਭਾਵ:** ਕਿਸੇ ਵੀ ਚੀਜ਼ ਵਿੱਚ ਬਦਬੂ ਨਹੀਂ ਆਉਂਦੀ, ਅੱਖਾਂ, ਮੂੰਹ, ਕੰਨ, ਨੱਕ ਵਿੱਚ ਹਰ ਪਾਸੇ ਅੰਦਰੋਂ ਸੋਜ ਹੁੰਦੀ ਹੈ, ਮਾਈਕ੍ਰੋਗ੍ਰੈਵਿਟੀ ਵਿੱਚ ਰਹਿੰਦੇ ਹੋਏ ਵੀ ਅਜਿਹਾ ਹੀ ਅਹਿਸਾਸ ਹੁੰਦਾ ਹੈ। ਇਸ ਸਮੱਸਿਆ ਨੂੰ ਇੱਕ ਪਾਸੇ ਛੱਡ ਕੇ ਭੁੱਖ ਲੱਗਣੀ ਅਤੇ ਵਾਸ਼ਰੂਮ ਜਾਣ ਦੀ ਇੱਛਾ ਹੋਣੀ ਬਿਲਕੁਲ ਧਰਤੀ ਵਰਗੀ ਹੈ। ਸਪੇਸ ਸਟੇਸ਼ਨ 'ਤੇ ਕਈ ਮਹੀਨੇ ਬਿਤਾਉਣ ਦੇ ਬਾਵਜੂਦ, ਮਾਈਕ੍ਰੋਗ੍ਰੈਵਿਟੀ ਦਾ ਇਨ੍ਹਾਂ ਬੁਨਿਆਦੀ ਚੀਜ਼ਾਂ 'ਤੇ ਬਹੁਤਾ ਪ੍ਰਭਾਵ ਨਹੀਂ ਪੈਂਦਾ।



**ਫ੍ਰੀਜ਼-ਡ੍ਰਾਈਡ ਫੂਡ:** ਦੁਨੀਆਂ ਦੇ ਪਹਿਲੇ ਪੁਲਾੜ ਯਾਤਰੀ ਰੂਸ ਦੇ ਯੂਰੀ ਗਾਗਰਿਨ ਨੇ ਪੁਲਾੜ ਵਿੱਚ ਸਿਰਫ 1 ਘੰਟਾ 48 ਮਿੰਟ ਬਿਤਾਏ, ਪਰ ਉੱਥੇ ਰਹਿੰਦਿਆਂ ਉਸ ਨੇ ਤਿੰਨ ਐਲੂਮੀਨੀਅਮ ਟਿਊਬਾਂ ਤੋਂ ਭੋਜਨ ਖਾਧਾ। ਜਿਵੇਂ-ਜਿਵੇਂ ਪੁਲਾੜ ਯਾਤਰਾ ਦਾ ਸਮਾਂ ਵਧਦਾ ਗਿਆ, ਟਿਊਬ ਤੋਂ ਇਲਾਵਾ, ਉਹ ਫ੍ਰੀਜ਼-ਸੁੱਕੇ ਭੋਜਨ ਦੇ ਟੁਕੜੇ ਲੈ ਜਾਂਦੇ ਸਨ। ਕਿਸੇ ਚੀਜ਼ ਨੂੰ ਫ੍ਰੀਜ਼-ਸੁਕਾਉਣ ਦੀ ਚਾਲ ਇਹ ਹੈ ਕਿ ਇਸ ਨੂੰ 40 ਡਿਗਰੀ ਤੱਕ ਠੰਡਾ ਕਰੋ, ਫਿਰ ਸਾਰਾ ਪਾਣੀ ਕੱਢਣ ਲਈ ਇਸਨੂੰ ਵੈਕਿਊਮ ਚੈਂਬਰ ਵਿੱਚ ਗਰਮ ਕਰੋ। ਇਹ ਭੋਜਨ ਨੂੰ ਬਹੁਤ ਨਰਮ ਬਣਾਉਂਦਾ ਹੈ, ਬੈਕਟੀਰੀਆ ਨੂੰ ਮਾਰਦਾ ਹੈ ਅਤੇ ਸਵਾਦ ਜਾਂ ਪੋਸ਼ਣ ਵਿੱਚ ਬਹੁਤ ਜ਼ਿਆਦਾ ਫਰਕ ਨਹੀਂ ਪੈਂਦਾ। ਖਾਣਾ ਖਾਣ ਤੋਂ ਪਹਿਲਾਂ, ਉਨ੍ਹਾਂ ਨੂੰ ਗਰਮ ਪਾਣੀ ਜਾਂ ਭਾਫ਼ ਨਾਲ ਹਾਈਡਰੇਟ ਕਰਨਾ ਪੈਂਦਾ ਹੈ। ਪਹਿਲਾਂ ਗਰਮ ਪਾਣੀ ਨਹੀਂ ਮਿਲਦਾ ਸੀ ਪਰ ਹੁਣ ਇਹ ਸਮੱਸਿਆ ਨਹੀਂ ਹੈ। ਜਿੱਥੋਂ ਤੱਕ ਪੀਣ ਵਾਲੇ ਪਦਾਰਥਾਂ ਦਾ ਸਬੰਧ ਹੈ, ਉਹ ਪਾਊਡਰ ਦੇ ਰੂਪ ਵਿੱਚ ਹੁੰਦੇ ਹਨ ਅਤੇ ਪਾਣੀ ਵਿੱਚ ਮਿਲਾ ਕੇ ਪੀਣ ਯੋਗ ਬਣਾਏ ਜਾਂਦੇ ਹਨ।

**ਪੁਲਾੜ ਭੋਜਨ ਪ੍ਰਯੋਗਸ਼ਾਲਾਵਾਂ:** ਹਰ ਦੇਸ਼ ਜੋ ਮਨੁੱਖੀ ਪੁਲਾੜ ਯਾਤਰਾ ਦੀ ਇੱਛਾ ਰੱਖਦਾ ਹੈ, ਉੱਥੇ ਭੋਜਨ ਪ੍ਰਯੋਗਸ਼ਾਲਾਵਾਂ ਹਨ ਜਿੱਥੇ ਪੁਲਾੜ ਯਾਤਰੀਆਂ ਦੇ ਮੀਨੂ ਵਿੱਚ ਨਵੇਂ, ਸਵਾਦ ਅਤੇ ਪੌਸ਼ਟਿਕ ਭੋਜਨ ਜਾਂ ਪੀਣ ਵਾਲੇ ਪਦਾਰਥਾਂ ਨੂੰ ਕਿਵੇਂ ਸ਼ਾਮਲ ਕਰਨਾ ਹੈ, ਇਸ ਬਾਰੇ ਕੰਮ ਜਾਰੀ ਹੈ। ਭਾਰਤ ਵਿੱਚ ਵੀ ਗਗਨਯਾਨ ਨਾਲ ਜੁੜੀਆਂ ਤਿਆਰੀਆਂ ਦਾ ਇਹ ਇੱਕ ਅਹਿਮ ਪਹਿਲੂ ਹੈ।

**ਹੇਠਲੇ ਸਰੀਰ ਦੀ ਕਸਰਤ:** ਕੁਝ ਚਰਚਾ ਕਸਰਤ ਅਤੇ ਸਪੇਸ ਵਿੱਚ ਨਿਕਾਸੀ ਨਾਲ ਸਬੰਧਿਤ ਤਕਨੀਕਾਂ 'ਤੇ ਵੀ ਹੋਣੀ ਚਾਹੀਦੀ ਹੈ। ਹੱਡੀਆਂ ਦੇ ਕਮਜ਼ੋਰ ਹੋਣ ਅਤੇ ਪੁਲਾੜ ਸਟੇਸ਼ਨ 'ਤੇ ਜ਼ਰੂਰੀ ਕੰਮ ਕਰਨ ਦੇ ਅਯੋਗ ਹੋਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਲਈ, ਹਰੇਕ ਪੁਲਾੜ ਯਾਤਰੀ ਨੂੰ ਆਪਣੇ ਰੋਜ਼ਾਨਾ ਅਨੁਸ਼ਾਸਨ ਵਿੱਚ ਉਪਰਲੇ ਅਤੇ ਖਾਸ ਕਰਕੇ ਹੇਠਲੇ ਸਰੀਰ ਦੇ ਅਭਿਆਸਾਂ ਦਾ ਨਿਯਮਤ ਪ੍ਰੋਗਰਾਮ ਸ਼ਾਮਲ ਕਰਨਾ ਹੁੰਦਾ ਹੈ। ਨਿਕਾਸੀ ਤਕਨਾਲੋਜੀ ਹੌਲੀ-ਹੌਲੀ ਸੰਪੂਰਨਤਾ 'ਤੇ ਪਹੁੰਚ ਗਈ ਹੈ, ਪਰ ਪੁਲਾੜ ਸਟੇਸ਼ਨ ਵਿੱਚ ਗੰਦਗੀ ਦੇ ਫੈਲ ਜਾਣ ਵਾਲੇ ਛੋਟੇ ਹਾਦਸੇ ਅਜੇ ਵੀ ਕਦੇ-ਕਦਾਈਂ ਵਾਪਰਦੇ ਹਨ।



# ਸੋਹਜ-ਸੁਆਦ ਤੋਂ ਦੂਰ ਹੁੰਦੇ ਗਏ ਪੰਜਾਬੀ, ਲੱਚਰਤਾ ਨੇ ਨਿਭਾਇਆ ਨਾਂਹ-ਪੱਖੀ ਰੋਲ

ਜਗਜੀਤ ਸਿੰਘ ਲੋਹਟਬਦੀ

ਗੁਰਬਾਣੀ ਦਾ ਚਾਨਣ ਸਾਡਾ ਰਾਹ ਰੁਸ਼ਨਾਉਂਦੈ। ਜੁਗੋ ਜੁਗ ਅਟੱਲ ਸੱਚਾਈ ਐ। ਪੰਜਵੇਂ ਗੁਰੂ ਦਾ ਰਾਗ ਆਸਾ ਵਿੱਚ ਫੁਰਮਾਨ ਇਸੇ ਲੜੀ ਦਾ ਇੱਕ ਮਣਕਾ ਹੈ। ਮਨੁੱਖੀ ਮਨ ਚੰਚਲ ਐ...ਟਿਕਾਊ ਨਹੀਂ। ਭਟਕਣਾ ਦਾ ਸ਼ਿਕਾਰ ਐ...ਭਰੋਸਾ ਪਲ ਦਾ ਨਹੀਂ ਕਰਦਾ। ਦੇਖਦਾ ਅੰਬਰਾਂ ਵੱਲ ਐ, ਪਰ ਪੈਰ ਪਤਾਲ ਨੇ ਜਕੜੇ ਹੋਏ ਨੇ। ਮਾਇਆ ਦੇ ਮੋਹ ਨੇ ਮਕੜਜਾਲ 'ਚ ਉਲਝਾਇਆ ਹੋਇਐ। ਰਾਤੋ ਰਾਤ ਅਮੀਰਜ਼ਾਦਿਆਂ ਦੀ ਸ਼੍ਰੇਣੀ 'ਚ ਸ਼ਮੂਲੀਅਤ ਕਰਨੀ ਲੋਚਦੈ। ਪ੍ਰਕਿਰਤੀ ਦੀ ਗੁਰੂਤਾ ਤੋਂ ਦੂਰ ਹੋਈ ਜਾਂਦੈ। ਅੰਮ੍ਰਿਤ ਵੇਲੇ ਦੀ ਸੂਰਜ ਦੀ ਲਾਲੀ ਨਾਲੋਂ ਚਿਮਨੀਆਂ ਵਿਚੋਂ ਨਿਕਲਦਾ ਕਾਲਾ ਧੂੰਆਂ ਆਕਰਸ਼ਿਤ ਕਰਦੈ। ਉਸ ਨੂੰ ਤਰੱਕੀ ਮੰਨੀ ਬੈਠੈ। ਹਜ਼ਾਰਾਂ ਉਲਝਣਾਂ ਵਿੱਚ ਜਕੜਿਆ ਹੋਇਐ, ਪਰ ਫਿਰ ਵੀ ਅੰਤਰ-ਆਤਮਾ ਤੋਂ ਉਲਟ ਉਡਾਰੀਆਂ ਮਾਰਦੈ। ਨਿਰਮਲ ਜਲ ਦੀ ਖੇਲ ਨੂੰ ਗੰਧਲਾ ਪਾਣੀ ਦੱਸਦੈ। ਸੁਮੱਤ ਦਾ ਸਾਥ ਛੁੱਟਦਾ ਜਾਂਦੈ ਤੇ ਕੁਮੱਤ ਆਪਣੀ ਚਕਾਚੌਂਧ ਨਾਲ ਮੰਤਰਮੁਗਧ ਕਰੀ ਜਾਂਦੀ ਐ। ਰਾਤ ਦੇ ਹਨੇਰੇ ਵਿੱਚ ਜਗਦੇ ਬੁਝਦੇ ਲਾਟੂ ਕਿਸੇ ਸੁਪਨਮਈ ਸੰਸਾਰ ਦੀ ਸਿਰਜਣਾ ਕਰਦੇ ਜਾਪਦੇ ਨੇ। ਕਲਪਨਾ ਉੱਧਰ ਲੈ ਤੁਰਦੀ ਐ, ਜਿੱਧਰ ਚਮਕਦੀਆਂ ਰੌਸ਼ਨੀਆਂ ਅੱਖਾਂ ਚੁੰਧਿਆ ਦਿੰਦੀਆਂ ਨੇ। ਰਾਹਵਾਂ ਦੀ ਤਿਲਕਣਬਾਜ਼ੀ ਪੈਰ ਨੀਂ ਲੱਗਣ ਦਿੰਦੀ...ਪਰ ਦੁਨੀਆ ਮਸਤ ਐ!

ਧਾਰਮਿਕ ਅਕੀਦਾ ਛੁਟਦਾ-ਛੁਟਦਾ ਪਿੱਛੇ ਰਹਿ ਗਿਐ। ਪਹੁ ਫੁਟਾਲੇ ਗੁਰੂ ਘਰਾਂ ਤੋਂ ਆਉਂਦੀਆਂ ਧੁਨੀਆਂ ਕੰਨਾਂ ਨੂੰ ਪੋਹਦੀਆਂ ਨਹੀਂ ਕਿਉਂਕਿ ਮਨ ਕੰਨ ਪਾੜਵੀਆਂ ਆਵਾਜ਼ਾਂ ਦਾ ਆਦੀ ਹੋ ਚੁੱਕਿਐ। ਕਹਿੰਦੇ ਨੇ, ਇਬਾਦਤ ਸਬਰ ਬਖ਼ਸ਼ਦੀ ਐ ਤੇ ਆਕਰਸ਼ਣ ਤ੍ਰਿਸ਼ਨਾ। ਮਨ ਦੀ ਚੰਚਲਤਾ ਦਾ ਥਾਹ ਨਹੀਂ ਪਾਇਆ ਕਿਸੇ ਨੇ। ਕਈ ਵਾਰੀ ਪੱਥਰਾਂ 'ਚੋਂ ਰੱਬ ਲੱਭਣ ਤੁਰ ਪੈਂਦੈ ਤੇ ਭਾਲ ਵੀ ਲੈਂਦੈ। ਅਗਲੀ ਵਾਰੀ ਉਹੀ ਪੱਥਰ ਪੈਰ ਦਾ ਰੋੜਾ ਬਣ ਜਾਂਦੈ ਤੇ ਬੰਦਾ ਮੂਧੇ ਮੂੰਹ ਡਿੱਗ ਪੈਂਦਾ। ਫਰਕ ਸਿਰਫ਼ ਸੋਚ ਦਾ ਹੁੰਦੈ। ਹਜ਼ਾਰਾਂ ਟਨ ਭਾਰਾ ਜਹਾਜ਼ ਲੱਕੜੀ ਦੇ ਸਿਰ ਪਾਣੀ ਉੱਤੇ ਤੈਰਦਾ ਰਹਿੰਦੈ, ਪਰ ਇੱਕ ਨਿੱਕੀ ਜਿਹੀ ਸੂਈ ਡੂੰਘੇ ਸਮੁੰਦਰ ਵਿਚ ਡੁੱਬ ਜਾਂਦੀ ਐ। ਜ਼ਿੰਦਗੀ ਦਾ ਕੋਈ ਵੀ ਪੱਖ ਲੈ ਲਵੋ, ਬੁਰਾਈ ਇੱਕ ਮਿਕਨਾਤੀਸੀ ਖਿੱਚ ਰੱਖਦੀ ਐ। ਨਿਰੀ ਅਸਮਾਨੀ ਬਿਜਲੀ ਐ। ਪਲਾਂ ਛਿਣਾਂ ਵਿਚ ਚਾਨਣ ਦੀ ਲੀਕ ਜਿਹੀ ਖਿੱਚ ਕੇ ਹਨੇਰੇ ਖੂਹ ਵੱਲ ਲੈ ਜਾਂਦੀ ਐ। ਸਹੂਲਤਾਂ ਦਾ ਭੰਡਾਰ ਆ, ਪਰ ਮਨ ਉਦਾਸ...ਖਾਲੀ ਖਲਾਅ। ਯੁਗ ਬਦਲ ਗਿਆ...ਸਤਿਜੁਗ ਤੋਂ ਕਲਜੁਗ ਵਿੱਚ ਤਬਦੀਲ ਹੋ ਗਿਐ। ਅੰਗੂਠਾ ਮਾਲਾ ਤੋਂ ਮੋਬਾਈਲ 'ਤੇ ਆ ਖਿਸਕਿਐ!




ਸਮੇਂ ਦੀ ਚਾਲ ਨਾਲ ਜ਼ਮਾਨੇ ਨੇ ਰੰਗ ਬਦਲਿਐ। ਦੇਖਣ, ਸੁਣਨ, ਪੜ੍ਹਨ, ਵਿਚਰਨ ਵਿੱਚ ਅਚੰਭਾ ਵਾਪਰਿਐ। ਧਾਰਮਿਕ ਵਾਰਾਂ, ਗੀਤ ਵਿਰਸੇ ਨੂੰ ਨਿਹਾਰਦੇ ਸਨ। ਢਾਡੀ, ਕਵੀਸ਼ਰ, ਰਾਗੀ ਗੁਰਬਾਣੀ ਦੀ ਵਿਆਖਿਆ ਕਰ ਜਨ-ਜੀਵਨ ਵਿੱਚ ਅਧਿਆਤਮਿਕਤਾ ਦੇ ਨਾਲ-ਨਾਲ ਬੀਰ ਰਸ ਭਰਦੇ ਸਨ। ਆਗਾਜ਼ ਖ਼ੁਦਾ ਦੀ ਰਹਿਮਤ ਨਾਲ ਹੁੰਦਾ ਸੀ। 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਆ' ਦੇ ਨਾਲ ਹੀ ਖ਼ੁਸ਼ੀਆਂ ਦੀ ਰੰਗੋਲੀ ਪ੍ਰਗਟ ਹੋ ਜਾਂਦੀ ਸੀ। ਗੀਤਾਂ ਵਿੱਚ ਪੜ੍ਹਾਈ ਲਿਖਾਈ ਅਤੇ ਹਾਂ-ਵਾਚਕ ਨਜ਼ਰੀਆ ਝਲਕਦਾ ਸੀ। ਕਰਵਟਾਂ ਲੈਂਦੇ ਪੰਜਾਬ ਦੀ ਦ੍ਰਿਸ਼ਟੀ ਵਿੱਦਿਆ ਦੇ ਮੰਦਰਾਂ ਦੀ ਥਾਹ ਪਾਉਣ ਨੂੰ ਉਤਾਵਲੀ ਸੀ:

ਊੜਾ ਐੜਾ ਈੜੀ ਸੱਸਾ, ਊੜਾ ਐੜਾ ਵੇ
ਮੈਨੂੰ ਜਾਣ ਦੇ ਸਕੂਲੇ, ਇੱਕ ਵਾਰ ਹਾੜਾ ਵੇ।

ਪੰਜਾਬੀਆਂ ਦਾ ਵਿਰਸਾ ਪੂਰੀ ਟੌਹਰ ਬਣਾਈ ਰੱਖਦਾ ਹੈ:

ਮੱਖਣਾਂ ਦੇ ਪੇੜੇ ਤੇ ਮਲਾਈਆਂ ਖਾਣ ਨੂੰ
ਡੋਲੀਆਂ ਤੇ ਰਥ ਤੇਰੇ ਸਹੁਰੇ ਜਾਣ ਨੂੰ
ਰੇਲਾਂ ਤੇ ਹਮੇਲਾਂ ਪਰੀਬੰਦ ਪਾਉਣ ਨੂੰ
ਵੀਰਾਂ ਦੀਆਂ ਘੋੜੀਆਂ ਤੇ ਗੀਤ ਗਾਉਣ ਨੂੰ।

ਸ਼ਬਦ ਨੱਚਦੇ ਲੱਗਦੇ ਸਨ। ਖੱਬਾ ਹੱਥ ਮੱਲੋ-ਮੱਲੀ ਕੰਨ 'ਤੇ ਅਤੇ ਸੱਜਾ ਹਵਾ ਵਿਚ ਲਹਿਰਾ ਜਾਂਦਾ ਸੀ:

ਹੋਇਆ ਕੀ ਜੇ ਕੁੜੀ ਐਂ ਤੂੰ ਦਿੱਲੀ ਸ਼ਹਿਰ ਦੀ
ਮੈਂ ਵੀ ਜੱਟ ਲੁਧਿਆਣੇ ਦਾ।

ਮਾਵੇ ਵਾਲੀ ਪੱਗ ਦਾ ਟੌਰਾ ਹੋਰ ਉੱਚਾ ਹੋ ਜਾਂਦਾ ਸੀ। ਗੀਤਾਂ ਵਿੱਚ ਰਿਸ਼ਤਿਆਂ ਦੀ ਪਵਿੱਤਰਤਾ ਅੱਗੇ ਹੱਥ ਜੁੜ ਜਾਂਦੇ ਸਨ:

ਮਾਂ ਹੁੰਦੀ ਏ ਮਾਂ, ਓਏ ਦੁਨੀਆ ਵਾਲਿਓ

ਦੇਵ ਥਰੀਕੇ ਵਾਲੇ ਨੇ ਇਹ ਗੀਤ ਮਾਣਕ ਦੀ ਮਾਂ ਦੇ ਮਰਨ 'ਤੇ ਲਿਖਿਆ ਸੀ, ਪਰ ਦੁਨੀਆਂ ਭਰ ਦੀਆਂ ਮਾਵਾਂ ਨੂੰ ਸਮਰਪਿਤ ਸੀ। ਲਫ਼ਜ਼ਾਂ ਦੇ ਮਾਅਨੇ ਪਾਕ ਪਵਿੱਤਰ ਤਸਵੀਰ ਸਾਹਵੇਂ ਲਿਆ ਧਰਦੇ ਸਨ:

ਹੋਇਆ ਕੀ ਜੇ ਧੀ ਜੰਮ ਪਈ,
ਕੁੱਖ ਤਾਂ ਸੁਲੱਖਣੀ ਹੋਈ।

ਕਿੱਸੇ ਹੀਰ-ਰਾਂਝਾ, ਸੱਸੀ-ਪੁੰਨੂੰ, ਦੁੱਲਾ ਭੱਟੀ, ਪੂਰਨ ਭਗਤ, ਰਾਜਾ ਰਸਾਲੂ, ਸੁੱਚਾ ਸੂਰਮਾ, ਜਿਉਣਾ ਮੌੜ ਇਤਿਹਾਸ ਨੂੰ ਪ੍ਰਤੱਖ ਰੂਪਮਾਨ ਕਰ ਦਿੰਦੇ ਸਨ। ਗੋਰਖ ਦੇ ਟਿੱਲੇ ਤੋਂ ਹੀਰ ਦੇ ਸਾਕਸ਼ਾਤ ਦਰਸ਼ਨ ਇਨ੍ਹਾਂ ਬੋਲਾਂ ਰਾਹੀਂ ਹੋ ਜਾਂਦੇ ਸਨ:

ਟਿੱਲੇ ਵਾਲਿਆ ਮਿਲਾਦੇ ਜੱਟੀ ਹੀਰ ਨੂੰ
ਤੇਰਾ ਕਿਹੜਾ ਮੁੱਲ ਲੱਗਦਾ...

ਚੰਗੇ ਗੀਤ ਸੁਹਜ ਦੀ ਤਰਜਮਾਨੀ ਕਰਦੇ ਹਨ। ਨਰਿੰਦਰ ਬੀਬਾ ਦਾ ਗਾਇਆ 'ਰਣ ਗਗਨ ਦਮਾਮਾ ਵੱਜਿਆ ਸਿੰਘੋ ਸਰਦਾਰੋ, ਅੱਜ ਵੈਰੀ ਚੜ੍ਹ ਕੇ ਆ ਗਿਆ, ਤੁਸੀਂ ਜਾ ਲਲਕਾਰੋ' ਨੌਜਵਾਨਾਂ ਨੂੰ ਜੋਸ਼ ਨਾਲ ਭਰ ਦਿੰਦਾ ਸੀ।

ਪੰਜਾਬੀ ਗੀਤਾਂ ਦੀ ਠੇਠ ਪੇਂਡੂ ਸ਼ਬਦਾਵਲੀ ਲੋਕ ਮਨਾਂ ਵਿੱਚ ਘਰ ਕਰ ਜਾਂਦੀ ਸੀ। ਬਹੁਤਾਤ ਚੰਗਾ ਲਿਖਣ ਤੇ ਗਾਉਣ ਵਾਲਿਆਂ ਦੀ ਹੁੰਦੀ ਸੀ। ਰੁਮਾਂਸਵਾਦ ਹੁੰਦਾ ਵੀ ਜ਼ਰੂਰ ਸੀ ਤੇ ਚਿਹਰਿਆਂ 'ਤੇ ਗੁਲਾਬੀ ਭਾਅ ਵੀ ਮਾਰਨ ਲਾ ਦਿੰਦਾ ਸੀ, ਪਰ ਸੀ ਲੱਚਰਤਾ ਤੋਂ ਕੋਹਾਂ ਦੂਰ। ਗਾਇਕ ਹਿੱਕ ਦੇ ਜ਼ੋਰ ਨਾਲ ਗਾਉਂਦੇ ਸਨ ਅਤੇ ਰੂਹ ਵਿੱਚ ਉਤਰ ਜਾਂਦੇ ਸਨ। ਗੀਤਕਾਰ ਵੀ ਅਸ਼ਲੀਲਤਾ ਪਰੋਸਣ ਦਾ ਹੀਆ ਨਹੀਂ ਸੀ ਕਰਦੇ ਮਤੇ ਲੋਕ ਕਚਹਿਰੀ ਵਿੱਚ ਸ਼ਰਮਿੰਦਾ ਹੋਣਾ ਪਵੇ। ਚੰਗਾ ਮਾੜਾ ਨਾਲ ਨਾਲ ਚੱਲਦੈ। ਅੱਜ ਵੀ ਹੀਰਿਆਂ ਦੀ ਕਦਰ ਪੈਂਦੀ ਆ। ਯਮਲਾ ਜੱਟ, ਗੁਰਮੀਤ ਬਾਵਾ, ਵਡਾਲੀ ਭਰਾ, ਹਾਕਮ ਸੂਫ਼ੀ ਵਰਗਿਆਂ ਦੇ ਕਲਾਮਾਂ ਨੂੰ ਸਲੂਟ ਵੱਜਦੇ ਨੇ। ਪਾਰਖੂ ਅਜੇ ਵੀ ਮੌਜੂਦ ਨੇ:



ਮੈਂ ਗੁਰਮੁਖੀ ਦਾ ਬੇਟਾ,
ਮੈਨੂੰ ਤੋਰਦੇ ਨੇ ਅੱਖਰ
ਮਾਂ ਖੇਲਣੇ ਨੂੰ ਦਿੱਤੇ,
ਬੜੀ ਲੋਰ ਦੇ ਨੇ ਅੱਖਰ (ਸਰਤਾਜ)

ਇਹ ਨਹੀਂ ਕਿ ਪੁਰਾਣੇ ਸਮੇਂ ਗੀਤਕਾਰੀ ਮਿਆਰ ਤੋਂ ਨੀਵੀਂ ਨਹੀਂ ਸੀ। ਕਦੇ ਕੋਈ ਟਾਵਾਂ ਟੱਲਾ ਗੀਤ ਸ਼ਰਮ ਦਾ ਸਬੱਬ ਬਣਦਾ ਸੀ। 'ਬਾਬੇ ਬਖਤੌਰੇ ਦੀ ਗੋਲ ਮਸ਼ਕਰੀ' ਜਾਂ 'ਔਹ ਦੇਖੋ, ਔਹ ਦੇਖੋ, ਸੜਕਾਂ 'ਤੇ ਅੱਗ ਤੁਰੀ ਜਾਂਦੀ ਆ' ਵਰਗੇ ਬੋਲ ਦੁੱਧ ਵਿੱਚ ਕਾਂਜੀ ਘੋਲ ਦਿੰਦੇ ਸਨ। ਰਿਸ਼ਤਿਆਂ ਦੀ ਪਾਕੀਜ਼ਗੀ ਭੰਗ ਕਰਨ ਦੀ ਕੋਈ ਕਸਰ ਨਹੀਂ ਸੀ ਛੱਡਦੇ। ਪਰ ਫੇਰ ਵੀ ਅੱਜ ਵਰਗਾ ਸ਼ੋਰ ਸ਼ਰਾਬਾ ਅਜੇ ਹੋਂਦ ਵਿੱਚ ਨਹੀਂ ਸੀ ਆਇਆ। ਹਥਿਆਰਾਂ, ਨਸ਼ਿਆਂ, ਫੁਕਰਪੁਣੇ ਦਾ ਰਿਵਾਜ ਨਹੀਂ ਸੀ। ਗਾਇਕੀ ਸ਼ੂਕਦੇ ਦਰਿਆ ਵਰਗੀ ਹੁੰਦੀ ਸੀ। ਮਨੁੱਖੀ ਮਨ ਦੀ ਇਹ ਕਮਜ਼ੋਰੀ ਐ ਕਿ ਉਹ ਅਸੱਭਿਆ ਤੇ ਅਸ਼ਲੀਲਤਾ ਵੱਲ ਜਲਦੀ ਉਲਾਰ ਹੋ ਜਾਂਦੈ। ਇਹੀ ਕਾਰਨ ਐ ਕਿ ਬੇਹੂਦਾ ਬੋਲ ਤੇ ਸੁਰਾਂ ਜਲਦੀ ਜ਼ੁਬਾਨ 'ਤੇ ਚੜ੍ਹ ਜਾਂਦੀਆਂ ਹਨ। ਸੱਭਿਆਚਾਰ ਅਤੇ ਵਿਰਸੇ ਤੋਂ ਦੂਰ ਇਹ ਲਿਖਤਾਂ ਮਨਾਂ ਨੂੰ ਵਿਸ਼ੈਲਾ ਕਰ ਦਿੰਦੀਆਂ ਨੇ।

'ਪੌਪ' ਮਿਊਜ਼ਿਕ ਨੇ ਪੰਜਾਬ ਨੂੰ ਪਾਪ ਦੇ ਕੰਢੇ ਲਿਆ ਖੜ੍ਹਾ ਕੀਤੈ। ਬਿਨਾਂ ਸਿਰ ਪੈਰ ਦੇ 'ਰੈਪ' ਦਾ ਸੁਰ ਤੇ ਤਾਲ ਨਾਲ ਕੋਈ ਮੇਲ ਨਹੀਂ। 'ਵਾਹ ਵਾਹ' ਦੀ ਜਗ੍ਹਾ 'ਵਿਊਜ਼' ਨੇ ਲੈ ਲਈ ਆ। ਅਜੀਬੋ-ਗ਼ਰੀਬ ਹਰਕਤਾਂ ਕਰਦੇ ਇਹ ਅਖੌਤੀ ਗਾਇਕ ਕੋਰੇ ਮਨਾਂ 'ਤੇ ਡੂੰਘੀ ਸੱਟ ਮਾਰਦੇ ਨੇ। ਚੰਦ ਕੁ ਸਿੱਕਿਆਂ ਦੀ ਟੁਣਕਾਰ ਨੇ ਸਮਾਜ ਨੂੰ ਗੰਧਲਾ ਕਰ ਛੱਡਿਐ। ਇੱਕ ਨਾਮੀ ਗਾਇਕ ਦਾ ਗਾਇਆ 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਲੱਚਰਤਾ ਦੀ ਨਿਵਾਣ ਸੀ ਜਿੱਥੇ ਆਮ ਸਰੋਤੇ ਦੇ ਮੂੰਹੋਂ ਨਿਕਲਦਾ ਸੀ ਕਿ ਇਹ ਗੀਤ ਸੁਣਨ ਨਾਲੋਂ 'ਦੇਖਣਯੋਗ' ਵੱਧ ਐ। ਸਮਾਜ ਨੂੰ ਕੀ ਪਰੋਸਿਆ ਜਾ ਰਿਹੈ? ਅੱਖ ਨੀਵੀਂ ਹੋ ਜਾਂਦੀ ਐ:

'ਪਊਏ ਜਿੰਨੇ ਕੱਦ ਵਾਲੀਏ, ਭਾਲਦੀ ਏਂ ਦੇਸੀ ਦਾ ਡਰੰਮ ਨੀ...'

'ਸਾਰਾ ਪਿੰਡ ਤੇਰਾ ਗੈਂਗਲੈਂਡ ਬਣਿਆ...'

'ਅਠਾਰ੍ਹਵੇਂ 'ਚ ਮੁੰਡਾ ਬਦਨਾਮ ਹੋ ਗਿਆ...'

'ਲੱਕ ਟਵੰਟੀ ਏਟ ਕੁੜੀ ਦਾ...' ਆਪਣੇ ਸਮੇਂ ਦੇ ਹਿੱਟ ਗੀਤ ਰਹੇ ਨੇ। ਪਰ ਕੀ ਸੁਨੇਹਾ ਦੇ ਰਹੇ ਹਨ ਆਉਣ ਵਾਲੀਆਂ ਪੀੜ੍ਹੀਆਂ ਨੂੰ? ਗੁੰਡਾਗਰਦੀ, ਜੱਟਪੁਣੇ ਦਾ ਨੰਗਾ ਨਾਚ ਸਜਾ ਕੇ ਕੀ ਅਸੀਂ ਅਸਲੀਅਤ ਤੋਂ ਦੂਰ ਨਹੀਂ ਜਾ ਰਹੇ? ਭਾਈਚਾਰਕ ਸਾਂਝਾਂ ਤਿੜਕ ਰਹੀਆਂ ਨੇ। ਜੱਟ ਕਰਜ਼ਿਆਂ ਥੱਲੇ ਦੱਬਿਆ ਖ਼ੁਦਕੁਸ਼ੀਆਂ ਕਰ ਰਿਹੈ। ਮਾਪੇ ਨਸ਼ਿਆਂ ਦੀ ਦਲਦਲ ਵਿਚੋਂ ਬਚਾਉਣ ਲਈ ਅਣਭੋਲ ਰੂਹਾਂ ਨੂੰ ਬਿਗਾਨੀਆਂ ਧਰਤੀਆਂ ਵੱਲ ਧੱਕ ਰਹੇ ਨੇ। ਚਾਵਾਂ ਨਾਲ ਬਣਾਏ ਬੰਗਲੇ ਭੂਤਵਾੜੇ ਬਣ ਰਹੇ ਨੇ! ਕਹਿੰਦੇ ਨੇ ਮੂਰਖਾਂ ਦੀ ਬਾਰਾਤ ਨਾਲੋਂ ਸਿਆਣਿਆਂ ਦੀ ਮਕਾਣ ਚੰਗੀ ਹੁੰਦੀ ਐ।

ਧਰਮ ਕੀ ਸਿਖਾਉਂਦੈ? ਧਰਮ ਸੰਸਦਾਂ ਵਿੱਚ ਵਿਰੋਧੀਆਂ ਦੇ ਕਤਲੇਆਮ ਦੇ ਫੁੰਕਾਰੇ ਮਾਰੇ ਜਾਂਦੇ ਨੇ। ਅਖੌਤੀ ਸਵਾਮੀ, ਸਾਧਵੀਆਂ, ਮਹੰਤ 'ਗੰਧਣ ਵੈਣ' ਦੇ ਦੂਤ ਬਣੇ ਬੈਠੇ ਨੇ। ਗਾਂਧੀ ਨਾਲੋਂ ਗੋਡਸੇ ਦੀ ਮਾਨਤਾ ਵਧਣ ਲੱਗੀ ਆ। ਚੰਗਾ ਸਾਹਿਤ, ਚੰਗੀਆਂ ਫਿਲਮਾਂ ਦੀ ਕਦਰ ਘਟਦੀ ਜਾ ਰਹੀ ਹੈ ਕਿਉਂਕਿ ਸਾਡੀ ਬਿਰਤੀ ਵਿੱਚ ਸ਼ੈਤਾਨ ਨੇ ਵਾਸਾ ਕਰ ਲਿਐ। ਗੁੰਡਾਵਾਦ ਸਿਆਸੀ ਨੇਤਾਵਾਂ ਦੀ ਸ਼ਹਿ 'ਤੇ ਪਨਪਦੈ। ਸਮਾਜਿਕ, ਧਾਰਮਿਕ ਰਹਿਬਰ ਅਗਰ ਸਹੀ ਰਸਤਾ ਨਹੀਂ ਦਿਖਾਉਣਗੇ, ਤਾਂ ਮਨ ਕੂੜ ਕਬਾੜ ਵੱਲ ਹੀ ਮੁੜੇਗਾ। ਗੰਧਲੀ ਗਾਇਕੀ, ਹੌਲੀਆਂ ਲਿਖਤਾਂ, ਅਨੈਤਿਕ ਫ਼ਿਲਮਾਂ ਅਤੇ ਉਪੱਦਰੀ ਪ੍ਰਵਚਨ ਤਾਂ ਹੀ ਫੈਲਦੇ ਨੇ, ਜਦੋਂ ਸਮਾਜ ਇਨ੍ਹਾਂ ਨੂੰ ਪਰਵਾਨ ਕਰਦੈ। ਚੰਗੇ ਨੂੰ ਨਕਾਰਨ ਦਾ ਨਤੀਜਾ ਇਹੀ ਹੁੰਦਾ।

ਲੇਖਕ ਪਾਲੀ ਭੁਪਿੰਦਰ ਲਿਖਦੈ, ਬੌਬੀ ਉਦੋਂ ਬਣੀ, ਜਦੋਂ ਤੁਸੀਂ 'ਮੇਰਾ ਨਾਮ ਜੋਕਰ' ਨਹੀਂ ਵੇਖੀ। ਹਰਮਨ ਚੀਮਾ ਉਦੋਂ ਸਟਾਰ ਬਣਿਆ, ਜਦੋਂ ਤੁਸੀਂ ਬਰਕਤ ਸਿੱਧੂ ਨੂੰ ਸੁਣਨ ਤੋਂ ਇਨਕਾਰ ਕਰ ਦਿੱਤਾ। ਗੂਗਲ ਉਦੋਂ ਤੁਹਾਡੀ ਔਕਾਤ ਬਣਿਆ, ਜਦੋਂ ਤੁਸੀਂ ਕਿਤਾਬਾਂ ਤੋਂ ਮੂੰਹ ਮੋੜ ਲਿਆ। ਤੁਸੀਂ ਬਾਗ਼ਾਂ ਵਿਚੋਂ ਲੰਘਣਾ ਬੰਦ ਕਰ ਦਿੱਤਾ, ਤੁਹਾਨੂੰ ਕਾਰਡਾਂ 'ਤੇ ਛਪੇ ਫੁੱਲਾਂ ਤੋਂ ਵੱਧ ਕੀ ਮਿਲਣਾ ਸੀ। ਹਾਸਾ ਆ ਰਿਹਾ ਹੈ...ਬਾਂਦਰ ਗਿਲਾ ਕਰ ਰਹੇ ਹਨ ਕਿ ਉਨ੍ਹਾਂ ਨੂੰ 'ਅਦਰਕ' ਪੇਸ਼ ਨਹੀਂ ਕੀਤੀ ਗਈ। ਸਾਡੀ ਫ਼ਿਤਰਤ ਦਾ ਇਸ ਤੋਂ ਵਧੀਆ ਸਾਰ ਕੀ ਹੋ ਸਕਦੈ?

ਚੰਗਿਆਈ ਚਿਰ ਸਥਾਈ ਹੁੰਦੀ ਐ। ਲੱਚਰਤਾ ਪਲ ਦੋ ਪਲ ਦੀ ਮਹਿਮਾਨ ਤਾਂ ਬਣ ਸਕਦੀ ਐ, ਪਰ ਅਗਲੇ ਹੀ ਛਿਣ, ਮਸਤਕ ਕਿਸੇ ਹੋਰ ਵਿਕਾਰ ਨੂੰ ਲੱਭਣ ਤੁਰ ਪੈਂਦੈ। ਆਉਣ ਵਾਲੀਆਂ ਨਸਲਾਂ ਸਾਡੇ 'ਤੇ ਨਜ਼ਰਾਂ ਟਿਕਾਈ ਬੈਠੀਆਂ ਨੇ। ਦੇਖੀਏ ਕਿਤੇ ਬਾਲ ਮਨਾਂ ਸਾਹਮਣੇ ਅੱਖਾਂ ਨੀਵੀਆਂ ਕਰਨ ਦੀ ਨੌਬਤ ਨਾ ਆ ਜਾਵੇ। ਇਨ੍ਹਾਂ ਗੰਧਲੇ ਖਿਆਲਾਂ ਦੇ ਵਧਣ-ਫੁੱਲਣ ਵਿੱਚ ਸਾਡੀ ਪੀੜ੍ਹੀ ਵੀ ਬਰਾਬਰ ਦੀ ਗੁਨਾਹਗਾਰ ਬਣੇਗੀ। ਇਤਿਹਾਸ ਕਿਸੇ ਦਾ ਲਿਹਾਜ਼ ਨਹੀਂ ਕਰਦਾ!



# ਕਾਰਪੋਰੇਟ ਕਰਜ਼ੇ ਤੇ ਕਿਸਾਨਾਂ ਦੇ ਕਰਜ਼ੇ ਸਬੰਧੀ ਸਰਕਾਰ ਦੇ ਦੋਹਰੇ ਪੈਮਾਨੇ ਕਿਉਂ ?

**ਦਵਿੰਦਰ ਸ਼ਰਮਾ**

ਪਾੜਾ ਸਪੱਸ਼ਟ ਹੈ, ਜਦੋਂ ਕਾਰਪੋਰੇਟ ਕਰਜ਼ਿਆਂ ਦੀ ਗੱਲ ਆਉਂਦੀ ਹੈ ਤਾਂ ਪੂਰਾ ਬੈਂਕਿੰਗ ਸਿਸਟਮ ਉਨ੍ਹਾਂ ਨੂੰ ਬਚਾਉਣ ਲਈ ਅੱਗੇ ਆ ਕੇ ਉਨ੍ਹਾਂ ਨਾਲ ਬਹੁਤ ਨਰਮੀ ਨਾਲ ਪੇਸ਼ ਆਉਂਦਾ ਹੈ। ਪਰ ਜਦੋਂ ਗੱਲ ਕਿਸਾਨੀ ਕਰਜ਼ਿਆਂ ਦੀ ਆਉਂਦੀ ਹੈ ਤਾਂ ਕਿਸਾਨਾਂ ਨੂੰ ਅਪਰਾਧੀ ਸਮਝਦਿਆਂ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਹੈ, ਕਰਜ਼ਿਆਂ ਦਾ ਭਾਰ ਵਧਣ ਨਾਲ ਕਿਸਾਨ ਹੋਰ ਵੀ ਡੂੰਘੀ ਗਰੀਬੀ ਵੱਲ ਧੱਕੇ ਜਾਂਦੇ ਹਨ। ਕਾਰਪੋਰੇਟ ਆਪਣੇ ਕਰਜ਼ੇ ਮੁਆਫ਼ ਕਰਵਾ ਕੇ ਆਪਣੀ ਸ਼ਾਨਦਾਰ ਜੀਵਨ ਸ਼ੈਲੀ ਨੂੰ ਜਾਰੀ ਰੱਖਦੇ ਹਨ, ਜਦਕਿ ਬੈਂਕਾਂ ਤੇ ਹੋਰ ਲੈਣਦਾਰਾਂ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ। ਦੂਜੇ ਪਾਸੇ ਬਕਾਏਦਾਰੀ ਦਾ ਸਾਹਮਣਾ ਕਰਨ ਵਾਲੇ ਕਿਸਾਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਉਨ੍ਹਾਂ ਨੂੰ ਚੱਲ ਤੇ ਅਚੱਲ ਜਾਇਦਾਦਾਂ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਨੂੰ ਗਰੀਬੀ ਦੇ ਕਦੇ ਨਾ ਖ਼ਤਮ ਹੋਣ ਵਾਲੇ ਚੱਕਰ 'ਚ ਧੱਕ ਦਿੰਦੀ ਹੈ। ਏਨਾ ਹੀ ਨਹੀਂ, ਹਰਿਆਣਾ ਦੇ ਇੱਕ ਕਿਸਾਨ (65) ਨੂੰ ਜੇਲ੍ਹ ਭੇਜਿਆ ਗਿਆ, ਜਿਥੇ 10 ਦਿਨਾਂ ਅੰਦਰ ਉਸ ਦੀ ਮੌਤ ਹੋ ਗਈ। ਉਹ ਆਪਣਾ 9.65 ਲੱਖ ਰੁਪਏ ਦਾ ਕਰਜ਼ਾ ਨਹੀਂ ਚੁਕਾ ਸਕਿਆ ਸੀ।

ਕੁਝ ਸਾਲ ਪਹਿਲਾਂ ਵੀਡੀਓਕੋਨ ਇੰਡਸਟਰੀਜ਼ ਤੇ ਉਸ ਦੀਆਂ 12 ਸਹਿਯੋਗੀ ਕੰਪਨੀਆਂ ਦੁਆਰਾ ਦਿਵਾਲੀਆਪਨ ਦੇ ਲਈ ਦਾਇਰ ਕੀਤੇ 62,833 ਕਰੋੜ ਰੁਪਏ ਦੇ ਪ੍ਰਵਾਨਗੀ ਦਾਅਵੇ ਨੂੰ 96 ਫ਼ੀਸਦੀ ਦੀ ਭਾਰੀ ਕਟੌਤੀ ਨਾਲ ਮਨਜ਼ੂਰ ਕਰਕੇ ਲੈਣਦਾਰਾਂ ਨੂੰ ਖ਼ੂਨ ਦੇ ਹੰਝੂ ਵਹਾਉਣ ਲਈ ਛੱਡ ਦਿੱਤਾ। ਇਸੇ ਸੰਦਰਭ 'ਚ ਪ੍ਰਸਿੱਧ ਉਦਯੋਗਪਤੀ ਹਰਸ਼ ਗੋਇਨਕਾ ਨੇ ਟਵੀਟ ਕਰਕੇ ਕਿਹਾ ਸੀ ਕਿ ਅਸੀਂ ਆਪਣੀ ਮਿਹਨਤ ਦੀ ਕਮਾਈ ਨੂੰ ਚੋਰੀ ਨਹੀਂ ਹੋਣ ਦੇ ਸਕਦੇ। ਉਨ੍ਹਾਂ ਪ੍ਰਧਾਨ ਮੰਤਰੀ ਦੇ ਦਫ਼ਤਰ (ਪੀ.ਐਮ.ਓ.) ਦਾ ਇਸ ਵੱਲ ਧਿਆਨ ਦਿਵਾਉਂਦਿਆਂ ਇੱਕ ਹੋਰ ਟਵੀਟ 'ਚ ਕਿਹਾ ਸੀ ਕਿ ਸ਼ਹਿਰ 'ਚ ਇੱਕ ਨਵੀਂ ਖੇਡ ਖੇਡੀ ਜਾ ਰਹੀ ਹੈ, ਜਿਥੇ ਕੰਪਨੀਆਂ ਆਪਣੇ ਸੁਰੱਖਿਅਤ ਨਿਵੇਸ਼ ਨੂੰ ਪਾਸੇ ਰੱਖ ਰਹੀਆਂ ਹਨ ਤੇ ਆਪਣੀ ਦਿਵਾਲੀਆ ਕੰਪਨੀ ਨੂੰ ਦਿਵਾਲੀਆਪਨ ਦੇ ਬੋਰਡ 'ਚ ਲਿਜਾ ਕੇ ਇਸ ਪ੍ਰਕਿਰਿਆ ਤਹਿਤ 80 ਤੋਂ 90 ਫ਼ੀਸਦੀ ਤੱਕ ਦੀ ਕਟੌਤੀ ਕਰਵਾ ਰਹੀਆਂ ਹਨ। ਕਰਜ਼ੇ ਦੀ ਵਸੂਲੀ ਪ੍ਰਕਿਰਿਆ 'ਚ ਹੈਰਾਨੀਜਨਕ ਤੇ ਦੁਖਦਾਈ ਅਸਮਾਨਤਾ ਸਾਨੂੰ ਸਪੱਸ਼ਟ ਤੌਰ 'ਤੇ ਦੱਸਦੀ ਹੈ ਕਿ ਖੇਤੀ ਲਗਾਤਾਰ ਮਿਨਾਰ (ਪਿਰਾਮਿਡ) ਦੇ ਹੇਠਲੀ ਪੱਧਰ 'ਤੇ ਕਿਉਂ ਬਣੀ ਹੋਈ ਹੈ, ਜਦਕਿ ਦੂਜੇ ਪਾਸੇ ਕਾਰਪੋਰੇਟ ਨੂੰ ਬੜੀ ਉਦਾਰਤਾ ਨਾਲ ਕਰਜ਼ ਉਪਲਬੱਧ ਕਰਵਾਉਣ ਲਈ ਨੀਤੀ ਨਿਰਮਾਤਾਵਾਂ ਨੇ ਵਪਾਰ ਤੇ ਉਦਯੋਗ ਦੇ ਚਾਰੇ ਪਾਸੇ ਇੱਕ 'ਰੱਖਿਆ ਕਵਚ' ਤਾਣ ਰੱਖਿਆ ਹੈ। ਭਾਵੇਂ ਕਿਸੇ ਉਦਯੋਗ ਲਈ ਸਭ ਕੁਝ ਗ਼ਲਤ ਵੀ ਹੋ ਰਿਹਾ ਹੋਵੇ, ਤਾਂ ਵੀ ਸਿਸਟਮ ਉਨ੍ਹਾਂ ਦੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਹਮੇਸ਼ਾ ਮੌਜੂਦ ਹੈ।ਇਸ ਲਈ ਸਾਨੂੰ ਲੱਗਦਾ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਇਸ ਦਾਅਵੇ ਦੇ ਬਾਵਜੂਦ ਕਿ ਦਿਵਾਲੀਆ ਤੇ ਦਿਵਾਲੀਆਪਨ ਸੰਹਿਤਾ (ਆਈ.ਬੀ.ਸੀ.) ਨੇ ਦਿਵਾਲੀਆਪਨ ਦੇ ਹੱਲ ਲਈ ਇੱਕ ਵੱਡਾ ਬਦਲਾਅ ਲਿਆਂਦਾ ਹੈ ਕਿ ਦਿਵਾਲੀਆ ਸੰਕਲਪ ਕਾਨੂੰਨੀ ਤੌਰ 'ਤੇ ਸਸਤੇ ਭਾਅ 'ਤੇ ਜਾਇਦਾਦਾਂ ਛੱਡਣ ਦੇ ਕੰਮ ਆਇਆ ਹੈ। ਉਦਾਹਰਨ ਦੇ ਤੌਰ 'ਤੇ ਅਖਿਲ ਭਾਰਤੀ ਬੈਂਕ ਕਰਮਚਾਰੀ ਸੰਘ ਨੇ ਇੱਕ ਅੱਖਾਂ ਖੋਲ੍ਹਣ ਵਾਲਾ ਚਾਰਟ ਪੇਸ਼ ਕਰਦਿਆਂ ਦੱਸਿਆ ਕਿ ਕਿਵੇਂ ਦਿਵਾਲੀਆਪਨ ਦੀ ਕਾਰਵਾਈ ਨੇ ਇੱਕ ਹੀ ਕਾਰਪੋਰੇਟ ਨੂੰ ਬਹੁਤ ਹੀ ਘੱਟ ਕੀਮਤ 'ਤੇ ਬਹੁਤ ਕੀਮਤੀ ਸੰਪਤੀਆਂ ਦਾ ਕੰਟਰੋਲ ਹਾਸਿਲ ਕਰਨ 'ਚ ਮਦਦ ਕੀਤੀ।




ਬੈਂਕ ਕਰਮਚਾਰੀਆਂ ਦੀ ਪੇਸ਼ਕਾਰੀ ਵਿਖਾਉਂਦੀ ਹੈ ਕਿ 10 ਕੰਪਨੀਆਂ ਦਿਵਾਲੀਆਪਨ ਦਾ ਸਾਹਮਣਾ ਕਰ ਰਹੀਆਂ ਸਨ ਤੇ ਕਾਰਵਾਈ ਪੂਰੀ ਕਰਨ ਬਾਅਦ ਇਨ੍ਹਾਂ ਸਭ ਨੂੰ ਅਡਾਨੀ ਸਮੂਹ ਨੇ ਖਰੀਦ ਲਿਆ। ਇਨ੍ਹਾਂ ਦੇ 61,832 ਕਰੋੜ ਰੁਪਏ ਦੇ ਸਵੀਕਾਰਤ ਦਾਅਵੇ ਵਿਰੁੱਧ ਅਡਾਨੀ ਸਮੂਹ ਨੇ ਇਨ੍ਹਾਂ ਕੰਪਨੀਆਂ ਨੂੰ ਕੇਵਲ 15,977 ਰੁਪਏ 'ਚ ਹਾਸਿਲ ਕਰ ਲਿਆ। ਇਸ ਮਾਮਲੇ 'ਚ ਬੈਂਕਾਂ ਨੇ ਚੁੱਪਚਾਪ ਵੱਖ-ਵੱਖ ਸੰਸਥਾਵਾਂ 'ਤੇ 42 ਤੋਂ 96 ਫ਼ੀਸਦੀ ਤੱਕ ਦਾ ਬੋਝ ਪਾਇਆ। ਇਨ੍ਹਾਂ 'ਚੋਂ ਇਕ ਰੇਡੀਅਸ ਇਸਟੇਟਸ ਤੇ ਡਿਵੈਲਪਰ ਨੇ ਆਪਣੀ ਸੰਪਤੀ ਲਈ 1,700 ਕਰੋੜ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਅਡਾਨੀ ਗੁੱਡਹੋਮਸ ਨੇ ਕੇਵਲ 76 ਕਰੋੜ ਰੁਪਏ 'ਚ ਖਰੀਦ ਕੇ ਬੈਂਕਾਂ ਦੀ 96 ਫ਼ੀਸਦੀ ਹਜ਼ਾਮਤ ਕਰ ਦਿੱਤੀ। ਇਸੇ ਤਰ੍ਹਾਂ ਇੱਕ ਹੋਰ ਮਾਮਲੇ 'ਚ ਅਡਾਨੀ ਪ੍ਰਾਪਰਟੀਜ਼ ਨੇ ਐਚ.ਡੀ.ਆਈ.ਐਲ. ਦੇ ਬੀ.ਕੇ.ਸੀ. ਪ੍ਰਾਜੈਕਟ ਦੇ 7,795 ਕਰੋੜ ਰੁਪਏ ਦੇ ਸਵੀਕਾਰਤ ਦਾਅਵੇ ਦੀ ਕੀਮਤ ਦੇ ਮੁਕਾਬਲੇ ਇਸ ਨੂੰ ਮਹਿਜ਼ 285 ਕਰੋੜ ਰੁਪਏ 'ਚ ਖਰੀਦ ਲਿਆ, ਇਸ ਤਰ੍ਹਾਂ ਅਡਾਨੀ ਸਮੂਹ ਦੀ ਟੋਕਰੀ 'ਚ ਇਹ ਸੰਪਤੀ ਇਕ ਤਰ੍ਹਾਂ ਮੁਫ਼ਤ ਦੇ ਭਾਅ ਆ ਗਈ, ਹਾਲਾਂਕਿ ਬੈਂਕਾਂ ਦੀ ਇਸ 'ਚ 96 ਫ਼ੀਸਦੀ ਹਜ਼ਾਮਤ ਜ਼ਰੂਰ ਹੋ ਗਈ। ਤਕਨੀਕੀ ਤੌਰ 'ਤੇ 'ਹੇਅਰਕੱਟ' ਤੋਂ ਭਾਵ ਹੈ ਕਿ ਕਿਸੇ ਜਾਇਦਾਦ ਦਾ ਮੁੱਲ ਉਸ ਦੀ ਬਾਜ਼ਾਰ ਕੀਮਤ ਤੋਂ ਬਹੁਤ ਘੱਟ ਲਗਾਉਣ ਨੂੰ ਕਿਹਾ ਜਾਂਦਾ ਹੈ। ਇਸ ਨੂੰ ਆਖਰੀ ਉਪਾਅ ਵਜੋਂ ਵੇਖਿਆ ਜਾਂਦਾ ਹੈ, ਜਦੋਂ ਵਸੂਲੀ ਦੀ ਕੋਈ ਉਮੀਦ ਨਾ ਹੋਵੇ। ਹਾਲਾਂਕਿ ਅਜੋਕੇ ਸਮੇਂ ਸਸਤੇ 'ਚ ਉਪਲਬੱਧ ਸੰਪਤੀਆਂ ਨੂੰ ਲੈ ਕੇ ਭੱਜਣਾ ਇਕ ਕਾਨੂੰਨੀ ਤੰਤਰ ਬਣ ਗਿਆ ਹੈ, ਜਿਸ ਦੀ ਕੀਮਤ ਉਨ੍ਹਾਂ ਲੈਣਦਾਰਾਂ ਨੂੰ ਉਠਾਉਣੀ ਪੈਂਦੀ ਹੈ, ਉਨ੍ਹਾਂ ਕੋਲ ਇਸ 'ਹੇਅਰਕੱਟ' ਨਾਲ ਸੰਤੁਸ਼ਟ ਹੋਣ ਬਗੈਰ ਕੋਈ ਹੋਰ ਬਦਲ ਨਹੀਂ ਹੁੰਦਾ ਤੇ ਇਸ ਤੋਂ ਬਾਅਦ ਬੈਂਕ ਲਗਭਗ ਖਾਲੀ ਹੋ ਜਾਂਦੇ ਹਨ।

ਕੇਅਰਇੰਜ ਰੇਟਿੰਗਜ਼ ਅਨੁਸਾਰ ਇਸ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਇਹ ਛੋਟ (ਹੇਅਰਕੱਟ) ਵਧ ਕੇ 68 ਫ਼ੀਸਦੀ ਤੱਕ ਹੋ ਗਿਆ ਹੈ, ਅਜਿਹਾ ਸ਼ਾਇਦ ਛੋਟੀ ਸੰਪਤੀਆਂ 'ਚ ਘੱਟ ਦਿਲਚਸਪੀ ਵਿਖਾਉਣ ਦੇ ਚੱਲਦਿਆਂ ਹੋਇਆ ਹੈ। ਜਿਵੇਂ ਇੱਕ ਵਾਰ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਸਾਬਕਾ ਡਿਪਟੀ ਗਵਰਨਰ ਨੇ ਆਪਣੀ ਟਿੱਪਣੀ 'ਚ ਕਿਹਾ ਸੀ ਕਿ ਜਦੋਂ ਕਦੇ ਕੋਈ ਉਧਾਰਕਰਤਾ ਦਿਵਾਲੀਆ ਹੋ ਜਾਂਦਾ ਹੈ ਤਾਂ ਇਕ ਲੈਣਦਾਰ (ਬੈਂਕ) ਦੀ ਕੁਦਰਤੀ ਪ੍ਰਵਿਰਤੀ ਸੰਬੰਧਿਤ ਕਰਜ਼ਦਾਰ ਦੀ ਬਾਜ਼ਾਰਯੋਗ ਸੰਪਤੀ ਦੇ ਬਚੇ ਹੋਏ ਸੰਭਾਵੀ ਸਭ ਤੋਂ ਵੱਡੇ ਹਿੱਸੇ ਨੂੰ ਜਲਦੀ ਨਾਲ ਪ੍ਰਾਪਤ ਕਰਕੇ ਆਪਣੇ ਨੁਕਸਾਨ ਨੂੰ ਘੱਟ ਕਰਨ ਦੀ ਹੁੰਦੀ ਹੈ। ਭਾਵੇਂ ਕਿ ਇਸ ਲੇਖ ਦਾ ਉਦੇਸ਼ ਦਿਵਾਲੀਆਪਨ ਤੇ ਦਿਵਾਲੀਆਪਨ ਸੰਹਿਤਾ ਦੇ ਗੁਣ-ਦੋਸ਼ਾਂ 'ਤੇ ਚਰਚਾ ਕਰਨਾ ਨਹੀਂ ਹੈ, ਪਰ ਜਾਇਜ਼ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਿਸਾਨ ਕਰਜ਼ਾ ਨਹੀਂ ਮੋੜ ਪਾਉਂਦੇ ਤਾਂ ਉਨ੍ਹਾਂ ਲਈ ਅਜਿਹੀ ਵਿਵਸਥਾ ਕਿਉਂ ਨਹੀਂ ਅਪਣਾਈ ਜਾਂਦੀ ? ਜਦੋਂ ਕੋਈ ਕਿਸਾਨ ਕਰਜ਼ਾ ਮੋੜਨ 'ਚ ਨਾਕਾਮ ਰਹਿੰਦਾ ਹੈ ਤਾਂ ਹੇਠਲੀਆਂ ਅਦਾਲਤਾਂ ਅਕਸਰ ਉਨ੍ਹਾਂ ਨੂੰ ਜੇਲ੍ਹ 'ਚ ਸੁੱਟ ਦਿੰਦੀਆਂ ਹਨ। ਕਿਸਾਨ ਲਗਾਤਾਰ ਕਰਜ਼ੇ ਹੇਠ ਜੀਅ ਰਹੇ ਹਨ ਅਤੇ ਅਜਿਹੇ 'ਚ ਕਿਸਾਨ ਜਥੇਬੰਦੀਆਂ ਦੀ ਖੇਤੀ ਕਰਜ਼ੇ ਮੁਆਫ਼ ਕਰਨ ਦੀ ਮੰਗ ਵਧ ਰਹੀ ਹੈ। ਕਈ ਸੂਬਾ ਸਰਕਾਰਾਂ ਨੇ ਖੇਤੀ ਕਰਜ਼ੇ ਮੁਆਫ਼ ਵੀ ਕੀਤੇ ਹਨ, ਜਿਸ ਲਈ ਉਨ੍ਹਾਂ ਨੂੰ ਬੈਂਕਾਂ ਤੇ ਕਾਰੋਬਾਰੀ ਮੀਡੀਆ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਕੁਝ ਸਮਾਂ ਪਹਿਲਾਂ ਖੇਤੀ ਕਰਜ਼ਾ ਮੁਆਫ਼ ਕਰਨ ਪੈਣ ਵਾਲੇ ਬੋਝ ਨੂੰ ਉਠਾਉਣ ਲਈ ਇੱਕ ਨਵਾਂ ਤਰੀਕਾ ਸੁਝਾਇਆ ਗਿਆ ਸੀ। ਉਨ੍ਹਾਂ ਕਿਹਾ ਸੀ ਕਿ ਸੂਬਾ ਸਰਕਾਰ ਕਿਸਾਨੀ ਕਰਜ਼ਿਆਂ ਨੂੰ ਆਪਣੇ ਅਧੀਨ ਲੈ ਕੇ ਬੈਂਕਾਂ ਨਾਲ ਲੰਬੇ ਸਮੇਂ ਦਾ ਸਮਝੌਤਾ ਕਰਕੇ ਕਿਸਾਨਾਂ ਦੇ ਬਕਾਏ ਦੀ ਬੈਂਕਾਂ ਨੂੰ ਅਦਾਇਗੀ ਕਰੇਗੀ। ਹੈਰਾਨੀ ਦੀ ਗੱਲ ਹੈ ਕਿ 'ਕਾਰਪੋਰੇਟ ਬੈਡ ਲੋਨ' ਮੌਕੇ ਸੂਬਾ ਸਰਕਾਰਾਂ ਅਜਿਹੀ ਉਦਾਰਤਾ ਕਿਉਂ ਨਹੀਂ ਵਿਖਾਉਂਦੀਆਂ,ਕਿਉਂ ਰਿਜ਼ਰਵ ਬੈਂਕ ਤੇ ਵਿੱਤ ਮੰਤਰਾਲਾ ਅਜਿਹਾ ਤੰਤਰ ਬਣਾਉਣ ਲਈ ਅੱਗੇ ਨਹੀਂ ਆਉਂਦਾ,ਜਿਸ ਨਾਲ ਕਿ ਕੰਪਨੀਆਂ ਵੱਡੇ ਵਿੱਤੀ ਬੋਝ ਤੋਂ ਬਚ ਸਕਣ। ਕਰਜ਼ਦਾਰ ਕਿਸਾਨਾਂ ਲਈ ਵੀ ਅਜਿਹੀ ਪਹੁੰਚ ਕਿਉਂ ਨਹੀਂ ਅਪਣਾਈ ਜਾਂਦੀ ?

ਅਸੀਂ ਇਥੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ ਕੇਰਲਾ ਦੁਆਰਾ ਤਿਆਰ ਕੀਤੇ ਗਏ ਇਕਮਾਤਰ ਸਫਲ ਮਾਡਲ ਨੂੰ ਸਾਹਮਣੇ ਲਿਆਉਂਦੇ ਹਾਂ। ਕੇਰਲਾ ਕਿਸਾਨ ਕਰਜ਼ ਰਾਹਤ ਕਮਿਸ਼ਨ ਦੀ ਸਥਾਪਨਾ 2006 'ਚ ਕੀਤੀ ਗਈ ਸੀ ਅਤੇ 2013 ਦੌਰਾਨ ਇਸ 'ਚ ਸੋਧ ਵੀ ਕੀਤੀ ਗਈ ਸੀ। 2022 ਤੱਕ ਇਸ ਕਰਜ਼ ਰਾਹਤ ਦਾ 5.3 ਲੱਖ ਕਿਸਾਨ ਲਾਭ ਉਠਾ ਚੁੱਕੇ ਹਨ, ਜਿਸ 'ਚ ਸਹਿਕਾਰੀ ਬੈਂਕਾਂ ਤੇ ਸੁਸਾਇਟੀਆਂ ਤੋਂ ਲਏ ਗਏ ਵੱਧ ਤੋਂ ਵੱਧ 2 ਲੱਖ ਰੁਪਏ ਤੱਕ ਦੇ ਕਰਜ਼ਿਆਂ ਤੋਂ ਰਾਹਤ ਦਿੱਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਕੇਰਲਾ ਦੇ ਕਰਜ਼ ਰਾਹਤ ਐਕਟ ਨੂੰ ਭਾਰਤੀ ਸੰਸਦ ਦੁਆਰਾ ਕਿਉਂ ਸੋਧ ਕੇ ਲਾਗੂ ਨਹੀਂ ਕੀਤਾ ਗਿਆ, ਜਦਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀਆਂ ਰਿਪੋਰਟਾਂ 'ਚ ਲਗਾਤਾਰ ਵਧ ਰਹੇ ਕਰਜ਼ੇ ਨੂੰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮੁਢਲਾ ਕਾਰਨ ਦੱਸਿਆ ਗਿਆ ਹੈ।

(ਬਾਕੀ ਸਫ਼ਾ 31 'ਤੇ)



ਬਲਜਿੰਦਰ ਮਾਨ

# ਜਦੋਂ ਪਾਉਂਦੀ ਏਂ ਤੂੰ ਲੰਮੇ-ਲੰਮੇ ਤੰਦ ਨੀਂ ...

ਚੁੱਲ੍ਹੇ ਅੱਗ ਅਤੇ ਘੜੇ ਵਿੱਚ ਪਾਣੀ ਦਾ ਨਾ ਹੋਣਾ ਬਰਬਾਦੀ ਦੇ ਚਿੰਨ੍ਹ ਮੰਨੇ ਗਏ ਹਨ। ਕਿਸੇ ਜ਼ਮਾਨੇ ਵਿੱਚ ਵੱਸਦੇ ਰਸਦੇ ਘਰਾਂ ਦੀ ਇਹ ਉੱਤਮ ਨਿਸ਼ਾਨੀ ਹੁੰਦੀ ਸੀ। ਸਮੇਂ ਦੀ ਤੋਰ ਨਾਲ ਸਭ ਕੁਝ ਬਦਲ ਗਿਆ ਹੈ। ਘੜਿਆਂ ਦੀ ਥਾਂ ਫਰਿੱਜ ਆ ਗਈ ਹੈ ਅਤੇ ਬਾਲਣ ਵਾਲੇ ਚੁੱਲ੍ਹੇ ਦੀ ਥਾਂ ਗੈਸ ਵਾਲਾ ਚੁੱਲ੍ਹਾ ਆ ਗਿਆ ਹੈ ਜਿਸ ਨਾਲ ਚੁੱਲ੍ਹੇ ਵਿੱਚ ਫੂਕਾਂ ਮਾਰਨ ਦਾ ਯਬਖਾਨਾ ਮੁੱਕ ਗਿਆ ਹੈ। ਪੇਂਡੂ ਘਰਾਂ ਵਿੱਚ ਮਿੱਟੀ ਦੇ ਬਣੇ ਹੋਏ ਅਨੇਕਾਂ ਕਿਸਮ ਦੇ ਚੁੱਲ੍ਹੇ ਮਿਲਦੇ ਸਨ। ਜਿਨ੍ਹਾਂ ਵਿੱਚ ਤੰਦੂਰ ਅਤੇ ਲੂੰਬੀ ਵਾਲਾ ਚੁੱਲ੍ਹਾ ਆਮ ਦੇਖੇ ਜਾ ਸਕਦੇ ਸਨ। ਕਈ ਲੋਕ ਤਾਂ ਚੁੱਲ੍ਹੇ ਨੂੰ ਏਨਾ ਸਜਾਉਂਦੇ ਸਨ ਕਿ ਦੇਖਿਆ ਰੱਜ ਨਹੀਂ ਸੀ ਆਉਂਦਾ। ਜੇ ਕਿਤੇ ਚੁੱਲ੍ਹੇ ਤੋਂ ਤਾਜ਼ੇ ਲਹਿੰਦੇ ਪ੍ਰਸਾਦੇ ਛਕਣ ਬਹਿ ਜਾਈਏ ਫਿਰ ਤਾਂ...। ਚੁੱਲ੍ਹਾ ਬਲਦਾ ਰੱਖਣ ਲਈ ਔਰਤ ਦਾ ਹੋਣਾ ਲਾਜ਼ਮੀ ਹੈ। ਜਿਵੇਂ ਆਖਦੇ ਨੇ;

ਰੰਨਾ ਵਾਲਿਆਂ ਦੇ ਪੱਕਣ ਪਰਾਉਂਠੇ,
ਛੜਿਆਂ ਦੀ ਅੱਗ ਨਾ ਬਲੇ।

ਕਿਸ਼ੋਰ ਅਵਸਥਾ ਵਿੱਚੋਂ ਲੰਘਦੀ ਹਰ ਮੁਟਿਆਰ ਦੇ ਰੁਝਾਨ ਨੂੰ ਇਨ੍ਹਾਂ ਚਾਰਾਂ ਵੇਦਾਂ ਚਾਟੀ, ਚੁੱਲ੍ਹਾ, ਚੱਕੀ, ਚਰਖਾ ਵੱਲ ਮੋੜਨਾ ਮਾਪਿਆਂ ਅਤੇ ਅਧਿਆਪਕਾਂ ਦਾ ਫਰਜ਼ ਬਣਦਾ ਹੈ। ਕਈ ਵਾਰ ਦੇਖਣ ਸੁਣਨ ਵਿੱਚ ਆਇਆ ਹੈ ਕਿ ਫਲਾਣੀ ਕਾਲਜੀਏਟ ਕੁੜੀ ਨੂੰ ਰੋਟੀ ਵੀ ਨਹੀਂ ਬਣਾਉਣੀ ਆਉਂਦੀ। ਕਿਉਂ ? ਕਿਉਂਕਿ ਉਨ੍ਹਾਂ ਦਾ ਘਰ ਨੌਕਰਾਂ ਚਾਕਰਾਂ ਨਾਲ ਭਰਿਆ ਪਿਆ ਹੈ। ਖੈਰ ਕੁਝ ਵੀ ਹੋਵੇ ਪਰ ਸਭ ਨੂੰ ਇਨ੍ਹਾਂ ਚਾਰਾਂ ਕਾਰਜਾਂ ਵਿੱਚ ਮਾਹਿਰ ਹੋਣਾ ਚਾਹੀਦਾ ਹੈ। ਭਾਵੇਂ ਇਨ੍ਹਾਂ ਦੀ ਲੋੜ ਨਹੀਂ ਰਹੀ ਪਰ ਉਹ ਸਮਾਂ ਇਨ੍ਹਾਂ ਤੋਂ ਬਗੈਰ ਸੰਪੂਰਨ ਨਹੀਂ ਸੀ ਮੰਨਿਆ ਜਾਂਦਾ।



ਜੇਕਰ ਅੱਜ ਦੀ ਮੁਟਿਆਰ ਵਾਸਤੇ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਸੂਚਨਾ ਕ੍ਰਾਂਤੀ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ। ਇਹ ਸਭ ਯੰਤਰ ਉਸ ਦੀ ਤਰੱਕੀ ਲਈ ਆਧਾਰ ਬਣ ਕੇ ਉਸ ਦੇ ਜੀਵਨ ਨੂੰ ਸੁਖਾਲਾ ਅਤੇ ਆਨੰਦਮਈ ਬਣਾਉਂਦੇ ਹਨ। ਬਦਲ ਰਹੇ ਜਨ ਜੀਵਨ ਬਾਰੇ ਸ਼ਾਇਰ ਲਿਖਦਾ ਹੈ:

ਚਰਖੇ ਤੇ ਚੁੱਲ੍ਹੇ ਦੀਆਂ ਭੁੱਲ ਕੇ ਸਾਰਾਂ ਨੂੰ
ਫੈਸ਼ਨਾਂ 'ਚ ਮਸਤ ਹੋ ਕੇ ਲੁੱਟਣ ਬਹਾਰਾਂ ਨੂੰ।

ਚਲਾਕ ਸੱਸ ਆਪਣੀ ਬਹੂ ਨੂੰ ਭਾਰਾ ਕੰਮ ਸੌਂਪਣ ਵੇਲੇ ਬੜੀ ਹਲੀਮੀ ਨਾਲ ਇਹ ਆਖਦੀ;

ਆ ਨੀਂ ਧੀਏ ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ।

ਇੱਕ ਸਮਾਂ ਸੀ ਜਦੋਂ ਏਨਾ ਰੁੱਝਿਆ ਹੋਇਆ ਆਮ ਜੀਵਨ ਨਹੀਂ ਸੀ ਕਿਉਂਕਿ ਉਸ ਵੇਲੇ ਸਾਇੰਸ ਨੇ ਅਜੇ ਏਨੀ ਤਰੱਕੀ ਨਹੀਂ ਸੀ ਕੀਤੀ। ਮਨੁੱਖ ਨੂੰ ਆਪਣੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਲਈ ਲਹੂ ਪਾਣੀ ਇੱਕ ਕਰਨਾ ਪੈਂਦਾ ਅਤੇ ਸਾਰੇ ਕੰਮ ਹੱਥੀਂ ਹੀ ਕੀਤੇ ਜਾਂਦੇ ਸਨ। ਔਰਤਾਂ ਨੇ ਸਾਰੇ ਟੱਬਰ ਲਈ ਤੜਕੇ ਤੜਕੇ ਚੱਕੀ ਵਿੱਚ ਦਾਣੇ ਪੀਸ ਕੇ ਆਟਾ ਬਣਾਉਣਾ। ਇੱਥੇ ਹੀ ਬਸ ਨਹੀਂ ਖੂਹ ਵਿੱਚੋਂ ਲੱਜਾਂ ਨਾਲ ਪਾਣੀ ਖਿੱਚਣਾ ਅਤੇ ਡਾਰਾਂ ਬੰਨ੍ਹ-ਬੰਨ੍ਹ ਖੂਹ ਨੂੰ ਜਾਣਾ ਉਨ੍ਹਾਂ ਦੀ ਰੋਜ਼ ਮਰ੍ਹਾ ਦੀ ਜ਼ਿੰਦਗੀ ਦਾ ਇੱਕ ਹੁਸੀਨ ਚਾਲਾ ਸੀ। ਅੱਜ ਨਾ ਤਾਂ ਖੂਹ ਰਹੇ ਅਤੇ ਨਾ ਹੀ ਖੂਹਾਂ 'ਤੇ ਮੁਟਿਆਰਾਂ ਦੀਆਂ ਢਾਣੀਆਂ ਜੁੜਦੀਆਂ ਹਨ। ਤਕਨੀਕੀ ਯੰਤਰਾਂ ਅਤੇ ਸਾਇੰਸ ਨੇ ਸਾਡੇ ਵਿਚਕਾਰ ਜਿੱਥੇ ਨੇੜਤਾ ਲਿਆਂਦੀ ਹੈ, ਉੱਥੇ ਸਾਨੂੰ ਮੌਤ ਦੇ ਨੇੜੇ ਵੀ ਲਿਆਂਦਾ ਹੈ। ਬੋਹੜ ਦੀ ਠੰਢੀ-ਠੰਢੀ ਛਾਂ ਕੋਈ ਵਿਰਲਾ ਹੀ ਮਾਣਦਾ ਹੈ। ਜਿੱਥੇ ਆਕਸੀਜਨ ਦਾ ਭੰਡਾਰ ਮਿਲਦਾ ਹੈ। ਇੱਕ ਸਮਾਂ ਸੀ ਜਦੋਂ ਹਰ ਘਰ ਚੱਕੀ ਹੁੰਦੀ ਸੀ, ਪਰ ਅੱਜਕੱਲ੍ਹ ਤਾਂ ਇਹ ਸਾਰਾ ਕੁਝ ਅਜਾਇਬ ਘਰਾਂ ਵਿੱਚ ਹੀ ਦਿਖਾਈ ਦਿੰਦਾ ਹੈ। ਜਦੋਂ ਤੜਕੇ ਉੱਠ ਔਰਤਾਂ ਚੱਕੀ ਚਲਾਉਂਦੀਆਂ ਤਾਂ ਚੱਕੀ ਇੱਕ ਅਨੋਖਾ ਸੰਗੀਤ ਅਲਾਪਦੀ। ਮੁਟਿਆਰਾਂ ਦੇ ਮੂੰਹੋਂ ਆਪ ਮੁਹਾਰੇ ਹੀ ਗੀਤ ਵਹਿ ਤੁਰਦੇ। ਇੰਝ ਉਨ੍ਹਾਂ ਦਾ ਕੰਮ ਅਤੇ ਮਨੋਰੰਜਨ ਨਾਲੋ ਨਾਲ ਹੋਈ ਜਾਂਦੇ;

ਮੈਂ ਤੈਨੂੰ ਪੁੱਛਦੀ ਮਾਲੀਆ ਹੋ
ਇਹ ਬੂਟਾ ਕਾਹੇ ਦਾ ਲਾਇਆ
ਮੈਂ ਤੈਨੂੰ ਦੱਸਦਾ ਗੋਰੀਏ ਹੋ
ਇਹ ਬੂਟਾ ਨਰਮੇ ਦਾ ਲਾਇਆ ਹੋ।

ਚਰਖਾ ਤਾਂ ਪੇਂਡੂ ਘਰੇਲੂ ਉਦਯੋਗ ਦਾ ਇੱਕ ਧੁਰਾ ਰਿਹਾ ਹੈ। ਬਹੁਤ ਅਰਸਾ ਲੋਕਾਂ ਨੇ ਇਸ 'ਤੇ ਆਪਣਾ ਜੀਵਨ ਨਿਰਬਾਹ ਕੀਤਾ ਹੈ, ਪਰ ਹੁਣ ਪਹਿਲੇ ਵਾਲੀ ਗੱਲ ਨਹੀਂ ਰਹੀ। ਨਾ ਹੁਣ ਮੁਟਿਆਰਾਂ ਤ੍ਰਿੰਝਣ 'ਚ ਜੁੜ ਚਰਖੇ ਕੱਤਦੀਆਂ ਹਨ ਅਤੇ ਨਾ ਹੀ ਘਰਾਂ ਵਿੱਚ ਇਹ ਸਭ ਕੁਝ ਉਪਲੱਬਧ ਹੈ। ਵੀਹਵੀਂ ਸਦੀ ਦੇ ਅੰਤ ਤੱਕ ਬੁੱਢੀਆਂ ਮਾਈਆਂ ਲਈ ਇਹ ਹਲਕੀ ਕਸਰਤ ਦਾ ਇੱਕ ਸਾਧਨ ਰਹਿ ਗਿਆ ਸੀ। ਜੀਵਨ ਰੂਪੀ ਕਹਾਣੀ ਵਿੱਚ ਇਸ ਦਾ ਅਹਿਮ ਰੋਲ ਇੰਝ ਦਰਸਾਇਆ ਗਿਆ ਹੈ;

ਨੀਂ ਮੈਂ ਕੱਤਾਂ ਪ੍ਰੀਤਾਂ ਨਾਲ
ਚਰਖਾ ਚੰਨਣ ਦਾ।

ਇਹ ਵੀ ਇੱਕ ਤਲਖ ਹਕੀਕਤ ਹੈ ਕਿ ਸਮੇਂ ਦੀ ਤੋਰ ਨਾਲ ਸਮਾਜਿਕ ਰਹੁ ਰੀਤ ਬਦਲਦੇ ਰਹਿੰਦੇ ਹਨ;

ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ
ਫੇਰ ਨਾ ਬਹਿਣਾ ਰਲ ਕੇ
ਜੋ ਪਾਣੀ ਅੱਜ ਪੱਤਣੋਂ ਲੰਘਿਆ
ਫੇਰ ਨਾ ਵਹਿਣਾ ਭਲ ਕੇ।

ਚਰਖਾ ਕੱਤਦੀ ਮੁਟਿਆਰ ਜਦੋਂ ਲੰਬੇ-ਲੰਬੇ ਤੰਦ ਪਾਉਂਦੀ ਹੈ ਤਾਂ ਗੱਭਰੂਆਂ ਦੇ ਮਨ 'ਤੇ ਕੀ ਬੀਤਦੀ ਹੈ, ਇਸ ਦਾ ਉਹ ਜ਼ਿਕਰ ਆਪ ਮੁਹਾਰਾ ਹੀ ਗੁਣਗੁਣਾ ਕੇ ਕੋਲੋਂ ਲੰਘਦਾ ਕਰਦਾ ਹੈ;

ਚਰਖੀ ਰੰਗੀਨ ਦਰਵਾਜ਼ੇ ਵਿੱਚ ਡਾਹ ਕੇ
ਜਦੋਂ ਪਾਉਂਦੀਏਂ ਤੂੰ ਲੰਬੇ-ਲੰਬੇ ਤੰਦ ਨੀਂ
ਰਹੀ ਬਚ ਕੇ ਹਾਨਣੇ ...।

ਇੱਥੇ ਹੀ ਬਸ ਨਹੀਂ ਚਰਖੇ ਦੀ ਘੂਕਰ ਸਿਰਫ਼ ਤੁਰੇ ਜਾਂਦੇ ਰਾਹੀਆਂ ਨੂੰ ਹੀ ਨਹੀਂ ਰੋਕਦੀ ਸੀ ਸਗੋਂ ਅਕਾਸ਼ ਤੱਕ ਮਾਰ ਕਰਦੀ;

ਜੋਗੀ ਉਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਚਾਟੀ, ਚੁੱਲ੍ਹਾ, ਚੱਕੀ ਤੇ ਚਰਖਾ ਚਾਰ ਵੇਦਾਂ ਦੀ ਕਹਾਣੀ ਹੁਣ ਬੀਤੇ ਦੀ ਗੱਲ ਬਣ ਚੁੱਕੀ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਦਾ ਤਾਂ ਪਤਨ ਹੀ ਹੋ ਚੁੱਕਾ ਸਮਝੋ। ਇਨ੍ਹਾਂ ਦੀ ਸੰਭਾਲ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਅੱਜਕੱਲ੍ਹ ਤਾਂ ਇਹ ਸਭ ਕੁਝ ਮੇਲਿਆਂ 'ਤੇ ਲੱਗਦੀਆਂ ਨੁਮਾਇਸ਼ਾਂ ਵਿੱਚ ਹੀ ਦਿਖਾਈ ਦਿੰਦਾ ਹੈ। ਤੀਆਂ ਅਤੇ ਤ੍ਰਿੰਝਣਾਂ ਦੇ ਮੇਲੇ ਮੁੜ ਸੁਰਜੀਤ ਹੋ ਰਹੇ ਹਨ ਜਿਨ੍ਹਾਂ ਵਿੱਚੋਂ ਉਸ ਜ਼ਮਾਨੇ ਦੀਆਂ ਝਲਕੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਸਭ ਸਾਧਨ ਸਾਡੀ ਆਰਥਿਕਤਾ ਨਾਲ ਵੀ ਜੁੜੇ ਰਹੇ ਹਨ। ਘਰ ਵਿੱਚ ਅਜਿਹੇ ਸਾਧਨਾਂ ਦੇ ਚੱਲਦੇ ਹੋਣ ਨਾਲ ਹੀ ਘਰ ਦੇ ਵਿਕਾਸ ਦਾ ਪਤਾ ਲੱਗਦਾ ਸੀ।

# ਮੇਰੀ ਭਲਕੇ ਕਪਾਹ ਦੀ ਵਾਰੀ ...

ਜੋਗਿੰਦਰ ਕੌਰ ਅਗਨੀਹੋਤਰੀ

ਮਨੁੱਖ ਨੇ ਆਪਣੀਆਂ ਮੁੱਖ ਲੋੜਾਂ ਕੁੱਲੀ, ਗੁੱਲੀ, ਜੁੱਲੀ ਦੀ ਪੂਰਤੀ ਕਰਨ ਲਈ ਆਪ ਹੀ ਖੋਜ ਕੀਤੀ, ਜਿਸ ਕਰਕੇ ਮਨੁੱਖ ਦੀ ਸ਼ਾਨ ਵੱਖਰੀ ਹੈ। ਇਸ ਨੇ ਪੇਟ ਭਰਨ ਲਈ ਅੰਨ ਦੀ ਖੋਜ ਕਰਕੇ ਉਸ ਨੂੰ ਬੀਜਿਆ, ਸੰਭਾਲਿਆ ਅਤੇ ਉਸ ਤੋਂ ਬਾਅਦ ਉਸ ਨੂੰ ਵੱਢ ਕੇ ਆਪਣੀਆਂ ਅਤੇ ਦੂਜਿਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਇੱਕ ਦੂਜੇ ਦੇ ਸਹਿਯੋਗ ਨਾਲ ਹੀ ਰਹਿਣ ਲਈ ਛੱਤ ਦਾ ਪ੍ਰਬੰਧ ਕੀਤਾ। ਤਨ ਢਕਣ ਲਈ ਕੱਪੜੇ ਦਾ ਪ੍ਰਬੰਧ ਕਰਨ ਲਈ ਰੇਸ਼ੇਦਾਰ ਪੌਦਿਆਂ ਨੂੰ ਵੀ ਆਪਣੀ ਲੋੜ ਅਨੁਸਾਰ ਤਿਆਰ ਕੀਤਾ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਰੇਸ਼ੇਦਾਰ ਪੌਦਾ ਕਪਾਹ ਹੈ। ਭਾਵੇਂ ਸਮਾਂ ਬੀਤਣ ਦੇ ਨਾਲ ਨਵੀਆਂ ਤੋਂ ਨਵੀਆਂ ਖੋਜਾਂ ਅਤੇ ਨਵੇਂ ਤੋਂ ਨਵੇਂ ਕੱਪੜੇ ਆ ਰਹੇ ਹਨ ਪਰ ਕਪਾਹ ਦੀ ਸਰਦਾਰੀ ਅੱਜ ਵੀ ਕਾਇਮ ਹੈ ਕਿਉਂਕਿ ਕਪਾਹ ਤੋਂ ਕਈ ਤਰ੍ਹਾਂ ਦੇ ਕੱਪੜੇ ਤਿਆਰ ਹੁੰਦੇ ਹਨ।

ਕਪਾਹ ਬੀਜਣ ਲਈ ਪਹਿਲਾਂ ਵੜੇਵਿਆਂ ਨੂੰ ਭਿਉਂ ਕੇ ਰੱਖਣਾ ਪੈਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਸੁਆਹ ਨਾਲ ਮਿਲਾ ਕੇ ਇਕੱਲਾ ਇਕੱਲਾ ਵੀ ਕੀਤਾ ਜਾਂਦਾ ਹੈ। ਕਪਾਹ ਬੀਜਣ ਬਾਰੇ ਇੱਕ ਬੁਝਾਰਤ ਇੰਝ ਪਾਈ ਜਾਂਦੀ ਹੈ;

ਬੀਜੇ ਰੋੜ, ਜੰਮੇ ਝਾੜ
ਲੱਗੇ ਨਿੰਬੂ, ਖਿੜੇ ਅਨਾਰ।

ਵੜੇਵਿਆਂ ਨੂੰ ਬੀਜਣ ਤੋਂ ਬਾਅਦ ਕਪਾਹ ਦੇ ਬੂਟੇ ਹਰੇ ਹੁੰਦੇ ਹਨ ਅਤੇ ਇਨ੍ਹਾਂ ਕਈ ਸ਼ਾਖਾਵਾਂ ਪਾਟਦੀਆਂ ਹਨ। ਫਿਰ ਇਨ੍ਹਾਂ 'ਤੇ ਨਿੰਬੂਆਂ ਵਰਗੇ ਟੀਂਡੇ ਲੱਗਦੇ ਹਨ ਅਤੇ ਅੱਧੀ ਭਾਦੋਂ ਕਪਾਹਾਂ ਖਿੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਕਪਾਹ ਭਾਵੇਂ ਧਰਤੀ ਵਿੱਚ ਬੀਜਿਆ ਜਾਣ ਵਾਲਾ ਪੌਦਾ ਹੈ, ਪਰ ਕੁਦਰਤ ਵੱਲੋਂ ਮਿਲਿਆ ਇਹ ਅਨਮੋਲ ਤੋਹਫਾ ਦੁਨੀਆਂ ਦਾ ਸਭ ਤੋਂ ਕੀਮਤੀ ਤੋਹਫਾ ਹੈ, ਜਿਸ ਨਾਲ ਮਨੁੱਖ ਜਨਮ ਤੋਂ ਲੈ ਕੇ ਮਰਨ ਤੱਕ ਜੁੜ ਜਾਂਦਾ ਹੈ। ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਕੱਪੜੇ ਵਿੱਚ ਲਪੇਟਿਆ ਜਾਂਦਾ ਹੈ ਅਤੇ ਮਰਨ ਵੇਲੇ ਵੀ ਮਨੁੱਖ ਦੇ ਉੱਤੇ ਕੱਪੜਾ ਪਾਇਆ ਜਾਂਦਾ ਹੈ। ਇਹ ਕੱਪੜਾ ਕਪਾਹ ਤੋਂ ਹੀ ਤਿਆਰ ਕੀਤਾ ਜਾਂਦਾ ਹੈ। ਇਸ ਕਪਾਹ ਤੋਂ ਪਹਿਨਣ ਵਾਲੇ ਕੱਪੜਿਆਂ ਤੋਂ ਬਿਨਾਂ ਹੋਰ ਅਨੇਕਾਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਵੇਂ ਖੱਦਰ, ਖੇਸ, ਦਰੀਆਂ, ਰਜਾਈਆਂ, ਗਦੈਲੇ ਅਤੇ ਹੋਰ ਅਨੇਕਾਂ ਵੰਨਗੀਆਂ।



ਕਿਹਾ ਜਾਂਦਾ ਹੈ ਕਿ ਹਰ ਕੰਮ ਸਹਿਯੋਗ ਨਾਲ ਕੀਤਾ ਜਾਂਦਾ ਹੈ। ਕਪਾਹ ਨੂੰ ਚੁਗਣ ਲਈ ਕਈ ਜਣੇ ਇਕੱਠੇ ਹੋ ਕੇ ਚੁਗਦੇ ਹਨ। ਇੱਕ ਦੂਜੇ ਨਾਲ ਵਿੜ੍ਹੀ ਵੀ ਚੜ੍ਹਾਈ ਜਾਂਦੀ ਹੈ। ਇਸ ਕਰਕੇ ਇੱਕ ਦਿਨ ਇੱਕ ਘਰ ਦੀ ਕਪਾਹ ਚੁਗਣ ਲਈ ਘਰਾਂ ਵਿੱਚੋਂ ਇੱਕ ਇੱਕ ਬੰਦੇ ਨੂੰ ਬੁਲਾਇਆ ਜਾਂਦਾ ਹੈ ਅਤੇ ਉਹ ਖੇਤ ਕਪਾਹ ਚੁਗਣ ਜਾਂਦੇ ਹਨ। ਇਨ੍ਹਾਂ ਦਿਨਾਂ ਨੂੰ ਬਹੁਤ ਹੀ ਆਨੰਦਦਾਇਕ ਦਿਨ ਮੰਨਿਆ ਜਾਂਦਾ ਹੈ ਜਦੋਂ ਸਾਰੇ ਇਕੱਠੇ ਹੋ ਕੇ ਇੱਕ ਘਰ ਦੇ ਖੇਤ ਵਿੱਚ ਜਾ ਕੇ ਕਪਾਹ ਚੁਗਦੇ ਹਨ ਅਤੇ ਹੱਸਦੇ ਖੇਡਦੇ ਵੀ ਹਨ। ਕਪਾਹ ਚੁਗਣ ਵਾਲੇ ਸਾਰੇ ਇਕੱਠੇ ਬੈਠ ਕੇ ਰੋਟੀ ਵੀ ਖਾਂਦੇ ਹਨ ਅਤੇ ਚਾਹ ਵੀ ਪੀਂਦੇ ਹਨ। ਰੋਟੀ ਸਵੇਰੇ ਹੀ ਪਕਾ ਕੇ ਚੁਗਣ ਵਾਲੇ ਅੱਠ ਵੱਜਦੇ ਨੂੰ ਖੇਤ ਵਿੱਚ ਪਹੁੰਚ ਜਾਂਦੇ ਹਨ। ਚਾਹ ਸਾਰਿਆਂ ਦੀ ਖੇਤ ਹੀ ਇਕੱਠੀ ਬਣਦੀ ਹੈ ਕਿਉਂਕਿ ਘਰੋਂ ਦੁੱਧ, ਚਾਹ ਪੱਤੀ ਅਤੇ ਗੁੜ ਜਾਂ ਖੰਡ ਰੋਟੀ ਨਾਲ ਹੀ ਟੋਕਰੇ ਵਿੱਚ ਰੱਖ ਲਿਆ ਜਾਂਦਾ ਹੈ।

ਜਦੋਂ ਘਰ ਦੀ ਸੁਆਣੀ ਨੇ ਆਪਣੇ ਸਾਰੇ ਸਹਿਯੋਗੀਆਂ ਨਾਲ ਖੇਤ ਕਪਾਹ ਚੁਗਣ ਜਾਣਾ ਹੁੰਦਾ ਸੀ ਤਾਂ ਉਸ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਉਹ ਇੰਝ ਤੁਰਦੀ ਸੀ ਜਿਵੇਂ ਹਵਾ ਵਿੱਚ ਉੱਡਦੀ ਹੋਵੇ। ਉਸ ਦੇ ਮੂੰਹੋਂ ਲੋਕ ਗੀਤ ਆਪ ਮੁਹਾਰੇ ਫੁੱਟਦੇ ਸਨ;

ਉੱਚੇ ਚੁਬਾਰੇ ਵਿੱਚ ਬਾਰੀ ਨੀਂ
ਮੇਰੀ ਭਲਕੇ ਕਪਾਹ ਦੀ ਵਾਰੀ ਨੀਂ।

ਕਪਾਹ ਅਤੇ ਨਰਮਾ ਭਾਵੇਂ ਕਪਾਹ ਦੀਆਂ ਦੋ ਮੁੱਖ ਫ਼ਸਲਾਂ ਹਨ। ਕਪਾਹ ਨੂੰ ਆਮ ਤੌਰ 'ਤੇ ਦੇਸੀ ਕਪਾਹ ਕਿਹਾ ਜਾਂਦਾ ਹੈ ਅਤੇ ਨਰਮੇ ਨੂੰ ਅਮਰੀਕਨ ਕਪਾਹ। ਉਂਝ ਦੇਸੀ ਕਪਾਹ ਨੂੰ ਵੀ ਤਿੰਨ ਕਿਸਮਾਂ ਵਿੱਚ ਵੰਡਿਆ ਗਿਆ ਹੈ। ਚਿੱਟੀ ਕਪਾਹ, ਕਾਲੀ ਕਪਾਹ ਅਤੇ ਖ਼ਾਕੀ ਕਪਾਹ। ਚਿੱਟੀ ਕਪਾਹ ਦੇ ਫੁੱਲ ਘਿਓ ਕਪੂਰੀ ਰੰਗ ਦੇ ਹੁੰਦੇ ਹਨ ਜਦ ਕਿ ਕਾਲੀ ਕਪਾਹ ਦੇ ਫੁੱਲ ਪਿਆਜ਼ੀ ਰੰਗ ਦੇ ਹੁੰਦੇ ਹਨ। ਚਿੱਟੀ ਕਪਾਹ ਚੁਗਣ ਵੇਲੇ ਜਲਦੀ ਹੀ ਹੱਥਾਂ 'ਚੋਂ ਡਿੱਗ ਪੈਂਦੀ ਹੈ, ਪ੍ਰੰਤੂ ਕਾਲੀ ਕਪਾਹ ਚੁਗਣ ਵੇਲੇ ਡਿੱਗਦੀ ਨਹੀਂ। ਇਸ ਤਰ੍ਹਾਂ ਖਾਕੀ ਕਪਾਹ ਦੇ ਪੱਤਿਆਂ ਦੀ ਅਤੇ ਫੁੱਲਾਂ ਦੀ ਕੋਈ ਪਰਖ ਨਹੀਂ ਹੈ ਪ੍ਰੰਤੂ ਟੀਂਡਿਆਂ ਵਿੱਚੋਂ ਖਾਕੀ ਕਪਾਹ ਦੀਆਂ ਫੁੱਟੀਆਂ ਨਿਕਲਦੀਆਂ ਹਨ। ਟੀਂਡੇ ਵਿੱਚੋਂ ਕਪਾਹ ਨਿਕਲਣ ਤੋਂ ਬਾਅਦ ਉਸ ਖਾਲੀ ਖੋਖ ਨੂੰ ਸਿਕਰੀ ਕਿਹਾ ਜਾਂਦਾ ਹੈ।

ਜਦੋਂ ਔਰਤਾਂ ਕਪਾਹ ਚੁਗਦੀਆਂ ਹਨ ਤਾਂ ਉਸ ਸੁਗੰਧਿਤ ਵਾਤਾਵਰਨ ਵਿੱਚ ਉਨ੍ਹਾਂ ਦੇ ਅੰਦਰੋਂ ਅਨੇਕਾਂ ਭਾਵ ਉੱਠਦੇ ਹਨ ਜੋ ਲੋਕ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਕਪਾਹ ਚੁਗਦੀ ਔਰਤ ਜਦੋਂ ਲਫ਼ ਕੇ ਕਪਾਹ ਦੀ ਉੱਚੀ ਟਾਹਣੀ ਤੋਂ ਫੁੱਟੀਆਂ ਫੜਦੀ ਹੈ ਤਾਂ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ;

ਝੁਕ ਜਾ ਕਪਾਹ ਦੀਏ ਛਟੀਏ
ਨੀਂ ਪਤਲੋ ਦੀ ਬਾਂਹ ਥੱਕ 'ਗੀ।

ਕਪਾਹ ਨੂੰ ਚੁਗਣ ਤੋਂ ਬਾਅਦ ਇਸ ਨੂੰ ਹੱਥਾਂ ਨਾਲ ਸਾਫ਼ ਕਰਕੇ ਫਿਰ ਵੇਲਿਆ ਜਾਂਦਾ ਸੀ ਅਤੇ ਉਸ ਤੋਂ ਬਾਅਦ ਇਸ ਨੂੰ ਤੇਲੀ ਦੇ ਲਿਜਾ ਕੇ ਪਿੰਜਾਇਆ ਜਾਂਦਾ ਸੀ। ਜੇਕਰ ਰੂੰ ਵਧੀਆ ਨਾ ਪਿੰਜੀ ਹੁੰਦੀ ਤਾਂ ਔਰਤਾਂ ਦੁਬਾਰਾ ਪਿੰਜਣ ਲਈ ਕਹਿੰਦੀਆਂ;

ਲਾ ਵੇ ਤੇਲੀਆ ਤਾੜਾ
ਰੂੰ ਮੇਰੀ ਕੱਚੀ ਪਈ।

ਪਿੰਜੀ ਹੋਈ ਰੂੰ ਦੀਆਂ ਪੂਣੀਆਂ ਵੱਟੀਆਂ ਜਾਂਦੀਆਂ ਤੇ ਫਿਰ ਉਸ ਨੂੰ ਕੱਤਿਆ ਜਾਂਦਾ। ਫਿਰ ਉਸ ਤੋਂ ਵੱਖ ਵੱਖ ਪ੍ਰਕਾਰ ਦੀਆਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ। ਲੰਬਾ ਸਮਾਂ ਲੋਕ ਘਰ ਦੇ ਖੱਦਰ ਦੇ ਕੱਪੜੇ ਪਾਉਂਦੇ ਸਨ। ਬਾਜ਼ਾਰ ਦੇ ਸੋਹਣੇ ਕੱਪੜਿਆਂ ਨੂੰ ਦੇਖ ਕੇ ਇੱਕ ਔਰਤ ਦੇ ਅੰਦਰ ਰੀਝ ਪੈਦਾ ਹੁੰਦੀ ਹੈ ਕਿ ਉਹ ਵੀ ਅਜਿਹਾ ਸੂਟ ਸੰਵਾ ਕੇ ਪਾਵੇ। ਬਾਜ਼ਾਰ ਵਿੱਚ ਕਈ ਵਾਰ ਕੱਪੜਾ ਡਿੱਪੂ 'ਤੇ ਵੀ ਮਿਲਦਾ ਸੀ। ਸੋ ਔਰਤ ਆਪਣੇ ਪਤੀ ਨੂੰ ਇਸ ਤਰ੍ਹਾਂ ਕਹਿੰਦੀ ਹੈ;

ਮੇਰੇ ਖੱਦਰ ਪਿੰਡੇ ਨੂੰ ਖਾਵੇ
ਨਿੱਕੀ ਨਿੱਕੀ ਪੈ ਗਈ ਧਫ਼ੜੀ, ਮੱਖਣਾਂ
ਵੇ ਡਿੱਪੂ 'ਚੋਂ ਲਿਆ ਦੇ ਕੱਪੜਾ, ਜੇ ਰੱਖਣਾ।



ਆਦਮੀ ਘਰ ਦੀ ਕਬੀਲਦਾਰੀ ਤੋਂ ਮਜਬੂਰ ਹੈ, ਪਰ ਉਹ ਫਿਰ ਵੀ ਉਸ ਨੂੰ ਸਮਝਾਉਂਦਾ ਹੈ;

ਛਾਪਾ ਖੱਦਰ ਬਣਾ ਕੇ ਪਾ ਲੈ
ਦੇ ਗੇੜਾ ਚਰਖੇ ਨੂੰ ਹਰੀਏ
ਨੀਂ ਕੱਪੜਾ ਨਹੀਂ ਮਿਲਦਾ ਕੀ ਕਰੀਏ!

ਘਰ ਦੇ ਕੱਤੇ ਸੂਤ ਨਾਲ ਕੁੜੀਆਂ ਨੂੰ ਦਾਜ ਵਿੱਚ ਦਿੱਤੇ ਜਾਣ ਵਾਲੇ ਬਿਸਤਰੇ, ਪਲੰਘ ਅਤੇ ਹੋਰ ਚੀਜ਼ਾਂ ਇਸ ਕਪਾਹ ਦੀ ਹੀ ਦੇਣ ਹਨ। ਸੂਤ ਕੱਤਣ ਤੋਂ ਬਾਅਦ ਅਟੇਰਨ ਉੱਤੇ ਅਟੇਰਿਆ ਜਾਂਦਾ ਹੈ ਅਤੇ ਉਸ ਦੀਆਂ ਅੱਟੀਆਂ ਬਣਾਈਆਂ ਜਾਂਦੀਆਂ ਹਨ। ਜੇਕਰ ਹੱਥੀਂ ਕੱਤੇ ਸੂਤ ਦੇ ਖੇਸ/ਦੋੜੇ ਜਾਂ ਕੋਈ ਹੋਰ ਵੰਨਗੀ ਤਿਆਰ ਕਰਨੀ ਹੈ ਤਾਂ ਉਨ੍ਹਾਂ ਅੱਟੀਆਂ ਨੂੰ ਊਰੀ 'ਤੇ ਚੜ੍ਹਾ ਕੇ ਨੜੇ ਵੱਟੇ ਜਾਂਦੇ ਹਨ। ਉਸ ਤੋਂ ਬਾਅਦ ਤਾਣਾ ਤਣਦੇ ਹਨ। ਇਸ ਕੰਮ ਨੂੰ ਮਾਹਰ ਔਰਤਾਂ ਬੜੀ ਫੁਰਤੀ ਨਾਲ ਕਰਦੀਆਂ ਹਨ। ਤਾਣਾ ਤਣਦੀਆਂ ਹੋਈਆਂ ਵੀ ਉਹ ਗੀਤ ਗਾਉਂਦੀਆਂ ਹਨ;

ਉੱਚੇ ਟਿੱਬੇ ਮੈਂ ਤਾਣਾ ਤਣਦੀ
ਉੱਤੋਂ ਦੀ ਲੰਘ ਗਿਆ ਮੋਰ।
ਜੇ ਮੈਨੂੰ ਪਤਾ ਹੁੰਦਾ
ਗਰਦਨ ਦਿੰਦੀ ਮਰੋੜ।

ਜਿੱਥੇ ਕਪਾਹ ਤੋਂ ਘਰ ਦੀਆਂ ਵਸਤਾਂ ਤਿਆਰ ਹੁੰਦੀਆਂ ਹਨ, ਉੱਥੇ ਮੰਡੀ ਵਿੱਚ ਵੇਚ ਕੇ ਉਸ ਦਾ ਮੁੱਲ ਵੀ ਪ੍ਰਾਪਤ ਕੀਤਾ ਜਾਂਦਾ ਅਤੇ ਉਸ ਤੋਂ ਪੈਸੇ ਪ੍ਰਾਪਤ ਕਰਕੇ ਘਰ ਦੀ ਕਬੀਲਦਾਰੀ ਤੋਰੀ ਜਾਂਦੀ ਜਾਂ ਕੋਈ ਚੀਜ਼ ਲਿਆਂਦੀ ਜਾਂਦੀ। ਕਪਾਹ ਦੇ ਵੱਢਣ ਤੋਂ ਪਹਿਲਾਂ ਉਸ ਦੇ ਉੱਤੇ ਲੱਗੇ ਟੀਂਡਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਧੁੱਪੇ ਸੁੱਟਿਆ ਜਾਂਦਾ ਹੈ ਜੋ ਧੁੱਪ ਲੱਗਣ ਨਾਲ ਖਿੜ ਜਾਂਦੇ ਹਨ ਅਤੇ ਉਨ੍ਹਾਂ ਵਿੱਚੋਂ ਕਪਾਹ ਕੱਢ ਲਈ ਜਾਂਦੀ ਹੈ। ਕਪਾਹ ਦੀਆਂ ਸਿੱਕਰੀਆਂ ਨੂੰ ਬਾਲਣ ਵਜੋਂ ਵਰਤਿਆ ਜਾਂਦਾ ਹੈ। ਕਪਾਹ ਦੀਆਂ ਛਿਟੀਆਂ ਬਾਲਣ ਦੇ ਕੰਮ ਆਉਂਦੀਆਂਹਨ। ਚੁੱਲ੍ਹੇ 'ਤੇ ਰੋਟੀ ਪਕਾਉਣ ਵੇਲੇ ਛਿਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀਆਂ ਛਿਟੀਆਂ ਨਰਮੇ ਦੀਆਂ ਛਿਟੀਆਂ ਨਾਲੋਂ ਵਧੀਆ ਹੁੰਦੀਆਂ ਹਨ, ਪਰ ਫਿਰ ਵੀ ਇਹ ਬੋਲੀ ਜ਼ਰੂਰ ਪ੍ਰਚਲਿੱਤ ਹੋ ਗਈ ਹੈ;

ਐਥੋਂ ਲਿਆਈਂ ਵੇ ਛੜੇ ਦੀ ਮੁੱਛ ਪੱਟ ਕੇ
ਛਟੀਆਂ ਦੀ ਅੱਗ ਨਾ ਬਲੇ।

# ਬਾਬਾ ਫ਼ਰੀਦ ਬਾਣੀ ਦੀ ਵਰਤਮਾਨ ਸਮੇਂ 'ਚ ਪ੍ਰਸੰਗਿਕਤਾ

ਗੁਰਦੀਪ ਢੁੱਡੀ

ਕਿਸੇ ਵੀ ਕ੍ਰਿਤ ਦਾ ਅਧਿਐਨ ਸਮੇਂ ਦੇ ਸਮਕਾਲੀ ਹਾਲਾਤ ਦੇ ਪ੍ਰਸੰਗ ਵਿੱਚ ਕੀਤਿਆਂ ਹੀ ਸਿੱਟੇ ਪ੍ਰਾਪਤ ਹੁੰਦੇ ਹਨ। ਥੋੜ੍ਹ-ਚਿਰੇ ਜਾਂ ਕਹੀਏ ਕੇਵਲ ਤਤਕਾਲੀਨ ਹਾਲਾਤ ਅਨੁਸਾਰੀ ਰਚਨਾਵਾਂ ਚਿਰ ਸਥਾਈ ਨਹੀਂ ਹੁੰਦੀਆਂ। ਹਾਲਾਤ ਬਿਆਨ ਕਰਦੀਆਂ ਰਚਨਾਵਾਂ ਚਿਰ ਸਥਾਈ ਹੀ ਨਹੀਂ ਸਗੋਂ ਆਪਣਾ ਪ੍ਰਭਾਵ ਹਮੇਸ਼ਾ ਛੱਡਦੀਆਂ ਰਹਿੰਦੀਆਂ ਹਨ। ਜੇ ਅਸੀਂ ਆਪਣੇ ਮੱਧਕਾਲੀ ਸਾਹਿਤ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹਾਂ ਤਾਂ ਸੂਫ਼ੀ ਕਾਵਿ, ਕਿੱਸਾ ਕਾਵਿ, ਗੁਰਬਾਣੀ ਆਦਿ ਸਾਡੇ ਵਾਸਤੇ ਅੱਜ ਵੀ ਪੂਰਾ ਪ੍ਰਸੰਗਿਕ ਸਾਹਿਤ ਹੈ। ਗੁਰਬਾਣੀ ਸਾਡੇ ਵਾਸਤੇ ਅੱਜ ਵੀ ਓਨੀ ਹੀ ਸਿੱਖਿਆ ਦੇਣ ਵਾਲੀ ਹੈ ਜਿੰਨੀ ਇਹ ਆਪਣੇ ਰਚਨਾਕਾਲ ਸਮੇਂ ਸੀ। ਜਦੋਂ ਅਸੀਂ ਬਾਬਾ ਫ਼ਰੀਦ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਵੀ ਇਸ ਦਾ ਸਹੀ ਮੁੱਲ ਵਰਤਮਾਨ ਹਾਲਾਤ ਵਿੱਚ ਪੂਰੀ ਉਤਰਦੀ ਹੋਣ ਕਰਕੇ ਹੀ ਪੈਂਦਾ ਹੈ। ਲੋਕ ਭਾਸ਼ਾ ਵਿੱਚ ਰਚੀ ਬਾਣੀ ਸਾਨੂੰ ਸਾਡੇ ਸਮਿਆਂ ਦੀ ਲਿਖੀ ਹੋਈ ਬਾਣੀ ਹੀ ਪ੍ਰਤੀਤ ਹੁੰਦੀ ਹੈ। ਬਾਬਾ ਫ਼ਰੀਦ ਦਾ ਜਨਮ 1173 ਈਸਵੀ ਵਿਚ ਹੋਇਆ ਸੀ ਅਤੇ ਉਹ 1265 ਈਸਵੀ ਨੂੰ ਇਸ ਸੰਸਾਰ ਤੋਂ ਰੁਖ਼ਸਤ ਹੁੰਦੇ ਹਨ। ਉਸ ਵੇਲੇ ਬੜਾ ਅਫ਼ਰਾ-ਤਫ਼ਰੀ ਵਾਲਾ ਮਾਹੌਲ ਸੀ। ਜਿਵੇਂ ਕੋਈ ਵੀ ਸਾਹਿਤ, ਸਮਾਜਿਕ ਤੌਰ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ ਤਿਵੇਂ ਹੀ ਮੋੜਵੇਂ ਰੂਪ ਵਿੱਚ ਸਾਹਿਤ ਵੀ ਸਮਾਜਿਕ ਵਰਤਾਰਿਆਂ 'ਤੇ ਆਪਣਾ ਅਸਰ ਪਾਉਂਦਾ ਹੈ। ਬਾਬਾ ਫ਼ਰੀਦ ਜੀ ਦਾ ਸਮਾਂ ਸਾਮੰਤਵਾਦ ਦਾ ਸਮਾਂ ਸੀ ਅਤੇ ਸਾਮੰਤਵਾਦੀ ਸਮਾਜਕ ਵਿਵਸਥਾ ਦੌਰਾਨ ਮਨੁੱਖ ਦੀਆਂ ਸਮਾਜਿਕ ਖਾਹਿਸ਼ਾਂ ਅਤੇ ਨਿੱਜੀ ਆਜ਼ਾਦੀ ਦਾ ਹਮੇਸ਼ਾ ਦਮਨ ਹੁੰਦਾ ਹੈ। ਬਾਹੂ ਬਲੀ ਦਾ ਬੋਲਬਾਲਾ, ਮਾਨਵੀ ਜੀਵਨ ਦਾ ਘਾਣ ਕਰਦਾ ਹੈ। ਉਹ ਮਨੁੱਖ ਦੀ ਆਜ਼ਾਦੀ ਨੂੰ ਪ੍ਰਵਾਨ ਕਰਦਾ ਹੀ ਨਹੀਂ ਹੈ। ਜਦੋਂ ਬਾਬਾ ਫ਼ਰੀਦ ਜੀ:



ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

ਆਖਦੇ ਹਨ ਤਾਂ ਉਹ ਪਹਿਲੀ ਤੁਕ ਵਿੱਚ ਆਪਣੇ ਸਮੇਂ ਦੀ ਤਸਵੀਰਕਸ਼ੀ ਕਰਦੇ ਪ੍ਰਤੀਤ ਹੁੰਦੇ ਹਨ। ਇਹ ਇੱਕ ਸਮਾਜਿਕ ਤੇ ਆਰਥਿਕ ਪਾੜਾ ਹੈ। ਕਦੇ ਇਸੇ ਨੂੰ ਵਰਤਮਾਨ ਕਾਵਿਧਾਰਾ ਦੇ ਮੋਢੀ ਕਵੀਆਂ 'ਚੋਂ ਪ੍ਰੋਫ਼ੈਸਰ ਮੋਹਨ ਸਿੰਘ ਨੇ 'ਦੋ ਧੜਿਆਂ ਵਿੱਚ ਦੁਨੀਆਂ ਵੰਡੀ ਇਕ ਮਹਿਲਾਂ ਦਾ ਇਕ ਢੋਕਾਂ ਦਾ, ਦੋ ਧੜਿਆਂ ਵਿੱਚ ਖ਼ਲਕਤ ਵੰਡੀ ਇਕ ਲੋਕਾਂ ਦਾ ਇਕ ਜੋਕਾਂ' ਦਾ ਆਖਿਆ ਸੀ। ਅੱਜ ਵੀ ਇਸ ਤਰ੍ਹਾਂ ਦੇ ਲੋਕ ਹਨ ਜਿਨ੍ਹਾਂ ਕੋਲ ਸਿਰ ਢਕਣ ਲਈ ਛੱਤ ਨਹੀਂ ਹੈ, ਦੋ ਡੰਗ ਦੀ ਰੋਟੀ ਨਸੀਬ ਨਹੀਂ ਹੁੰਦੀ ਹੈ ਅਤੇ ਉਹ ਇਸ ਦੁਨੀਆਂ ਦੇ ਲੋਕਾਂ ਵਿੱਚ ਕਿਤੇ ਵੀ ਨਾ ਗਿਣੇ ਜਾਣ ਵਾਲੇ ਲੋਕਾਂ 'ਚੋਂ ਹਨ। ਦੂਸਰੇ ਪਾਸੇ ਲੋਕਾਂ ਦਾ ਖ਼ੂਨ ਚੂਸਣ ਵਾਲਿਆਂ ਦੀ ਆਮਦਨੀ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਹੋਈ ਜਾਂਦੀ ਹੈ। ਬਾਬਾ ਫ਼ਰੀਦ ਜੀ ਆਪਣੇ ਸਲੋਕ ਦੀ ਦੂਸਰੀ ਤੁਕ ਵਿੱਚ ਇਸ ਤਰ੍ਹਾਂ ਦੀ ਸਮਾਜਕ ਵਿਵਸਥਾ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ ਰੱਬ ਨੂੰ ਨਿਹੋਰਾ ਮਾਰਦੇ ਹਨ ਕਿ ਜੇ ਉਸ ਨੇ ਇਹੋ ਜਿਹੀ ਹਾਲਤ ਵਿੱਚ ਹੀ ਰੱਖਣਾ ਹੈ ਤਾਂ ਉਸ ਨੂੰ ਜਿਊਂਦੇ ਰਹਿਣ ਦੀ ਕੋਈ ਚਾਹ ਨਹੀਂ ਹੈ। 'ਬਾਰਿ ਪਰਾਇਐ ਬੈਸਣਾ' ਮਨੁੱਖ ਦੀ ਅੰਤਾਂ ਦੀ ਤ੍ਰਾਸਦਿਕ ਸਥਿਤੀ ਹੈ। ਜਾਂ ਫਿਰ:

ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ ॥

ਆਖਦੇ ਹੋਏ ਆਰਥਿਕਤਾ ਦੀ ਕਾਣੀ ਵੰਡ ਪ੍ਰਤੀ ਆਪਣੇ ਗਿਲੇ ਨੂੰ ਸਿਖ਼ਰ ਤੱਕ ਲੈ ਕੇ ਜਾਂਦੇ ਹਨ। ਬੇਸ਼ੱਕ ਉਹ ਆਪਣੇ ਨਿਮਨ ਸਲੋਕ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥

ਵਿੱਚ ਸਭ ਕੁੱਝ ਵੇਖਦੇ ਹੋਏ ਸਬਰ ਕਰਨ ਦੀ ਨਸੀਹਤ ਦਿੰਦੇ ਪ੍ਰਤੀਤ ਹੁੰਦੇ ਹਨ ਪਰ 'ਰੁਖੀ ਸੁਖੀ' (ਰੋਟੀ) ਅਤੇ ਚੋਪੜੀ (ਘਿਓ ਨਾਲ ਚੋਪੜੀ ਹੋਈ ਰੋਟੀ) ਵਿਚਲਾ ਅੰਤਰ ਵੀ ਤਾਂ ਸਪਸ਼ਟ ਕਰਦੇ ਹਨ। ਅਸਲ ਵਿੱਚ ਰੋਟੀ ਸਿਰਫ ਉਦਰ ਪੂਰਤੀ ਵਾਸਤੇ ਇੱਕ ਪਦਾਰਥ ਦਾ ਨਾਮ ਨਹੀਂ ਹੈ, ਇਹ ਤਾਂ ਇੱਕ ਸਮਾਜਿਕ ਤੇ ਆਰਥਿਕ ਪਾੜੇ ਦਾ ਪ੍ਰਤੀਕ ਹੈ। ਅੱਜ ਵੀ ਇਹ ਪਾੜਾ ਬਹੁਤ ਹੀ ਉਭਰਵੇਂ ਰੂਪ ਵਿੱਚ ਸਨਮੁਖ ਹੋ ਰਿਹਾ ਹੈ ਅਤੇ ਇਸ ਪਾੜੇ ਦਾ ਜਿਵੇਂ ਬਾਬਾ ਫ਼ਰੀਦ ਜੀ ਨੇ ਡਟਵਾਂ ਵਿਰੋਧ ਕੀਤਾ ਸੀ ਤਿਵੇਂ ਹੀ ਬਾਬਾ ਜੀ ਤੋਂ ਸੇਧ ਲੈ ਕੇ ਇਸ ਪਾੜੇ ਦਾ ਵਿਰੋਧ ਕਰਨ ਵਾਲੇ ਉਭਰਵੇਂ ਰੂਪ ਵਿੱਚ ਸੰਘਰਸ਼ ਕਰਦੇ ਵੇਖੇ ਜਾ ਸਕਦੇ ਹਨ।

ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਸ੍ਰਿਸ਼ਟੀ ਦੀ ਰਚਨਾ ਵਿੱਚ ਸਾਰੇ ਹੀ ਮਨੁੱਖ ਸਮਾਨ ਹਨ ਅਤੇ ਉਨ੍ਹਾਂ ਵਿੱਚ ਕੋਈ ਭਿੰਨ-ਭੇਦ ਕਿਤੇ ਵੀ ਵੇਖਣ ਨੂੰ ਨਹੀਂ ਮਿਲਦਾ ਪਰ ਇਹ ਭਿੰਨ-ਭੇਦ ਬਾਰ੍ਹਵੀਂ ਸਦੀ ਵਿੱਚ ਵੀ ਸੀ ਅਤੇ ਇਹ ਇੱਕੀਵੀਂ ਸਦੀ ਵਿੱਚ ਵੀ ਬਰਕਰਾਰ ਹੈ। ਸਾਡੇ ਵਰਗੇ ਮੁਲਕ ਵਿੱਚ ਤਾਂ ਇਸ ਤਰ੍ਹਾਂ ਭਾਸਦਾ ਹੈ ਜਿਵੇਂ ਇਹ ਸਗੋਂ ਹੋਰ ਵੀ ਵਿਕਰਾਲ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਦੇਸ਼ ਨੂੰ ਅਜ਼ਾਦੀ ਮਿਲੀ, ਸੰਵਿਧਾਨ ਲਾਗੂ ਹੋਇਆ ਅਤੇ ਸੰਵਿਧਾਨਕ ਧਾਰਾਵਾਂ ਵਿੱਚ ਬੜਾ ਸਪਸ਼ਟ ਸੰਕੇਤ ਦਿੱਤਾ ਗਿਆ ਹੈ ਕਿ ਦੇਸ਼ ਦੇ ਸਾਰੇ ਨਾਗਰਿਕ ਬਰਾਬਰ ਹਨ ਪਰ ਹੈਰਾਨੀ ਅਤੇ ਦੁੱਖ ਵਾਲੀ ਗੱਲ ਹੈ ਕਿ ਸਾਡੇ ਵਰਗੇ ਵੱਡੇ ਲੋਕਤੰਤਰੀ ਦੇਸ਼ ਅਖਵਾਏ ਜਾਣ ਵਾਲੇ ਦੇਸ਼ ਵਿੱਚ ਬੰਦੇ, ਬੰਦੇ ਵਿੱਚ ਪਾੜਾ ਸਾਡੇ ਸਾਹਮਣੇ ਆ ਰਿਹਾ ਹੈ। ਮਨੁੱਖਾਂ ਨਾਲ ਕੀਤਾ ਜਾਣ ਵਾਲਾ ਵਿਹਾਰ ਬੜੇ ਵੱਡੇ ਅੰਤਰ ਵਾਲਾ ਹੁੰਦਾ ਹੈ। ਕਈਆਂ ਵਾਸਤੇ ਅੱਖ ਦੇ ਫ਼ੋਰ ਵਿੱਚ ਸਹੂਲਤਾਂ ਪ੍ਰਦਾਨ ਕਰਨ ਦਾ ਸਮਾਂ ਆ ਜਾਂਦਾ ਹੈ ਜਦੋਂ ਕਿ ਦੂਸਰਿਆਂ ਵਾਸਤੇ ਇਹ ਦੀਵਾ ਲੈ ਕੇ ਲਭਣੀਆਂ ਪੈਂਦੀਆਂ ਹਨ। ਬਾਬਾ ਫ਼ਰੀਦ ਜੀ ਆਪਣੇ ਸਲੋਕ ਵਿੱਚ ਵਾਸਤਾ ਪਾਉਂਦੇ ਹਨ:

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥

ਪਰ ਜਿਵੇਂ ਅਸੀਂ ਅੱਜ ਵੀ ਇਹ ਆਸ ਲਾਈ ਬੈਠੇ ਹਾਂ ਕਿ ਇੱਕ ਦਿਨ ਆਵੇਗਾ ਜਦੋਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ। ਜਿਹੜੇ ਲੋਕ ਆਮ ਲੋਕਾਂ ਤੋਂ ਵਖਰੇਵਾਂ ਰੱਖਣ ਵਾਲੇ ਹਨ, ਇਕ ਦਿਨ ਉਨ੍ਹਾਂ ਨੂੰ ਜਨਤਕ ਕਚਹਿਰੀ ਵਿੱਚ ਪੇਸ਼ ਹੋਣਾ ਪੈਣਾ ਹੈ ਅਤੇ ਉਨ੍ਹਾਂ ਨੂੰ ਸਜ਼ਾਵਾਂ ਵੀ ਮਿਲਣੀਆਂ ਹਨ। ਸ਼ਾਇਦ ਇਸ ਇੱਛਾ ਦਾ ਅਭਾਸ ਸਾਨੂੰ ਬਾਬਾ ਫ਼ਰੀਦ ਜੀ ਦੀ ਬਾਣੀ ਤੋਂ ਹੀ ਹੋਇਆ ਹੋਵੇਗਾ। ਬਾਬਾ ਫ਼ਰੀਦ ਜੀ ਆਖਦੇ ਹਨ:

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥
ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ।

ਕਿਹਾ ਜਾਂਦਾ ਹੈ ਕਿ ਕੱਫ਼ਣ ਦੀ ਕੋਈ ਜੇਬ ਨਹੀਂ ਹੁੰਦੀ। ਭਾਵ ਜਿੰਨਾ ਮਰਜ਼ੀ ਧਨ ਦੌਲਤ ਇਕੱਤਰ ਕਰ ਲਿਆ ਜਾਵੇ ਮਨੁੱਖ ਦੀ ਜਦੋਂ ਮੌਤ ਹੁੰਦੀ ਹੈ ਤਾਂ ਚੰਗੇ ਕਰਮਾਂ ਤੋਂ ਬਿਨਾ ਉਸ ਨਾਲ ਕੁੱਝ ਨਹੀਂ ਜਾਂਦਾ। ਝੂਠ ਬੋਲਣ, ਭ੍ਰਿਸ਼ਟਾਚਾਰ ਕਰਕੇ ਧਨ ਦੌਲਤ ਦੇ ਅੰਬਾਰ ਲਾਉਣ, ਕੋਠੀਆਂ ਬੰਗਲੇ ਉਸਾਰਨ ਵਾਲਿਆਂ ਨੂੰ ਵੀ ਇੱਕ ਦਿਨ ਅੰਤਲੇ ਸਥਾਨ ਵਿੱਚ ਜਾਣਾ ਪੈਣਾ ਹੈ ਅਤੇ ਉਸ ਸਮੇਂ ਕਿਸੇ ਵੀ ਭੌਤਿਕ ਪਦਾਰਥ ਨੇ ਨਾਲ ਨਹੀਂ ਜਾਣਾ।

ਮਨੁੱਖ ਦੇ ਮਾੜੇ ਕਰਮਾਂ ਸਦਕਾ ਇਸ ਸੰਸਾਰ ਵਿੱਚ ਉਸ ਲਈ ਸ਼ਰਮਿੰਦਾ ਹੋਣ ਵਾਲੀ ਸਥਿਤੀ ਹੀ ਬਣਨੀ ਹੈ ਜਦੋਂ ਕਿ ਚੰਗੇ ਕਾਰਜ ਕਰਨ ਨਾਲ ਉਸ ਦੀ ਉਸਤਤ ਹੋਣੀ ਹੈ। ਇਸੇ ਕਰਕੇ ਬਾਬਾ ਫ਼ਰੀਦ ਜੀ ਆਖਦੇ ਹਨ:

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥

ਲੋਕ ਕਲਿਆਣ ਅਤੇ ਲੋਕ ਰੁਚੀਆਂ ਦਾ ਧਿਆਨ ਰੱਖ ਕੇ ਸਾਹਿਤ ਰਚਣ ਵਾਲਿਆਂ ਦਾ ਸਾਹਿਤ, ਲੋਕ ਸਾਹਿਤ ਦਾ ਦਰਜਾ ਹਾਸਲ ਕਰ ਜਾਂਦਾ ਹੈ ਅਤੇ ਇਸ ਦੀ ਪ੍ਰਸੰਗਿਕਤਾ ਰਚੇ ਜਾਣ ਦੇ ਸਮੇਂ ਵੀ ਬਹੁਤ ਹੁੰਦੀ ਹੈ ਅਤੇ ਸਮਾਂ ਵਿਹਾਅ ਜਾਣ 'ਤੇ ਵੀ ਇਸ ਦੇ ਮੁੱਲ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਲੋਕ ਭਾਸ਼ਾ ਵਿੱਚ ਰਚੀ ਗਈ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਸਾਨੂੰ ਕਿਤੇ ਵੀ ਅਹਿਸਾਸ ਨਹੀਂ ਹੁੰਦਾ ਕਿ ਇਹ ਬਾਣੀ ਬਾਰ੍ਹਵੀਂ-ਤੇਰ੍ਹਵੀਂ ਸਦੀ ਵਿੱਚ ਰਚੀ ਗਈ ਹੈ। ਸਗੋਂ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਹ ਅੱਜ ਦੇ ਮਨੁੱਖ ਨੂੰ ਨਸੀਹਤਾਂ ਦਿੰਦੀ ਹੋਈ ਬਾਣੀ ਹੀ ਹੈ।

# ਕੀਰਤਨ ਦੀ ਸਿਖ ਧਰਮ ਵਿੱਚ ਮਹੱਤਤਾ

ਰਜਿੰਦਰ ਕੌਰ ਜੀਤ

ਕੀਰਤਨ ਗੁਰੂ ਦੀ ਬਖਸ਼ੀ ਉਹ ਦਾਤ ਹੈ ਜਿਸ ਨਾਲ ਰੂਹ ਦੀ ਤ੍ਰਿਪਤੀ ਹੁੰਦੀ ਹੈ। ਜਦੋਂ ਇਹ ਸੋਝੀ ਆਉਂਦੀ ਹੈ ਤਾਂ ਇਹ ਆਨੰਦ ਦਾ ਖਜ਼ਾਨਾ ਲੱਗਦਾ ਹੈ। ਇਸ ਕਲਯੁਗ ਵਿੱਚ ਕੀਰਤਨ ਹੀ ਹੈ ਜੋ ਤਾਰਨਹਾਰ ਹੈ। ਇਹ ਅਜਿਹਾ ਵਰਦਾਨ ਹੈ ਜੋ ਗੁਰੂ ਨੇ ਸਾਨੂੰ ਦਿੱਤਾ ਹੈ। ਕੀਰਤਨ ਦਾ ਅਰਥ ਹੈ ਪ੍ਰਭੂ ਦੀ ਗਾ ਕੇ ਕੀਰਤੀ, ਉਸਤਤ ਤੇ ਸਿਫ਼ਤ ਸਲਾਹ ਕਰਨੀ। ਸਿੱਖ ਧਰਮ 'ਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਪਰੰਪਰਾ ਦੇ ਮੋਢੀ ਮੰਨਿਆ ਜਾਂਦਾ ਹੈ। ਆਪ ਜੀ ਜਦੋਂ ਸੰਸਾਰ ਨੂੰ ਤਾਰਨ ਲਈ ਉਦਾਸੀਆਂ (ਧਾਰਮਿਕ ਯਾਤਰਾਵਾਂ) ਲਈ ਰਵਾਨਾ ਹੋਏ ਤਾਂ ਉਨ੍ਹਾਂ ਨੇ ਆਪਣੇ ਨਾਲ ਭਾਈ ਮਰਦਾਨਾ ਰਬਾਬੀ ਨੂੰ ਸਾਥੀ ਵਜੋਂ ਚੁਣਿਆ। ਗੁਰੂ ਸਾਹਿਬ ਸ਼ਬਦ ਗਾਇਨ ਕਰਦੇ ਤੇ ਭਾਈ ਮਰਦਾਨਾ ਰਬਾਬ 'ਤੇ ਸੰਗਤ ਕਰਦਾ। ਗੁਰੂ ਸਾਹਿਬ ਦੀ ਸਰੋਦੀ ਤੇ ਰੂਹਾਨੀ ਆਵਾਜ਼ ਤੇ ਭਾਈ ਮਰਦਾਨਾ ਜੀ ਦੀ ਰਬਾਬ ਦੀ ਇਲਾਹੀ ਟੁਣਕਾਰ ਦੇ ਸੁਮੇਲ ਨਾਲ ਸੰਗਤ ਉੱਤੇ ਅਜਿਹਾ ਪ੍ਰਭਾਵ ਪੈਂਦਾ ਕਿ ਉਨ੍ਹਾਂ ਦੀ ਸੁਰਤ ਸਹਿਜੇ ਹੀ ਪ੍ਰਭੂ ਨਾਲ ਜੁੜ ਜਾਂਦੀ। ਸਿੱਖ ਧਰਮ ਵਿੱਚ ਸਭ ਤੋਂ ਵੱਧ ਪ੍ਰਧਾਨਤਾ ਗੁਰਬਾਣੀ ਦੇ ਕੀਰਤਨ ਨੂੰ ਦਿੱਤੀ ਗਈ ਹੈ। ਕੀਰਤਨ ਅਜਿਹਾ ਵਰਦਾਨ ਹੈ ਜਿਸ ਨਾਲ ਸੁਰਤ ਸ਼ਬਦ ਵਿੱਚ ਸਹਜੇ ਹੀ ਜੁੜ ਜਾਂਦੀ ਹੈ। ਗੁਰੂ ਜੀ ਨੇ ਗੁਰਬਾਣੀ ਵਿੱਚ ਉਚਾਰਿਆ ਹੈ :-

ਧੁਨ ਮਹਿ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ ॥੩॥
(ਅੰਗ - ੯੭੯)

ਸੋ ਗੁਰਬਾਣੀ ਕੀਰਤਨ ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ ਸੀ। ਗੁਰੂ ਸਾਹਿਬ ਖ਼ੁਦ ਕੀਰਤਨ ਕਰਦੇ ਅਤੇ ਭਾਈ ਮਰਦਾਨਾ ਰਬਾਬ ਵਜਾਉਂਦਾ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਹਜ਼ੂਰ ਭਾਈ ਸਾਦੂ ਤੇ ਭਾਈ ਬਾਦੂ ਰਬਾਬੀ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ।



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਭਾਈ ਬਾਬਕ ਰਬਾਬੀ ਜੋ ਢਾਡੀ ਬਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸੂਰਬੀਰਾਂ ਦੀਆਂ ਵਾਰਾਂ ਗਾਉਂਦਾ ਰਿਹਾ ਹੈ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਬਾਬਕ ਕਈ ਸਾਲਾਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੀਰਤਨ ਵੀ ਕਰਦਾ ਰਿਹਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਭਾਈ ਸੱਦੂ ਤੇ ਭਾਈ ਮੱਦੂ ਆਸਾ ਜੀ ਦੀ ਵਾਰ ਦਾ ਕੀਰਤਨ ਕਰਦੇ ਸਨ।

ਰਾਗ-ਬੱਧ ਗੁਰਬਾਣੀ ਨੂੰ ਸੁਰ ਦੇ ਨਾਲ ਮਿਲਾ ਕੇ ਗਾਉਣ ਲਈ ਗੁਰੂ ਸਾਹਿਬਾਨ ਨੇ ਰਬਾਬ, ਸਿਰੰਦਾ, ਤਾਊਸ, ਦਿਲਰੁਬਾ ਅਤੇ ਤਾਨਪੁਰਾ ਦੀ ਵਰਤੋਂ ਕੀਤੀ। ਇਨ੍ਹਾਂ ਦੇ ਨਾਲ ਸੁਰਾਂ ਨੂੰ ਤਾਲ ਦੇਣ ਲਈ ਮ੍ਰਿਦੰਗ, ਪਖਾਵਜ ਅਤੇ ਢੋਲਕ ਵਰਤੇ ਜਾਂਦੇ ਰਹੇ ਇਹ ਸਾਰੇ ਸਾਜ਼ ਤਾਰ (ਤੰਤੀ) ਨਾਲ ਵਜਾਉਣ ਵਾਲੇ ਹੋਣ ਕਾਰਨ 'ਤੰਤੀ ਸਾਜ਼' ਅਖਵਾਏ। ਗੁਰੂ ਸਾਹਿਬਾਨ ਤੋਂ ਮਗਰੋਂ ਰਾਗੀ ਸਿੰਘ ਤੰਬੂਰਾ, ਦੋਤਾਰਾ, ਸਿਤਾਰ ਅਤੇ ਚੌਤਾਰਾ ਦੀ ਵਰਤੋਂ ਵੀ ਕਰਦੇ ਰਹੇ ਪਰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੰਸਰੀ, ਅਲਗੋਜ਼ੇ, ਇਕਤਾਰਾ ਅਤੇ ਸਾਰੰਗੀ ਵਰਗੇ ਸਾਜ਼ ਵਜਾਉਣ ਦੀ ਸ਼ੁਰੂ ਤੋਂ ਮਨਾਹੀ ਹੈ।

### ਕੀਰਤਨ ਦੀ ਮਹਿਮਾ

ਕੀਰਤਨ ਸੁਣਨ ਨਾਲ ਮਨ ਛੇਤੀ ਕਾਬੂ ਵਿੱਚ ਆ ਜਾਂਦਾ ਹੈ। ਜਦੋਂ ਸੰਗੀਤ ਦੀਆਂ ਧੁਨਾਂ 'ਤੇ ਗੁਰੂ ਦੀ ਬਾਣੀ ਗਾਈ ਜਾਂਦੀ ਹੈ। ਮਨ ਇਕਾਗਰ ਹੋ ਜਾਂਦਾ ਹੈ। ਪਤਾ ਹੀ ਨਹੀਂ ਲੱਗਦਾ ਸਮਾਂ ਕਿਵੇਂ ਲੰਘ ਜਾਂਦਾ ਹੈ। ਜਦੋਂ ਕੋਈ ਰੂਹ ਤੋਂ ਭਿੱਜ ਕੇ ਕੀਰਤਨ ਕਰਦੀ ਹੈ ਤਾਂ ਉਹ ਸੁਰ ਸ਼ਬਦ ਸੁਣਨ ਵਾਲਿਆਂ ਦੀ ਮਾਨਸਿਕ ਅਵਸਥਾ 'ਤੇ ਜ਼ਰੂਰ ਅਸਰ ਕਰਦੀ ਹੈ ਜਾਂ ਜਦੋਂ ਕੋਈ ਮਾਨਸਿਕ, ਪਰਿਵਾਰਿਕ ਪਰੇਸ਼ਾਨੀ ਹੋਵੇ ਤਾਂ ਉਸ ਅਕਾਲ ਪੁਰਖ ਨੂੰ ਯਾਦ ਕੀਤਾ ਜਾਵੇ, ਰੂਹ ਤੜਫਦੀ ਹੋਵੇ, ਤਾਂ ਇਉਂ ਲੱਗਦਾ, ਜਿਵੇਂ ਗੁਰਬਾਣੀ ਸਾਡੇ ਹੀ ਦਰਦ ਨੂੰ ਬਿਆਨ ਕਰ ਰਹੀ ਹੈ ਅਤੇ ਸਾਨੂੰ ਸਮਝਾ ਰਹੀ ਹੈ।

ਗੱਲ ਉਸ ਸਮੇਂ ਦੀ ਹੈ ਜਦੋਂ ਮੇਰੇ ਪੁੱਤਰ ਦੀ ਸਿਹਤ ਬਹੁਤ ਹੀ ਖ਼ਰਾਬ ਹੋ ਗਈ ਸੀ, ਮਨ ਬਹੁਤ ਡੋਲ ਰਿਹਾ ਸੀ ਗੁਰੂ ਘਰ ਜਾ ਕੇ ਅਰਦਾਸ ਜੋਦੜੀ ਕਰਨੀ ਅੱਖਾਂ ਵਿੱਚੋਂ ਨੀਰ ਵਹਿ ਤੁਰਨਾ। ਗੁਰੂ ਘਰ ਕੀਰਤਨੀਆਂ ਪਾਸੋਂ ਸ਼ਬਦ ਸੁਣਿਆ ਤੇਰੇ ਭਰੋਸੇ ਪਿਆਰੇ ਮੈਂ ਲਾਡ ਲਡਾਇਆ। ਮੇਰੀ ਉਸ ਸਮੇਂ ਮਾਨਸਿਕ ਅਵਸਥਾ ਅਜਿਹੀ ਬਣੀ ਹੋਈ ਸੀ, ਕਿ ਅਰਦਾਸ ਕੀਤੀ ਹੇ ਵਾਹਿਗੁਰੂ ਤੁਸੀਂ ਮੈਨੂੰ ਇਹ ਦਾਤ ਦਿੱਤੀ, ਤੁਹਾਡੇ ਸਹਾਰੇ ਮੈਂ ਉੱਡੀ ਫਿਰਦੀ ਹਾਂ, ਬੱਚਿਆਂ ਨਾਲ ਲਾਡ ਲਡਾਉਂਦੇ ਜੀਵਨ ਬਤੀਤ ਕਰਦੇ ਹਾਂ, ਸਾਡੇ ਤੋਂ ਹੋਈਆਂ ਭੁੱਲਾਂ ਲਈ ਸਾਨੂੰ ਬਖਸ਼ ਦੇ ਸਾਨੂੰ ਭੁੱਲਿਆਂ ਨੂੰ ਰਾਹ ਦਿਖਾਓ ਬਖਸ਼ ਲਓ। ਕੀਰਤਨ ਸੁਣਦੇ ਹੋਏ ਪਤਾ ਨਹੀਂ ਕੀ ਹੋਇਆ ਅੱਖੀਆਂ ਵਿਚੋਂ ਨੀਰ ਵਹਿ ਰਹੇ ਸਨ, ਜੋ ਰੁਕਣ ਦਾ ਨਾਂ ਹੀ ਨਹੀਂ ਲੈ ਰਹੇ ਸਨ। ਇਹ ਮੇਰੀ ਰੋਜ਼ ਦੀ ਅਵਸਥਾ ਬਣ ਗਈ। ਕੀਰਤਨ ਸੁਣ ਕੇ ਮਨ ਐਵੇਂ ਹੌਲਾ ਹੋ ਜਾਂਦਾ,ਜਿਵੇਂ ਕਿੰਨਾ ਭਾਰ ਮਨੋ ਲੈ ਗਿਆ ਹੋਵੇ। । ਇਹ ਦੁੱਖ ਅਜਿਹਾ ਆਇਆ ਕਿ ਨਾਮ ਦਾਰੂ ਬਣ ਗਿਆ ਉਸ ਨੂੰ ਭੁੱਲੇ ਵਿਸਰੇ ਫਿਰਦੇ ਸਾਂ । ਕੀਰਤਨ ਸੁਣ ਕੇ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ ਤਾਂ ਕੀਰਤਨ ਕਰਨ ਵਾਲੇ ਕੀਰਤਨੀ ਸਿੰਘ ਦੀ ਪਦਵੀ ਕਿੰਨੀ ਉੱਚੀ ਅਤੇ ਸਤਿਕਾਰਯੋਗ ਹੈ। ਗੁਰੂ ਘਰਾਂ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਗ੍ਰੰਥੀ, ਢਾਡੀ, ਪ੍ਰਚਾਰਕ ਆਦਿ ਗੁਰੂ ਘਰ ਦੇ ਵਜ਼ੀਰ ਹਨ। ਇਹ ਉਪਾਧੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਬਾਬਾ ਬੁੱਢਾ ਜੀ ਨੂੰ ਦਿੱਤੀ ਸੀ। ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਗੁਰੂ ਘਰਾਂ ਦੀ ਵਜ਼ੀਰਾਂ ਦਾ ਸਤਿਕਾਰ ਕਰੀਏ। ਉਨਾਂ ਨੂੰ ਬਣਦਾ ਮਾਣ ਸਨਮਾਨ ਦੇ ਕੇ ਨਿਵਾਜੀਏ। ਅਜੋਕੀ ਹਾਲਤ ਉਹ ਹੈ ਕਿ ਅਸੀਂ ਇੱਕ ਗੀਤ ਗਾਉਣ ਵਾਲੇ ਨੂੰ ਲੱਖਾਂ ਰੁਪਏ ਭੇਟਾ ਕਰਦੇ ਹਾਂ ਪਰ ਗੁਰੂ ਦੇ ਕੀਰਤਨ ਕਰਨ ਵਾਲੇ ਕੀਰਤਨੀਏ ਨੂੰ ਅਸੀਂ ਬਣਦਾ ਮਾਨ ਸਨਮਾਨ ਵੀ ਨਹੀਂ ਦਿੰਦੇ। ਉਹ ਗੁਰੂ ਘਰ ਦੇ ਵਜ਼ੀਰ ਸਾਡੇ ਬੱਚਿਆਂ ਦੀਆਂ ਅਰਦਾਸਾਂ ਕਰਦੇ ਹਨ। ਅਸੀਂ ਸੋਚਦੇ ਹਾਂ ਕਿ ਇਹ ਗੁਰੂ ਘਰ ਦੇ ਤਨਖਾਈਏ ਹਨ ਇਹਨਾਂ ਨੂੰ ਕਾਹਦੀਆਂ ਭੇਟਾਂਵਾ। ਅਸੀਂ ਰੋਜਾਨਾ ਖਬਰਾਂ ਵਿੱਚ ਪੜਦੇ ਹਾਂ ਸੁਣਦੇ ਹਾਂ ਕਿ ਗੁਰੂ ਘਰਾਂ ਦੇ ਵਿੱਚ ਬਹੁਤ ਗਲਤ ਕੰਮ ਹੁੰਦੇ ਹਨ ਗੁਰੂ ਘਰਾਂ ਵਿੱਚ ਕੰਮ ਕਰਦੇ ਇਹਨਾਂ ਵਜ਼ੀਰਾਂ ਦਾ ਚਰਿਤਰ ਡਿੱਗ ਚੁੱਕਾ ਹੈ । ਪਰ ਕੀ ਇਹ ਸਾਰੇ ਗੁਰੂ ਘਰਾਂ ਦੇ ਵਜ਼ੀਰਾਂ ਦੇ ਉੱਤੇ ਗੱਲ ਢੁੱਕਦੀ ਹੈ। ਕੋਈ ਇੱਕ ਦੋ ਪ੍ਰਤੀਸ਼ਤ ਵਿਅਕਤੀ ਅਜਿਹੇ ਹੋ ਸਕਦੇ ਹਨ ਪਰ ਸਾਰੇ ਨਹੀਂ। ਅਸੀਂ ਕਰਤੇ ਬਣ ਕੇ ਫੈਸਲੇ ਕਰਦੇ ਹਾਂ।

(ਬਾਕੀ ਸਫ਼ਾ 31 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

1 ਅਕਤੂਬਰ ’ਤੇ ਵਿਸ਼ੇਸ਼

# ਸਿੰਘ ਸਭਾ ਲਹਿਰ

29 ਮਾਰਚ, 1849 ਨੂੰ ਪੰਜਾਬ ’ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ ਅਕਾਲ ਤਖ਼ਤ ਸਾਹਿਬ, ਤਰਨ ਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਦਾ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘੱਟਣ ਲੱਗੀ। ਧਾਰਮਿਕ ਕਦਰਾਂ ਕੀਮਤਾਂ ਦਾ ਪਤਨ ਹੋਣ ਲੱਗਿਆ। ਸਿੱਖ ਮਰਯਾਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਅਤੇ ਮਹੰਤਾਂ ਨੂੰ ਅੰਗਰੇਜੀ ਸ਼ਹਿ ਸੀ। ਜੋ ਗੁਰਧਾਹਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸੰਗਤਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਸਿੰਘ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ ਪਰ ਗੁਰੂ ਡੰਮ ਦਾ ਜੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿੱਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿੰਨ੍ਹਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਲੋਕਾਂ ਨੂੰ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹਤਿਆ ਦੀ ਵਿਰੋਧੀ ਸੀ। ਜਨਵਰੀ 14-15-1872 ਨੂੰ ਮਾਲੇਰ ਕੋਟਲਾ ਵਿੱਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉੱਡਾ ਦਿੱਤੇ ਕੁਝ ਕੁ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ। ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ, ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ ਲਏ। ਹਿੰਦੂ ਅਤੇ ਮੁਸਲਮਾਨ ਵੀ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਉਣ ਲੱਗੇ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਨਣ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜ ਦੇ ਆਗੂਆਂ ਪੰਡਿਤ ਸ਼ਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖ ਰਾਜ ਆ ਦਿ ਨੇ ਅੰਗਰੇਜ਼ੀ ਸ਼ਹਿ ’ਤੇ ਸਿੱਖ ਧਰਮ ਦੇ ਖ਼ਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 1 ਅਕਤੂਬਰ 1873 ਨੂੰ ਮੰਜੀ ਸਾਹਿਬ ਅੰਮ੍ਰਿਤਸਰ ਵਿੱਚ ਭਾਰੀ ਇੱਕਠ ਹੋਇਆ। ਗੁਰਦੁਆਰਿਆ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ, ਗਿਆਨੀ ਗਿਆਨ ਸਿੰਘ ਸਕੱਤਰ, ਸਰਦਾਰ ਅਮਰ ਸਿੰਘ ਮੀਤ ਪ੍ਰਧਾਨ, ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿੱਚ ਜੋ ਕੁਰੀਤੀਆਂ ਆ ਗਈਆਂ ਹਨ, ਉਹਨਾਂ ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਤੇ ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।



> ਸੰਨ 1883 ਵਿੱਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ, ਸਿੱਖ ਆਗੂਆਂ ਦੀ ਵੀ ਸਭਾ ਵਿੱਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ ’ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ ਪਰ ਇਸਦੇ ਮੋਢੀ ਆਗੂਆਂ ਵਿੱਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿੱਚ ਵਿਸ਼ਵਾਸ ਰੱਖਦੇ ਸਨ। ਸਰਦਾਰ ਠਾਕੁਰ ਸਿੰਘ, ਗਰਮ ਖਿਆਲੀਏ, ਅਤੇ ਅੰਗਰੇਜ਼ ਸਰਕਾਰ ਦੇ ਡੇਗਣ ਦਾ ਜੋਸ਼ ਸੀ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿੱਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਿਆ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ।

ਆਪਣੀ ਸੂਝ ਅਤੇ ਲਗਨ ਨਾਲ ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1876 ਵਿੱਚ ਸਭਾ ਵਿੱਚ ਨਵੀਂ ਜਾਨ ਪਾ ਦਿੱਤੀ। ਆਪਣੇ ਕਾਲਜ਼ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰਤੀਆਂ ਨੂੰ ਦੂਰ ਕਰਨਾ, ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣ, ਸਿੱਖ ਧਰਮ ਦੇ ਵੱਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ, ਪੰਜਾਬੀ ਬੋਲੀ ਵਿੱਚ ਅਖ਼ਬਾਰ ਤੇ ਰਸਾਲੇ ਛਾਪਣਾ, ਵਿਦਿਅਕ ਅਦਾਰੇ ਦੇ ਸਰਕਾਰੀ ਅਫ਼ਸਰਾਂ ਨੂੰ ਸਭਾ ਨਾਲ ਜੋੜਨਾ, ਸਿੱਖਾਂ ਨੂੰ ਅਧਿਆਤਮਕ , ਸਮਾਜਿਕ ਅਤੇ ਵਿਵਹਾਰਕ ਵਿਦਿਆ ਦੇ ਕੇ ਹਰ ਪੱਖ ਤੋਂ ਜਾਗ੍ਰਿਤ ਕਰਨਾ, ਹਕੂਮਤ ਨਾਲ ਟਕਰਾਓ ਦੀ ਥਾਂ ’ਤੇ ਮਿਲ ਕੇ ਚੱਲਣਾ। ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿੱਚ ਪੰਜਾਬ ਯੂਨੀਵਰਸਿਟੀ ਉਰੀਐਂਟਲ ਕਾਲਜ ਖੁੱਲਾ, ਡਾ. ਲਾਇਟਨਰ ਭਾਈ ਆਇਆ ਸਿੰਘ ਅਤੇ ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਕਰਕੇ 1877 ਵਿੱਚ ਕਾਲਜ ਵਿੱਚ ਪੰਜਾਬੀ ਪੜਾਈ ਜਾਣ ਲੱਗੀ। ਭਾਈ ਗੁਰਮੁੱਖ ਸਿੰਘ ਪ੍ਰੋਫੈਸਰ ਲੱਗੇ। ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂੰ ਕਰਵਾਇਆ। ਸਿੱਖ ਧਰਮ ਲਈ ਉਤਸ਼ਾਹਿਤ ਕੀਤਾ, ਧਾਰਮਿਕ ਵਿਸ਼ੇ ’ਤੇ ਪੁਸਤਕਾਂ ਵੀ ਲਿਖੀਆਂ, ਹੋਰ ਪ੍ਰਾਪਤੀਆਂ ਵਿੱਚ ਪੱਤਰਕਾਰੀ ਵਿੱਚ ਕੰਮ ਕੀਤਾ ਤੇ ਸੰਨ 1880 ਵਿੱਚ ਗੁਰਮੁੱਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ। ਵਿਦਿਅਕ ਪੰਜਾਬ ਵਿੱਚ ਵਿਦਿਆ ਦਾ ਪ੍ਰਚਾਰ ਹੋਇਆ। ਸੰਨ 1885 ਵਿੱਚ ਖ਼ਾਲਸਾ ਅਖ਼ਬਾਰ ਸ਼ੁਰੂ ਕੀਤਾ, ਸੰਨ 1886 ਵਿੱਚ ਰਸਾਲਾ ਸੁਧਾਰਕ ਰਾਹੀਂ ਗੁਰਮਤਿ ਪ੍ਰਚਾਰ ਹੋਇਆ, ਸੰਨ 1886 ਵਿੱਚ ਹੀ ਖ਼ਾਲਸਾ ਗਜ਼ਟ ਵਿੱਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ। ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚਲਿਆ। ਮੰਜੀ ਸਾਹਿਬ ਦਰਬਾਰ ਵਿੱਚ ਇੱਕਤਰਤਾਵਾਂ ਹੋਣ ਲੱਗੀਆਂ, ਸਿੱਖ ਧਰਮ ਦੀ ਇਤਿਹਾਸਕ ਖੋਜ਼ ਲਈ ਵਿਦਵਾਨ , ਦੂਰ ਦੂਰ ਤੋਂ ਅੰਮ੍ਰਿਤਸਰ ਇੱਕਠੇ ਹੋਣ ਲੱਗੇ। ਥੋੜੇ ਸਮੇਂ ਵਿੱਚ ਹੀ ਖੋਜ਼ ਪੱਤਰ ਛੱਪਣ ਲੱਗੇ। ਕਿਤਾਬਚੇ ਛੱਪਣ ਲੱਗੇ ਤੇ ਪੁਸਤਕਾਂ ਲਿਖੀਆਂ ਗਈਆਂ। ਭਾਈ ਗੁਰਮੁੱਖ ਸਿੰਘ ਜੀ ਦੇ ਯਤਨਾਂ ਨਾਲ ਸਰਦਾਰ ਠਾਕੁਰ ਸਿੰਘ ਸੰਧਾਵਾਲੀਆਂ ਅਤੇ ਕੰਵਰ ਬਿਕਰਮ ਸਿੰਘ ਜੀ ਨੇ ਇੱਕਠੇ ਹੋ ਕੇ ਸਭਾ ਦਾ ਕੰਮ ਆਰੰਭ ਦਿੱਤਾ। ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ। ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1879 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਨਵੰਬਰ 12-1879 ਈ. ਨੂੰ ਇੱਕ ਇੱਕਤਰਤਾ ਗੁਰਦੁਆਰਾ ਜਨਮ ਅਸਥਾਨ ਗੁਰੂ ਰਾਮਦਾਸ ਜੀ ਵਿਖੇ ਹੋਈ। ਜਿਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਸਭਾ ਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁੱਖ ਸਿੰਘ ਜੀ ਨੇ ਸੰਨ 1880 ਵਿੱਚ ਲਾ ਹੌਰ ਤੋਂ ਸਪਤਾਹਿਕ ਗੁਰਮੁੱਖੀ ਅਖ਼ਬਾਰ ਆਰੰਭ ਕੀਤਾ। ਜਿਸ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ ਕੋਨੇ ਵਿੱਚ ਜਾਣ ਲੱਗਿਆ। ਭਾਈ ਗੁਰਮੁੱਖ ਸਿੰਘ ਜੀ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ, ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿੱਚ ਜਿਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਿੰਘ ਸਭਾਵਾਂ ਬਣਨ ਲੱਗੀਆਂ। ਉਹ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ। ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇੱਕ ਹੀ ਸੀ, ਪਰ ਫਿਰ ਵੀ ਮੌਢੀਆਂ ਵਿੱਚ ਮਤਭੇਦ ਪੈਦਾ ਹੋ ਗਿਆ। ਫਿਰ ਵੱਖ ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1880 ਵਿੱਚ ਜਿਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੇ ਸੁਧਾਰ ਸੰਭਾਲ ਲਈ ਪੁਜਾਰੀਆਂ ਦਾ ਵੀ ਸੁਧਾਰ ਕਰਨਾ ਸੀ। ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਾਹੌਰ ਨੇ ਧਰਮ ਵੱਲ ਵਿਸ਼ੇਸ਼ ਧਿਆਨ ਦਿੱਤਾ ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿੱਚ ਬਹੁਗਿਣਤੀ ਪੁਜਾਰੀਆਂ ਸੋਢੀਆਂ, ਬੇਦੀ ਬਾਣਿਆਂ ਦੀ ਸੀ। ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇੱਕ ਵਾਰੀ ਸਾਂਝੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿੱਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦ`ਹੇਠ ਪੰਜਾਬੀ ਪ੍ਰਚਾਰਨੀ ਸਭਾ ਬਣਾਈ ਗਈ। ਜਿਸ ਵਿੱਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸਰਦਾਰ ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਾਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁੱਖ ਸਿੰਘ ਜੀ ਨਾਲ ਆਣ ਰਲੇ। ਜਿੰਨ੍ਹਾਂ ਨੇ ਸਭਾਂ ਦੀ ਉੱਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ, ਪਰ ਸਮੱਸਿਆ ਫਿਰ ਵੀ ਹਲ ਨਾ ਹੋਈ। ਸੰਨ 1883 ਵਿੱਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਉਂ ਦੇ ਕੇ ਖ਼ਾਲਸਾ ਦੀਵਾਨ ਅੰਮ੍ਰਿਤਸਰ ਬਣਾ ਦਿੱਤਾ ਗਿਆ। ਭਾਵੇਂ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ, ਪਰ ਸਿੱਖ ਪੰਥ ਵਿੱਚ ਨਵਾਂ ਜੋਸ਼ਾ ਅਤੇ ਮਰਿਆਦਾ ਕਾਇਮ ਕਰਨ ਵਿੱਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

ਅੰਤਿਕਾ : ਇਸ ਜਾਰੀ ਸਫ਼ਰ ਵਿੱਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜਿਲ ਤਕ ਅੱਪੜੇ। ਜਿਵੇਂ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ ਬਾਅਦ ਖ਼ਾਲਸਾ ਦੀਵਾਨ ਲਾਹੌਰ, ਚੀਫ਼ ਖਾਲਸਾ ਦੀਵਾਨ , ਅਕਾਲੀ ਲਹਿਰ ਤੇ ਗੁਰਧਾਮਾਂ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਖ਼ੂਨੀ ਸਾਕੇ ਵਾਪਰੇ। ਅਣ ਮਨੁੱਖੀ ਤਸ਼ਦਦ ਸਹੇ। ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿੱਚ ਕਾਇਮ ਰਖਿਆ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਆ ਗਿਆ। ਇਹ ਇੱਕ ਲੰਬਾ ਇਤਿਹਾਸ ਵਾਚਣਯੋਗ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949




# ਧੀ ਚੱਲੀ ਬਿਗਾਨੜੇ ਦੇਸ਼ ਵੇ ਬਾਬਲ...





**ਜਸਪ੍ਰੀਤ ਕੌਰ ਸੰਘਾ**

ਪੰਜਾਬੀ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਹਨ। ਟੱਪੇ, ਮਾਹੀਏ, ਸਿੱਠਣੀਆਂ, ਛੰਦ ਤੇ ਘੋੜੀਆਂ ਇਹ ਸਭ ਲੋਕ ਗੀਤਾਂ ਦੇ ਵੱਖੋ-ਵੱਖਰੇ ਰੂਪ ਹਨ ਜੋ ਵੱਖ-ਵੱਖ ਸਮੇਂ 'ਤੇ ਗਾਏ ਜਾਂਦੇ ਹਨ। ਇਨ੍ਹਾਂ ਲੋਕ ਗੀਤਾਂ ਦਾ ਇੱਕ ਰੂਪ ਸੁਹਾਗ ਹੈ। ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵਲੋਂ ਗਾਏ ਜਾਂਦੇ ਲੋਕ-ਗੀਤ ਸੁਹਾਗ ਅਖਵਾਉਂਦੇ ਹਨ। ਸੁਹਾਗ ਦੇ ਗੀਤ ਨੂੰ ਕੁੜੀਆਂ ਤੇ ਇਸਤਰੀਆਂ ਰਲ ਕੇ ਗਾਉਂਦੀਆਂ ਹਨ। ਗਾਉਣ ਦੀਆਂ ਲੋੜਾਂ ਅਨੁਸਾਰ ਇਨ੍ਹਾਂ ਵਿੱਚ ਸ਼ਬਦਾਂ, ਵਾਕਾਂਸ਼ਾਂ ਜਾਂ ਵਾਕਾਂ ਦਾ ਦੁਹਰਾਅ ਹੁੰਦਾ ਹੈ। ਇਨ੍ਹਾਂ ਲੋਕ ਗੀਤਾਂ ਵਿੱਚ ਵਿਆਹੀ ਜਾਣ ਵਾਲੀ ਕੁੜੀ ਦੇ ਪੇਕੇ ਪਰਿਵਾਰ ਦੇ ਜੀਆਂ ਨਾਲ ਵਿਭਿੰਨ ਰਿਸ਼ਤੇ ਤੇ ਫਿਰ ਸਹੁਰੇ ਘਰ ਵਿੱਚ ਨਵੇਂ ਬਣੇ ਰਿਸ਼ਤੇ ਵਾਰ-ਵਾਰ ਆਏ ਹਨ। ਰਿਸ਼ਤਿਆਂ ਦੇ ਇਸ ਤਾਣੇ-ਬਾਣੇ ਵਿੱਚ ਕਿਤੇ ਨਿੱਘ ਹੈ, ਕਿਤੇ ਤਣਾਅ ਹੈ ਤੇ ਕਿਤੇ ਵਿਛੋੜੇ ਦਾ ਦਰਦ ਹੈ-

'ਨਿੱਕੀ ਜਿਹੀ ਸੂਈ ਵੱਟਵਾਂ ਧਾਗਾ
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ ਜਾਂਦੇ ਰਾਹੀ ਪੁੱਛਦੇ ਮੈਨੂੰ
ਤੂੰ ਕਿਉਂ ਬੀਬੀ ਰੋ ਰਹੀ ਆਂ
ਬਾਬਲ ਮੇਰੇ ਕਾਜ ਰਚਾਇਆ
ਮੈ ਪਰਦੇਸਣ ਹੋ ਰਹੀ ਆਂ।'

ਵਿਆਹ ਹਰੇਕ ਵਿਅਕਤੀ ਦੀ ਸਮਾਜਿਕ ਜ਼ਿੰਦਗੀ ਦੀ ਮਹੱਤਵਪੂਰਨ ਘਟਨਾ ਹੈ। ਵਿਆਹ ਲੜਕੀ ਲਈ ਲਾਡਾਂ, ਪਿਆਰਾਂ ਦੇ ਪੇਕੇ ਸੰਸਾਰ 'ਚੋਂ ਵਿਦਾ ਹੋ ਕੇ ਸਹੁਰੇ ਘਰ ਦੇ ਅਣਦੇਖੇ ਸੰਸਾਰ ਵਿੱਚ ਪ੍ਰਵੇਸ਼ ਕਰਨ ਦੀ ਰੀਤ ਦਾ ਨਾਂ ਹੈ। ਇਹ ਲੋਕ ਗੀਤ ਵਿਆਹੀ ਜਾਣ ਵਾਲੀ ਕੁੜੀ ਦੇ ਮਨੋਭਾਵਾਂ, ਵਿਆਹ ਦੀ ਕਾਮਨਾ, ਸੋਹਣੇ ਵਰ ਅਤੇ ਚੰਗੇ ਘਰ ਦੀ ਲੋਚਾ, ਮਾਪਿਆਂ ਦਾ ਘਰ ਛੱਡਣ ਦਾ ਦਰਦ ਆਦਿ ਦੇ ਪ੍ਰਗਟਾਅ ਦਾ ਮਾਧਿਅਮ ਬਣਦੇ ਹਨ। ਹਰ ਧੀ ਨੂੰ ਇੱਕ ਦਿਨ ਘਰ ਛੱਡ ਬਿਗਾਨੇ ਘਰ ਜਾਣਾ ਹੀ ਪੈਂਦਾ ਹੈ। ਲੋਕ ਗੀਤਾਂ 'ਚ ਇਸ ਦਾ ਜ਼ਿਕਰ ਮਿਲਦਾ ਹੈ-

'ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਮੇਰਾ ਆਂਗਨ ਹੋਇਆ ਪਰਦੇਸ ਵੇ ਬਾਬਲ
ਰੱਖ-ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ਼ ਵੇ ਬਾਬਲ '

ਧੀ ਜਦ ਜਵਾਨ ਹੁੰਦੀ ਹੈ ਤਾਂ ਉਸ ਦੇ ਮਨ ਅੰਦਰ ਜਿੱਥੇ ਇੱਕ ਪਾਸੇ ਪਰਿਵਾਰ ਤੋਂ ਦੂਰ ਜਾਣ ਦਾ ਦਰਦ ਹੁੰਦਾ ਹੈ, ਦੂਸਰੇ ਪਾਸੇ ਨਵੇਂ ਰਿਸ਼ਤੇ-ਨਾਤੇ ਬਣਨ ਦਾ ਚਾਅ ਵੀ ਹੁੰਦਾ ਹੈ। ਉਸ ਦੇ ਨਾਲ ਦੀਆਂ ਸਾਰੀਆਂ ਜਦ ਵਿਆਹ ਕੇ ਆਪਣੇ ਘਰ ਚਲੇ ਜਾਂਦੀਆਂ ਹਨ ਤਾਂ ਉਹ ਵੀ ਆਪਣੀ ਮਾਂ ਨੂੰ ਬਾਬਲ ਨੂੰ ਸਮਝਾਉਣ ਤੇ ਜਲਦੀ ਤੋਂ ਜਲਦੀ ਉਸ ਦਾ ਵਿਆਹ ਕਰਵਾਉਣ ਲਈ ਆਖਦੀ ਹੈ-

'ਸੁਣ ਨੀ ਮਾਤਾ ਮੇਰੀਏ
ਮੇਰੇ ਬਾਬਲ ਨੂੰ ਸਮਝਾ
ਧੀ ਹੋਈ ਲਟ ਬਾਵਰੀ
ਕਿਸੇ ਨੌਕਰ ਦੇ ਲੜ ਲਾ '

ਜਿਹੜੇ ਸਮਾਜਿਕ ਵਾਤਾਵਰਨ ਵਿੱਚ ਸੁਹਾਗ ਦੇ ਇਹ ਲੋਕ ਗੀਤ ਉਪਜੇ ਹਨ, ਉਸ ਵਿੱਚ ਕੁੜੀ ਦੇ ਵਿਆਹ ਦਾ ਨਿਰਣਾ ਬਾਬਲ ਕਰਦਾ ਹੈ। ਇਸ ਲਈ ਬਹੁਤੇ ਸੁਹਾਗ ਧੀ ਦੇ ਵਲੋਂ ਬਾਬਲ ਨੂੰ ਸੰਬੋਧਿਤ

ਹਨ ਜਿਵੇਂ -

'ਵੇ ਬਾਬਲ ਵਰ ਤੇ ਟੋਲਿਓ ਜੀ
ਕੋਈ ਹਾਣੋ-ਹਾਣੀ
ਵੇ ਬਾਬੁਲ ਵੱਡਾ ਨਾ ਸਹੇੜਿਓ ਜੀ
ਮੇਰੀ ਉਮਰ ਅੰਞਾਣੀ
ਵੇ ਬਾਬਲ ਨਿੱਕਾ ਨਾ ਸਹੇੜਿਓ ਜੀ
ਜਿਨੇ ਸਾਰ ਨਾ ਜਾਣੀ '

ਪੇਕੇ ਘਰ ਦੀ ਸੁਰੱਖਿਆ ਦੇ ਮੁਕਾਬਲੇ ਸਹੁਰੇ ਘਰ ਦਾ ਮਾਹੌਲ ਹਰੇਕ ਲੜਕੀ ਲਈ ਅਣਜਾਣ ਹੁੰਦਾ ਹੈ। ਇਸ ਲਈ ਉਹ ਪਹਿਲਾਂ ਹੀ ਬਾਬਲ ਅੱਗੇ ਬੇਨਤੀ ਕਰਦੀ ਹੈ ਕਿ ਉਹ ਉਸ ਲਈ ਇਹੋ ਜਿਹੇ ਘਰ-ਪਰਿਵਾਰ ਦੀ ਭਾਲ ਕਰੇ ਜਿੱਥੇ ਨਾ ਤਾਂ ਉਸ ਨੂੰ ਕੱਚੇ ਕੋਠੇ ਲਿੱਪਣੇ ਪੈਣ ਤੇ ਨਾ ਹੀ ਬਹੁਤੇ ਰੀਤੀ-ਰਿਵਾਜ ਮੰਨਣੇ ਪੈਣ-

'ਕੱਚੇ ਕੋਠੇ ਵਾਲੇ ਘਰ ਨਾ ਦਈਂ ਬਾਬਲਾ
ਸਾਥੋਂ ਲਿੱਪੇ ਨਾਂ ਜਾਣ ਵੇ ਬਨੇਰੇ ਬਾਬਲਾ
ਸੱਸ-ਸਹੁਰੇ ਵਾਲੇ ਘਰ ਵੀ
ਨਾ ਦਈਂ ਬਾਬੁਲਾ
ਸਾਥੋਂ ਹੁੰਦੇ ਨਾ ਰੀਤੀਆਂ-ਰਿਵਾਜ ਬਾਬਲਾ '

ਹਰ ਲੜਕੀ ਚਾਹੁੰਦੀ ਹੈ ਕਿ ਉਸ ਦਾ ਵਿਆਹ ਉਸ ਘਰ ਹੋਵੇ, ਜਿਸ ਦੀ ਸਮਾਜ ਵਿੱਚ ਚੰਗੀ ਸਾਖ਼ ਹੋਵੇ। ਸੱਸ-ਸਹੁਰਾ ਉਸ ਨੂੰ ਮਾਂ-ਪਿਓ ਵਾਲਾ ਪਿਆਰ ਦੇਣ, ਇਸ ਲਈ ਉਹ ਆਪਣੇ ਬਾਬਲ ਨੂੰ ਆਖਦੀ ਹੈ -

'ਦੇਈਂ-ਦੇਈਂ ਵੇ ਬਾਬਲਾ ਉਸ ਘਰੇ
ਜਿੱਥੇ ਸੱਸ ਭਲੀ ਪ੍ਰਧਾਨ
ਸਹੁਰਾ ਸਰਦਾਰ ਹੋਵੇ
ਸਹੁਰਾ ਬਵੇ ਵਿੱਚ ਕਚਹਿਰੀਆਂ
ਸੱਸ ਪਾਏ ਨਾ ਮੱਥੇ ਵੱਟ
ਬਾਬਲ ਤੇਰਾ ਪੁੰਨ ਹੋਵੇ '

ਬਾਬਲ ਲਈ ਧੀ ਦਾ ਵਿਆਹ ਅਜਿਹਾ ਕਾਰਜ ਹੁੰਦਾ ਹੈ, ਜੋ ਧਰਮ ਕਹਾਉਂਦਾ ਹੈ ਜਿਸ ਕਾਰਨ ਉਸ ਦਾ ਜੱਸ ਹੁੰਦਾ ਹੈ ਤੇ ਪੁੰਨ ਵੀ ਮਿਲਦਾ

ਹੈ ਪਰ ਫਿਰ ਵੀ ਧੀ ਵਿਆਹੁਣ ਸਮੇਂ ਉਸ ਨੂੰ ਨਿਵਣਾ ਹੀ ਪੈਂਦਾ ਹੈ, ਜਿਸ ਦਾ ਜ਼ਿਕਰ ਲੋਕ ਗੀਤਾਂ ਵਿਚ ਵੀ ਹੁੰਦਾ ਹੈ-

'ਬਾਬਲ ਕਿਉਂ ਨੀਵਿਆ
ਨੀਂ ਧਰਮੀ ਕਿਉਂ ਨੀਵਿਆ
ਬਾਬਲ ਘਰ ਕੰਨਿਆ ਕੰਵਾਰੀ
ਨੀਂ ਬਾਬਲ ਧਰਮੀ ਤਾਂ ਨੀਵਿਆ '

ਫਿਰ ਬਾਬਲ ਵਲੋਂ ਜਦੋਂ ਧੀ ਦਾ ਕਾਜ ਰਚਾਇਆ ਜਾਂਦਾ ਹੈ ਤਾਂ ਸਾਰੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਸੱਜਣ-ਮਿੱਤਰ ਨਾਲ ਆ ਜੁੜਦੇ ਹਨ। ਇਸ ਤਰ੍ਹਾਂ ਇਹ ਕਾਰਜ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣ ਜਾਂਦਾ ਹੈ।

ਬਾਬਲ ਕਾਜ ਰਚਾਇਆ
ਸਭ ਪਰਿਵਾਰ ਬੁਲਾਇਆ

ਹਰੇਕ ਧੀ ਲਈ ਉਸ ਦਾ ਬਾਬਲ ਰਾਜਾ ਹੁੰਦਾ ਹੈ ਤੇ ਧੀ ਨੂੰ ਆਪਣੇ ਬਾਬਲ ਦੀ ਇੱਜ਼ਤ ਤੇ ਉਸ ਦੇ ਰੱਤਬੇ ਦੀ ਪੂਰੀ ਪ੍ਰਵਾਹ ਹੁੰਦੀ ਹੈ, ਜਿਸ ਦਾ ਵਰਨਣ ਸੁਹਾਗ ਰੂਪੀ ਲੋਕ ਗੀਤਾਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ -

'ਅੱਜ ਕਿਸੇ ਰਾਜੇ ਨੇ ਆਉਣਾ
ਮੇਰੇ ਬਾਬਲ ਦੇ ਵਿਹੜੇ
ਮੇਰੇ ਬਾਬਲ ਦੇ ਲਾਗੀਓ,
ਖਾਣਾ ਖੂਬ ਪਕਾਇਓ,
ਬਾਬਲ ਦੇਸ਼ਾ ਦਾ ਰਾਜਾ,
ਮਤ ਕਿਤੇ ਨਿੰਦਿਆ ਨਾ ਜਾਵੇ'

ਫਿਰ ਜਦੋਂ ਇੱਕ ਬਾਬਲ ਆਪਣੀ ਹੱਥੀਂ ਪਾਲੀ-ਪਰੋਸੀ ਧੀ ਨੂੰ ਵਿਦਾ ਕਰਦਾ ਹੈ ਤਾਂ ਉਸ ਸਮੇਂ ਉਸ ਦੇ ਨਾਲ-ਨਾਲ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਧੀ ਬਾਬਲ ਅੱਗੇ ਇੱਕ ਦਿਹਾੜੀ ਹੋਰ ਆਪਣੇ ਕੋਲ ਰੱਖਣ ਦੀ ਫਰਿਆਦ ਕਰਦੀ ਹੈ ਪਰ ਸਮਾਜਿਕ ਰੀਤੀ-ਰਿਵਾਜ ਕਾਰਨ ਬਾਬਲ ਅਜਿਹਾ ਕਰਨ ਦੇ ਸਮਰੱਥ ਨਹੀਂ ਹੁੰਦਾ। ਜਿਸਦਾ ਵਰਨਣ ਸਾਡੇ ਸੁਹਾਗ ਰੂਪੀ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ -

'ਬਾਬਲ ਵਿਦਾ ਕਰੇਂਦਿਆ
ਮੈਨੂੰ ਰੱਖ ਲੈ ਅੱਜ ਦੀ ਰਾਤ ਜੀ
ਕੀਕਣ ਰੱਖਾਂ ਬੇਟੀਏ
ਖੜੇ ਸਾਜਣ ਬੂਹਿਓਂ ਬਾਹਰ ਜੀ'

ਆਖ਼ਿਰ ਇਨ੍ਹਾਂ ਰਿਵਾਜਾਂ ਵਿੱਚ ਬੱਝੀ ਧੀ ਨੂੰ ਆਪਣੇ ਬਾਬਲ ਦਾ ਘਰ ਛੱਡ ਪ੍ਰਦੇਸਣ ਹੋਣਾ ਹੀ ਪੈਂਦਾ ਹੈ। ਮਜਬੂਰ ਬਾਬਲ ਆਪਣੇ ਹੱਥੀਂ ਆਪਣੇ ਜਿਗਰ ਦੇ ਟੁਕੜੇ ਨੂੰ ਬੇਗਾਨੇ ਹੱਥੀਂ ਸੌਂਪ ਦਿੰਦਾ ਹੈ-

'ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ
ਸਾਡੀ ਲੰਬੀ ਉਡਾਰੀ ਵੇ
ਬਾਬਲ ਕਿਹੜੇ ਦੇਸ਼ ਜਾਣਾ'

ਇਸ ਤਰ੍ਹਾਂ ਇਹ ਸੁਹਾਗ ਰੂਪੀ ਲੋਕ ਗੀਤ ਇੱਕ ਧੀ ਦੇ ਉਸ ਦੇ ਆਪਣੇ ਮਾਪਿਆਂ ਅਤੇ ਪੇਕੇ ਘਰ ਨਾਲੋਂ ਜੁਦਾ ਹੋਣ ਦੇ ਦਰਦ ਨੂੰ ਬਾਖ਼ੂਬੀ ਬਿਆਨ ਕਰਦੇ ਹਨ। ਇਨ੍ਹਾਂ ਲੋਕ ਗੀਤਾਂ 'ਚ ਜਿੱਥੇ ਜੁਦਾਈ ਦਾ ਦਰਦ ਹੈ ਉੱਥੇ ਹੀ ਦੂਸਰੇ ਪਾਸੇ ਨਵੇਂ ਰਿਸ਼ਤਿਆਂ ਨਾਲ ਜੁੜਨ ਦਾ ਚਾਅ ਵੀ ਝਲਕਦਾ ਹੈ ਪਰ ਅਫ਼ਸੋਸ ਅੱਜ ਦੀ ਨੌਜਵਾਨ ਪੀੜ੍ਹੀ ਇਨ੍ਹਾਂ ਸੁਹਾਗ ਰੂਪੀ ਲੋਕ ਗੀਤਾਂ ਨੂੰ ਵਿਸਾਰ ਚੁੱਕੀ ਹੈ। ਹੁਣ ਨਾ ਤਾਂ ਧੀ ਦੇ ਵਿਆਹ 'ਤੇ ਸੁਹਾਗ ਸੁਣਨ ਨੂੰ ਮਿਲਦੇ ਹਨ ਤੇ ਨਾ ਹੀ ਮੁੰਡੇ ਦੇ ਵਿਆਹ ਵਿੱਚ ਘੋੜੀਆਂ ਪਰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਇਸ ਅਮੀਰ ਵਿਰਾਸਤ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਤਾਂ ਹੀ ਇਹ ਲੋਕ ਗੀਤ ਪੀੜ੍ਹੀ ਦਰ ਪੀੜ੍ਹੀ ਸਾਡੇ ਨਾਲ ਚਲ ਸਕਦੇ ਹਨ।

'ਮੇਰੇ ਬੂਹੇ 'ਤੇ ਆਇਆ ਮਾਹੀ ਨੀ ਮਾਂ
ਮੈਂ ਤਾਂ ਹੋਈ ਆਂ ਅੱਜ ਪਰਾਈ
ਨੀ ਮਾਂ।'

# ਮੋਹ ਭਿੱਜਿਆ ਰਿਸ਼ਤਾ ਭੂਆ-ਭਤੀਜੀ ਦਾ

**ਕਵਿਤਾ ਬੇਦੀ**



ਜਦੋਂ ਅਸੀਂ ਜ਼ਿੰਦਗੀ ਦੇ ਕੁੱਝ ਮਹੱਤਵਪੂਰਨ ਪਹਿਲੂਆਂ ਬਾਰੇ ਸੋਚਦੇ ਹਾਂ ਤਾਂ ਰਿਸ਼ਤਿਆਂ ਦਾ ਨਾਮ ਸਭ ਤੋਂ ਪਹਿਲਾਂ ਆਉਂਦਾ ਹੈ। ਰਿਸ਼ਤੇ ਸਾਨੂੰ ਸਿਰਫ਼ ਮਾਨਸਿਕ ਹੀ ਨਹੀਂ ਬਲਕਿ ਜਜ਼ਬਾਤੀ ਤੌਰ 'ਤੇ ਵੀ ਮਜ਼ਬੂਤ ਕਰਦੇ ਹਨ। ਇਹ ਸਾਡੇ ਜੀਵਨ ਦਾ ਉਹ ਅਣਮੁਲਾ ਅੰਗ ਹੈ ਜੋ ਸਾਡੇ ਹਰ ਖ਼ੁਸ਼ੀ ਅਤੇ ਗਮ ਦੇ ਪਲਾਂ ਵਿੱਚ ਸਾਥੀ ਬਣਦੇ ਹਨ।

ਪਰਿਵਾਰ ਸਾਡਾ ਪਹਿਲਾ ਰਿਸ਼ਤਿਆਂ ਦਾ ਸਰਕਲ ਹੁੰਦਾ ਹੈ ਜਿੱਥੋ ਅਸੀਂ ਸਬਕ ਸਿੱਖ ਕੇ ਜਿੰਦ਼ਗੀ ਦੀਆਂ ਕੀਮਤਾਂ ਕਦਰਾਂ ਨੂੰ ਸਮਝਦੇ ਹਾਂ। ਮਾਤਾ-ਪਿਤਾ, ਭਰਾ-ਭੈਣ, ਦਾਦਾ-ਦਾਦੀ, ਨਾਨਾ ਨਾਨੀ, ਮਾਮੇ ਚਾਚੇ, ਮਾਸੀਆ, ਭੂਆ ਅਤੇ ਹੋਰ ਪਰਿਵਾਰਕ ਮੈਂਬਰ ਸਾਡੇ ਆਸ-ਪਾਸ ਦੇ ਉਹ ਲੋਕ ਹੁੰਦੇ ਹਨ ਜੋ ਸਾਨੂੰ ਪਿਆਰ ਨਾਲ ਰਹਿਣ ਸਹਿਣ ਤੋਂ ਜਾਣੂੰ ਕਰਾਉਂਦੇ ਹਨ।

ਰਿਸ਼ਤਿਆਂ ਦੀ ਮਾਲਾ ਵਿਚੋਂ ਇੱਕ ਮਣਕਾ ਹੈ ਭੂਆ-ਭਤੀਜੀ ਦਾ। ਇਹ ਰਿਸ਼ਤਾ ਸਿਰਫ਼ ਪਰਿਵਾਰਕ ਬੰਧਨ ਹੀ ਨਹੀਂ, ਸਗੋਂ ਪਿਆਰ ਅਤੇ ਮਮਤਾ ਦਾ ਪ੍ਰਤੀਕ ਵੀ ਹੈ। ਇਸ ਰਿਸ਼ਤੇ ਵਿੱਚ ਇੱਕ ਵਿਲੱਖਣ ਗਹਿਰਾਈ ਹੁੰਦੀ ਹੈ ਜੋ ਜ਼ਿੰਦਗੀ ਨੂੰ ਸੁੰਦਰ ਅਤੇ ਮਾਣਮੱਤੀ ਬਣਾਉਂਦੀ ਹੈ। ਭੂਆ, ਜੋ ਕਿ ਭਤੀਜੀ ਦੇ ਪਿਤਾ ਦੀ ਭੈਣ ਹੁੰਦੀ ਹੈ ਅਤੇ ਪਰਿਵਾਰ ਵਿੱਚ ਇੱਕ ਅਹਿਮ ਸਥਾਨ ਰੱਖਦੀ ਹੈ। ਉਸ ਦੀ ਮੌਜੂਦਗੀ ਸਿਰਫ਼ ਪਰਿਵਾਰ ਨੂੰ ਸੁਧਾਰਨ ਵਿੱਚ ਹੀ ਨਹੀਂ, ਸਗੋਂ ਸੰਸਕਾਰ ਅਤੇ ਤੌਰ ਤਰੀਕ? ਸਿਖਾਉਣ ਵਿੱਚ ਵੀ ਮਹੱਤਵਪੂਰਨ ਹੁੰਦੀ ਹੈ। ਭੂਆ ਦਾ ਮਮਤਾ ਭਰਿਆ ਹੱਥ ਅਤੇ ਪਿਆਰ ਆਪਣੀ ਭਤੀਜੀ ਪ੍ਰਤੀ ਬੇਮਿਸਾਲ ਹੁੰਦਾ ਹੈ। ਉਹ ਭਤੀਜੀ ਦੀ ਜ਼ਿੰਦ਼ਗੀ ਵਿੱਚ ਇੱਕ ਮਾਂ ਵਾਂਗ ਸਹਿਯੋਗ ਕਰਦੀ ਹੈ ਕਿਉਂਕਿ ਉਸ ਨੂੰ ਭਤੀਜੀ ਵਿਚੋਂ ਆਪਣਾ ਗੁਆਚਿਆ ਬਚਪਨ ਨਜ਼ਰ ਆਉਂਦਾ ਹੈ। ਭੂਆ-ਭਤੀਜੀ ਦਾ ਰਿਸ਼ਤਾ ਬਚਪਨ ਤੋਂ ਹੀ ਮਜ਼ਬੂਤ ਹੁੰਦਾ ਹੈ। ਭੂਆ ਆਪਣੀ ਭਤੀਜੀ ਦੇ ਨਾਲ ਖੇਡਣ, ਉਸਨੂੰ ਨਵੀਆਂ ਨਵੀਆਂ ਗੱਲਾਂ ਸਿਖਾਉਣ ਅਤੇ ਉਸਦੀ ਦੇਖਭਾਲ ਕਰਨ ਵਿਚ ਸਦਾ ਮੂਹਰੇ ਰਹਿੰਦੀ ਹੈ। ਭੂਆ ਦੇ ਪਿਆਰ ਅਤੇ ਮਮਤਾ ਨਾਲ ਭਰੀਆਂ ਯਾਦਾਂ, ਭਤੀਜੀ ਦੇ ਮਨ ਵਿੱਚ ਸਦਾ ਵੱਸਦੀਆਂ ਰਹਿੰਦੀਆ ਹਨ।

ਭੂਆ ਦੀ ਮਮਤਾ ਕਈ ਪੱਖਾਂ ਵਿੱਚ ਦਿਖਾਈ ਦਿੰਦੀ ਹੈ। ਉਹ ਸਿਰਫ਼ ਭਤੀਜੀ ਦੀ ਸਿੱਖਿਆ ਵਿੱਚ ਹੀ ਨਹੀਂ, ਸਗੋਂ ਉਸ ਦੀ ਹਰ ਖੁਸ਼ੀ ਅਤੇ ਗ਼ਮ ਵਿੱਚ ਵੀ ਸਾਥ ਦੇਂਦੀ ਹੈ। ਜਦੋਂ ਭਤੀਜੀ ਮੁਸ਼ਕਿਲਾਂ ਵਿੱਚ ਹੁੰਦੀ ਹੈ, ਤਾਂ ਭੂਆ ਉਸਦਾ ਹੌਸਲਾ ਵਧਾਉਂਦੀ ਹੈ ਅਤੇ ਸਹਾਇਕ ਬਣਦੀ ਹੈ। ਭੂਆ ਦੇ ਮਮਤਾ ਭਰੇ ਸਬੰਧ, ਭਤੀਜੀ ਨੂੰ ਆਤਮ-ਵਿਸ਼ਵਾਸ ਦਿੰਦੇ ਹਨ ਅਤੇ ਉਸਨੂੰ ਸਫ਼ਲਤਾ ਦੀ ਰਾਹ ਉਤੇ ਲੈ ਕੇ ਜਾਂਦੇ ਹਨ। ਸਮੇਂ ਦੇ ਨਾਲ, ਭੂਆ-ਭਤੀਜੀ ਦਾ ਰਿਸ਼ਤਾ ਹੋਰ ਵੀ ਮਜ਼ਬੂਤ ਹੁੰਦਾ ਜਾਂਦਾ ਹੈ। ਜਦੋਂ ਭਤੀਜੀ ਵੱਡੀ ਹੁੰਦੀ ਹੈ ਅਤੇ ਆਪਣੇ ਜੀਵਨ ਦੇ ਵੱਖ-ਵੱਖ ਪੜਾਅ 'ਤੇ ਪਹੁੰਚਦੀ ਹੈ, ਤਾਂ ਭੂਆ ਦਾ ਸਹਿਯੋਗ ਉਸਦੇ ਲਈ ਇੱਕ ਬਲਬੂਤਾ ਬਣਦਾ ਹੈ। ਵਿਦਿਆਰਥੀ ਜੀਵਨ ਵਿਚ ਸਲਾਹ-ਮਸ਼ਵਰਾ, ਕਰੀਅਰ ਦੇ ਫ਼ੈਸਲਿਆਂ ਵਿੱਚ ਮਦਦ, ਵੱਖ ਵੱਖ ਤਰ੍ਹਾਂ ਦੇ ਪਕਵਾਨ ਬਣਾਉਣਾ, ਇਸ ਰਿਸ਼ਤੇ ਦੀ ਗਹਿਰਾਈ ਨੂੰ ਦਰਸਾਉਂਦਾ ਹੈ। ਇਹ ਰਿਸ਼ਤਾ ਦੋਵਾਂ ਪੱਖਾਂ ਲਈ ਇੱਕ ਦੂਜੇ ਦੇ ਸਹਿਯੋਗ ਦਾ ਪ੍ਰਤੀਕ ਹੁੰਦਾ ਹੈ। ਜਿਵੇਂ ਕਿ ਭੂਆ ਆਪਣੀ ਭਤੀਜੀ ਦੇ ਹਰ ਪਲ ਦੀ ਸਾਥੀ ਹੁੰਦੀ ਹੈ, ਉਵੇਂ ਹੀ ਭਤੀਜੀ ਵੀ ਭੂਆ ਦੀ ਹਰ ਵੇਲੇ ਕਦਰ ਕਰਦੀ ਹੈ ਅਤੇ ਉਸਦੀ ਸਹਿਯੋਗੀ ਬਣਦੀ ਹੈ। ਜਦੋਂ ਭੂਆ ਨੂੰ ਆਪਣੇ ਪੇਕਿਆਂ ਵਲੋਂ ਕਿਸੇ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਭਤੀਜੀ ਆਪਣੀ ਸੂਝ ਬੂਝ ਨਾਲ ਉਸਦਾ ਸਾਥ ਦਿੰਦੀ ਹੈ। ਇਸ ਤਰ੍ਹਾਂ, ਇਹ ਰਿਸ਼ਤਾ ਪਿਆਰ ਦਾ ਇੱਕ ਸੱਚਾ ਸੁੱਚਾ ਨਮੂਨਾ ਵੀ ਹੁੰਦਾ ਹੈ। ਇੱਥੇ ਇਹ ਵੀ ਗੱਲ ਦੱਸਣਯੋਗ ਹੀ ਕਿ ਭਤੀਜੀ ਦੇ ਵਿਆਹ ਮੌਕੇ ਉਸ ਦੀ ਵਿਆਹੀ-ਵਰੀ ਭੂਆ ਉਸ ਨੂੰ ਸੌਗਾਤ ਜਾਂ ਸ਼ਗਨ ਵਜੋਂ 'ਸਰਵਣ ਮੱਟ' ਦੇ ਕੇ ਰਿਸ਼ਤੇ 'ਚ ਹੋਰ ਵੀ ਸਨੇਹ ਉਪਜਦੀ ਹੈ। ਕਈ ਵਾਰ ਤਾਂ ਭੂਆ ਆਪਣੀ ਭਤੀਜੀ ਦਾ ਸਾਕ ਵੀ ਆਪਣੇ ਸਹੁਰੇ ਪਰਿਵਾਰ ਵਿੱਚ ਕਰਵਾ ਦਿੰਦੀ ਹੈ ਤਾਂ ਜੋ ਭਤੀਜੀ ਹਮੇਸ਼ਾ ਲਈ ਉਸ ਦੇ ਨਜ਼ਦੀਕ ਰਹੇ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ‘ਲੁੱਟ’



ਪਰਮਜੀਤ ਕੌਰ ਸਰਹਿੰਦ

ਜੱਗੋ ਨੇ ਜ਼ੈਲਦਾਰ ਦੇ ਘਰ ਪਸ਼ੂਆਂ ਦੀ ਖੁਰਲੀ ਵਿੱਚੋਂ ਪਹਿਲਾਂ ਚਰੀ ਦੇ ਟੋਕੇ ਦੀ ਜੂਠ ਗੋਹੇ ਵਾਲੇ ਟੋਕਰੇ ਵਿੱਚ ਸੁੱਟੀ ਤੇ ਫਿਰ ਉਹ ਖੁਰਲੀ ਵਿਚਲੀ ਰੀਣ ਇੱਕਠੀ ਕਰਨ ਲੱਗੀ ਤਾਂ ਜੋ ਲੱਗਦੇ ਹੱਥ ਦੂਜੇ ਟੋਕਰੇ ਵਿੱਚ ਵੀ ਰੀਣ ਸੁੱਟ ਕੇ ਗੋਹਾ ਭਰਨ ਵਾਲੀ ਬਣੇ। ਅਚਾਨਕ ਉਹਦਾ ਹੱਥ ਪੱਕੀ ਖੁਰਲੀ ਨਾਲ ਵੱਜਿਆ ਤੇ ਉਹਦੀ ਬਾਂਹ ’ਚ ਪਾਈਆਂ ਲਾਲ ਤੇ ਹਰੇ ਰੰਗ ਦੀਆਂ ਕੱਚ ਦੀਆਂ ਚੂੜੀਆਂ ਤੜੱਕ ਦੇਣੀ ਟੁੱਟ ਗਈਆਂ। ਉਹਦਾ ਮਨ ਉਦਾਸ ਜਿਹਾ ਹੋ ਗਿਆ। ਦਸ ਬਾਰਾਂ ਚੂੜੀਆਂ ’ਚੋਂ ਪੰਜ ਚਾਰ ਹੀ ਬਚੀਆਂ। ਜੱਗੋ ਸੋਚ ਰਹੀ ਸੀ ਕਿ ਮਸਾਂ-ਮਸਾਂ ਤਾਂ ਚੂੜੀਆਂ ਚੜ੍ਹਾਈਆਂ ਸਨ, ਸ਼ਹਿਰ ਜਾ ਨਹੀਂ ਹੁੰਦਾ ਤੇ ਪਿੰਡਾਂ ’ਚ ਛੇਤੀ ਕੀਤਿਆਂ ਹੁਣ ਕੋਈ ਵਣਜਾਰਾ ਨਹੀਂ ਆਉਂਦਾ। ਇਹ ਵੀ ਪੇਕੇ ਗਈ ਤਾਂ ਉੱਥੋਂ ਚੜ੍ਹਾ ਲਿਆਈ ਸੀ। ਮੱਝ ਦਾ ਸੰਗਲ ਖੜਕਿਆ ਤਾਂ ਝੱਟ ਉਹਨੂੰ ਖਿਆਲ ਆਇਆ ਕਿ ਖੁਰਲੀ ਚੰਗੀ ਤਰ੍ਹਾਂ ਸੰਭਰ ਦਿਆਂ ਕਿਤੇ ਕੋਈ ਕੱਚ ਦਾ ਬਰੀਕ ਟੋਟਾ ਕੱਖ ਪੱਠੇ ਨਾਲ ਬੇਜ਼ੁਬਾਨਾਂ ਦੇ ਅੰਦਰ ਚਲਾ ਜਾਵੇ। ਉਹਨੇ ਕੋਲ ਪਏ ਬੱਬੜ੍ਹ ਦੇ ਜੂੜੇ (ਝਾੜੂ) ਨਾਲ ਖੁਰਲੀ ਸਾਫ਼ ਕਰ ਦਿੱਤੀ ਤੇ ਵਿਹੜੇ ’ਚ ਲੱਗੇ ਨਲਕੇ ਤੋਂ ਹੱਥ ਧੋ ਕੇ ਸਿਰ ’ਤੇ ਲਏ ਕਾਲੀ ਮਲਮਲ ਦੇ ਦੁਪੱਟੇ ਨਾਲ ਪੂੰਝ ਲਏ। ਰੋਜ਼ ਵਾਂਗੂੰ ਡੰਗਰ ਪਸ਼ੂ ਸਾਂਭਣ ਵਾਲੇ ਛੋਟੇ ਜਿਹੇ ਮੁੰਡੇ ਨੇ ਉਹਨੂੰ ਟੋਕਰਾ ਚੁੱਕਾ ਦਿੱਤਾ। ਉਹ ਪਿੰਡੋਂ ਬਾਹਰ ਬਾਰ ਰੂੜੀ ’ਤੇ ਗੋਹਾ ਸੁੱਟਣ ਤੁਰ ਪਈ ਕਿਉਂਕਿ ਇਨ੍ਹਾਂ ਦਿਨਾਂ ’ਚ ਪਾਥੀਆਂ ਨਹੀਂ ਸਨ ਪੱਥੀ ਦੀਆਂ।

ਜੱਗੋ ਗੋਹਾ ਸੁੱਟ ਕੇ ਮੁੜੀ ਤਾਂ ਅੱਗੋਂ ਧਿਆਨੋ ਵੀ ਟੋਕਰਾ ਚੁੱਕੀ ਆ ਰਹੀ ਸੀ। ਉਹਨੇ ਅਹੁਲ ਕੇ ਪੈਰ ਪੁੱਟਦੀ ਨੇ ਕਿਹਾ ਜੱਗੋ ਜ਼ਰਾ ਖੜੋ ਜਾ ’ਕੱਠੀਆਂ ਚੱਲਦੀਆਂ ਖ਼ਾਲੀ ਟੋਕਰੇ ਸਿਰ ’ਤੇ ਰੱਖ ਇਨੂੰ ’ਤੇ ਟਿਕਾਈ ਉਹ ਬਾਹਾਂ ਲਮਕਾਉਂਦੀਆਂ ਗਲ਼ੀ ਵੱਲ ਮੁੜ ਪਈਆਂ। ਇੱਕ ਵਿਹੜੇ ਦੀਆਂ ਦੋ ਚਾਰ ਜਣੀਆਂ ਅੱਠ ਦਸ ਘਰਾਂ ਦਾ ਗੋਹਾ ਕੂੜਾ ਕਰਦੀਆਂ ਸਨ। ਹਾੜ੍ਹੀ ਸਾਉਣੀ ਬੱਝਵਾਂ ਦਾਣਾ ਫੱਕਾ ਤੇ ਗੁੜ ਸ਼ੱਕਰ ਮਿਲ ਜਾਂਦੀ। ਤਿੱਥ ਤਿਉਹਾਰ ’ਤੇ ਹੋਰ ਖੁਸ਼ੀ ਮੌਕੇ ਚੰਗਾ ਰਿੱਝਿਆ ਪੱਕਿਆ ਤੇ ਮਿਠਾਈ ਮਿਲ ਜਾਂਦੀ। ਦੁਪਹਿਰ ਜਾਂ ਰਾਤ ਨੂੰ ਉਨ੍ਹਾਂ ਨੂੰ ਦੋ ਰੋਟੀਆਂ ਤੇ ਨਾਲ ਦਾਲ ਸਬਜ਼ੀ ਵੀ ਮਿਲਦੀ। ਕੋਈ ਮਾੜੀ ਨੀਤ ਵਾਲੀ ਗੁੜ ਦੀ ਡਲੀ ਜਾਂ ਭੋਰਾ ਕੁ ਆਚਾਰ ਹੀ ਰੋਟੀਆਂ ’ਤੇ ਰੱਖ ਦਿੰਦੀ ਤੇ ਉਹ ਸਬਰ ਵਾਲੀਆਂ ਰੂਹਾਂ ਅਸੀਸਾਂ ਦਿੰਦੀਆਂ, ਰੱਬ ਬਹੁਤਾ ਦੇਵੇ, ਧਰ ਧਰ ਭੁੱਲੇਂ, ਦੁੱਧੀਂ ਨਾਵੇਂ ਪੁੱਤੀਂ ਫ਼ਲੇ ਤੇ ਹੋਰ ਪਤਾ ਨੀ ਕੀ ਕੀ ਆਖਦੀਆਂ ਦੂਜੇ ਬੂਹੇ ਤੱਕ ਪੁੱਜ ਜਾਂਦੀਆਂ। ਕੋਈ ਭਲੇ ਘਰ ਦੀ ਜਾਈ ਤੇ ਸਹੁਰੇ ਘਰ ਵਿੱਚ ਪੁੱਗਦੀ ਵਾਲੀ, ਕੋਈ ਅੱਧੋਰਾਣਾ ਜਾਂ ਦੋ ਚਾਰ ਬਾਰ ਪਹਿਨ ਕੇ ਮਨੋ ਉਤਰਿਆ ਸੂਟ ਵੀ ਉਨ੍ਹਾਂ ਨੂੰ ਦੇ ਦਿੰਦੀ। ਕੋਈ ਚੰਦਰੀ ਨੀਤ ਵਾਲੀਆਂ ਘਸੇ ਪਿਟੇ ਕੱਪੜੇ ਹੀ ਦਿੰਦੀਆਂ। ਇਸ ਤਰ੍ਹਾਂ ਇਨ੍ਹਾਂ ਕਾਮਿਆਂ ਦਾ ਗੁਜ਼ਾਰਾ ਹੋਈ ਜਾਂਦਾ। ਘਰਾਂ ਦੇ ਬੰਦੇ ਜਾਂ ਤਾਂ ਕਿਸਾਨਾਂ ਨਾਲ ਸੀਰੀ ਰਲੇ ਹੁੰਦੇ ਜਾਂ ਫਿਰ ਦਿਹਾੜੀ ਦੱਪਾ ਹੀ ਕਰਦੇ। ਹੁਣ ਤੱਕ ਕੁੱਝ ਬੰਦੇ ਲਾਗਲੇ ਸ਼ਹਿਰ ਵੀ ਦਿਹਾੜੀ ’ਤੇ ਜਾਣ ਲੱਗ ਪਏ ਸਨ। ਨਵੀਂ ਪੀੜ੍ਹੀ ਪੜ੍ਹਨ ਲੱਗ ਪਈ ਸੀ ਪਰ ਕੁੜੀਆਂ ਨੂੰ ਸਕੂਲ ਨਾ ਘੱਲਿਆ ਜਾਂਦਾ।

ਗਲੀ ਦੇ ਸਿਰੇ ਤੋਂ ਆਪਣੇ ਆਪਣੇ ਪਾਸੇ ਮੁੜਨ ਲੱਗੀਆਂ ਤਾਂ ਧਿਆਨੋ ਨੇ ਜੱਗੋ ਨੂੰ ਕਿਹਾ, ਜੱਗੋ ਛਿਪਦੀ ਵਾਲੇ ਪਾਸੇ ਦੀਆਂ ਆਪਣੇ ਪਿੰਡ ਦੀਆਂ ਪੰਜ ਛੇ ਜਣੀਆਂ ਸਵੇਰੇ ਸਵੱਖਤੇ ਗੋਹਾ ਕੂੜਾ ਕਰਕੇ ਤੇ ਜੁਆਕਾਂ ਨੂੰ ਸਕੂਲੇ ਤੋਰ ਕੇ ਖੇਤਾਂ ’ਚ ਜੀਰੀ ਲਾਉਣ ਜਾਂਦੀਆਂ ਨੇ ਤੇ ਸ਼ਾਮੀ ਦੇ ਸੌ ਰੁਪਿਆ ਲੜ ਬੰਨ੍ਹ ਕੇ ਮੁੜਦੀਆਂ ਨੇ। ਜੇ ਆਪਾਂ ਵੀ ਹਿੰਮਤ ਕਰੀਏ ਉਨ੍ਹਾਂ ਨਾਲ ਜੀਰੀ (ਝੋਨਾ) ਲਾਉਣ ਚੱਲਿਆ ਕਰੀਏ ਤਾਂ ਕੀ ਹਰਜ਼ ਆ... ਜੇ ਮਹੀਨਾ ਦੋ ਮਹੀਨੇ ਔਖ ਕੱਟ ਲਈਏ ਆਪਣੇ ਬੰਦਿਆਂ ਦੀ ਜਾਨ ਸੌਖੀ ਹੋ ਜੂ। ਨਾਲੇ ਤੇਰੀ ਧੀ ਵੀ ਮੇਰੀ ਧੀ ਵਾਂਗੂੰ ਬਰਾਬਰ ਦੀ ਹੋ ਚੱਲੀ ਐ। ਜੇ ਹੋਰ ਨਾ ਵੀ ਸਰੂ ਤਾਂ ਆਈ ਜਨੇਤ ਨੂੰ ਚਾਹ ਰੋਟੀ ਤਾਂ ਖੁਆਣੀ ਪਿਆਣੀ ਹੈ। ਆਪਾਂ ਨੂੰ ਤਾਂ ਰੁੱਖੀ ਮਿੱਸੀ ਇਨ੍ਹਾਂ ਘਰਾਂ ’ਚ ਮਿਲੀ ਜਾਂਦੀ ਹੈ, ਉੱਪਰ ਵਾਲਾ ਦੇਈ ਜਾਂਦੇ, ਉਨ੍ਹਾਂ ਚਾਰ ਪੈਸਿਆਂ ਨਾਲ ਕੁੜੀਆਂ ਦੇ ਵਿਆਹ ਨੂੰ ਆਪਾਂ ਨੂੰ ਵਾਹਵਾ ਸਹਾਰਾ ਲੱਗ ਜਾਊ...।

ਜੱਗੋ ਨੇ ਧਿਆਨੋ ਦੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਕਿਹਾ, ਭੈਣੇ ਗੱਲ ਤਾਂ ਤੇਰੀ ਸਿਆਣੀ ਆ, ਮਨ ਵੀ ਲੱਗੀ ਐ ਤੇਰੇ ਦਿਓਰ ਨੂੰ ਪੁੱਛੂੰ ਜੇ ਮੰਨਿਆ। ਚਾਰ ਪੈਸੇ ਬੱਝਵੇਂ ਆ ਜਾਣ ਤਾਂ ਜਾਨ ਸੌਖੀ ਹੋ ਜੂ ਧੀਆਂ ਤਾਂ ਵਿਆਹੁਣੀਆਂ ਈ ਨੇ। ਐਥੇ ਕਿਹੜਾ ਕਿਸੇ ਨੇ ਨਾਨਕ ਛੱਕਾਂ ’ਚ ਕੈਂਠੇ ਪਾ ਜਾਣੇ ਆ ਜਾਂ ਕਾਰਾਂ ਦੇ ਜਾਣੀਆਂ ਨੇ। ਤਿਲ ਫੁਲ ਕਰਕੇ ਆਪੇ ਕਰਨੈ। ਭਰਾਵਾਂ ਵੱਲੋਂ ਧੀ ਧਿਆਣੀ ਨੂੰ ‘ਨੰਦਾਂ ਦਾ ਸੂਟ ਤੇ ਚੂੜਾ ਆ ਜਾਵੇ ਉਹੋ ਹੀ ਬਥੇਰਾ ਹੈ, ਆ ਕੇ ਬਰਾਬਰ ਖੜ੍ਹ ਜਾਣ ਹੋਰ ਕੀ ਚਾਹੀਦੈ। ਕਹਿ ਜੰਗ ਨੇ ਦਰਦ ਦਾ ਕਸੈਲਾ ਘੁੱਟ ਭਰਦਿਆਂ ਤੇ ਹੱਸਦਿਆਂ ਕਿਹਾ, “ਮੇਰੇ ਵਿਆਹ ਨੂੰ ਤਾਂ ਨਹਾਈ ਧੋਈ ਤੋਂ ਬਾਅਦ ਮੇਰੇ ਮਾਮਿਆਂ ਮਾਸੀਆਂ ਨੇ ਚੂੜੇ ਦੀ ਥਾਂ ਵੀ ਕੱਚ ਦੀਆਂ ਮੋਕਲੀਆਂ ਜਿਹੀਆਂ ਚੂੜੀਆਂ ਕੱਚੀ ਲੱਸੀ ’ਚ ਧੋ ਕੇ ਮੇਰੀਆਂ ਬਾਹਵਾਂ ਵਿੱਚ ਪਾ ਦਿੱਤੀਆਂ ਸਨ। ਮੈਨੂੰ ਦਾ ਦੰਦ ਖੰਡ ਦਾ ਚੂੜਾ ਵੀ ਨਹੀਂ ਸੀ ਜੁੜਿਆ... ਗਰੀਬੋ ਗਰੀਬੀ ਐ ਭੈਣੇ, ਆਪਣਾ ਤਾਂ ਉਹ ਹਾਲ ਆ ਬੰਦਿਆ ਤੇਰੀਆਂ ਦਸ ਦੇਹੀਆਂ ਇੱਕੋ ਗਈ ਵਿਹਾਅ ਨੌਂ ਕਿੱਧਰ ਗਈਆਂ।”

ਕੰਮ ਦਾ ਚੇਤਾ ਆਉਣ ’ਤੇ ਜੱਗੋ ਨੇ ਕਿਹਾ, ਚੰਗਾ ਭੈਣੇ, ਅਜੇ ਤਾਂ ਦੋ ਘਰਾਂ ਦਾ ਕੰਮ ਕੀਤੈ ਦੋ ਹੋਰ ਪਏ ਨੇ, ਗੱਲਾਂ ਕਰਦੀਆਂ ਨੂੰ ਪਤਾ ਈ ਨਈਂ ਲੱਗਾ... ਕੱਲ੍ਹ ਨੂੰ ਦੱਸੂੰ ਤੇਰੇ ਦਿਓਰ ਨਾਲ ਸਲਾਹ ਕਰ ਕੇ।

ਰਾਤੀਂ ਜੱਗੋ ਦਾ ਪਤੀ ਵਿਹੜੇ ’ਚ ਵਾਣ ਦੇ ਮੰਜੇ ’ਤੇ ਬੈਠਾ ਰੋਟੀ ਖਾ ਰਿਹਾ ਸੀ। ਉਹਦੇ ਪੁਆਂਦੀ ਬੈਠ ਕੇ ਜੱਗੋ ਉਹਨੂੰ ਪੱਖੀ ਨਾਲ ਝੱਲ ਮਾਰਨ ਲੱਗੀ। ਜੱਗੋ ਨੇ ਧਿਆਨੋ ਵਾਲੀ ਦਿੱਤੀ ਸਲਾਹ ਬਾਰੇ ਆਪਣੇ ਪਤੀ ਸ਼ੰਕਰ ਨਾਲ ਗੱਲ ਕੀਤੀ। ਪਹਿਲਾਂ ਤਾਂ ਸ਼ੰਕਰ ਨੇ ਨਾਂਹ ਕਰ ਦਿੱਤੀ ਪਰ ਜੱਗੋ ਦੇ ਸਾਰੀ ਗੱਲ ਸਮਝਾਉਣ ’ਤੇ ਉਹਨੇ ਫ਼ਿਕਰ ਜਿਹੇ ਨਾਲ ਕਿਹਾ, ਗੱਲ ਤਾਂ ਤੇਰੀ ਠੀਕ ਆ ਪਰ ਮੁੰਡੇ ਦੋਵੇਂ ਸਕੂਲ ਚਲੇ ਜਾਂਦੇ ਨੇ ਮੈਂ ਆਪ ਤੜਕੇ ਦਾ ਗਿਆ ਰਾਤ ਨੂੰ ਆਉਨਾ, ਜੀਤੋ ਮੀਤੋ ਪਿੱਛੋਂ ਸਾਰਾ ਦਿਨ ’ਕੱਲੀਆਂ ਰਹਿਣਗੀਆਂ ਜ਼ਮਾਨਾ ਬੜਾ ਮਾੜਾ ਐ।

ਜੱਗੋ ਆਪ ਵੀ ਇਹ ਗੱਲ ਸੋਚਦੀ ਸੀ ਪਰ ਉਹਦੀ ਵੱਡੀ ਧੀ ਬੜੀ ਸਿਆਣੀ ਸੀ। ਉਹਨੂੰ ਅਜੇ ਚੌਦਵਾਂ ਸਾਲ ਲੱਗਾ ਸੀ। ਜੀਤੋ ਤੋਂ ਛੋਟਾ ਮੁੰਡਾ ਤੇ ਉਹਤੋਂ ਛੋਟੀ ਮੀਤੋ ਨੌਂ ਕੁ ਸਾਲ ਦੀ ਸੀ ਤੇ ਛੋਟਾ ਮੁੰਡਾ ਛੇਵੇਂ ਸਾਲ ’ਚ ਸੀ। ਜੀਤੋ ਘਰ ਦੇ ਸਾਰੇ ਕੰਮ ਕਰਦੀ ਤੇ ਮੀਤੋ ਵੀ ਹੁਣ ਬਹੁਕਰ ਬੁਹਾਰੀ ਕਰ ਲੈਂਦੀ ਸੀ ਤੇ ਭਾਂਡੇ ਮਾਂਜ ਸੁਆਰ ਕੇ ਸਾਂਭ ਲੈਂਦੀ ਸੀ। ਜੀਤੋ ਤਾਂ ਕੰਮ ਤੋਂ ਆਈ ਮਾਂ ਨੂੰ ਘਰ ਦੇ ਕੰਮਕਾਰ ਨੂੰ ਹੱਥ ਨਾ ਲਾਉਣ ਦਿੰਦੀ ਕਿ ਤੂੰ ਥੱਕ ਕੇ ਆਈ ਏਂ। ਜੱਗੋ ਨਾਹ ਧੋ ਕੇ ਫਿਰ ਸੁਆਣੀਆਂ ਤੋਂ ਰੋਟੀ ਲੈਣ ਚਲੀ ਜਾਂਦੀ ਤੇ ਆ ਕੇ ਰੋਟੀ ਖਾ ਕੇ ਘੜੀ ਅਰਾਮ ਕਰ ਕੇ ਫੇਰ ਕੰਮ ਧੰਦੇ ਲੱਗਦੀ। ਚਾਰੇ ਬੰਨੇ ਸੋਚਦਿਆਂ ਜੱਗੋ ਨੂੰ ਆਸ ਬੱਝੀ ਤੇ ਉਹਨੇ ਸ਼ੰਕਰ ਨੂੰ ਕਿਹਾ, ਆਹ ਸਾਹਮਣੇ ਬੇਬੇ ਧਨ ਕੁਰ ਨਿੰਮ ਥੱਲੇ ਬੈਠੀ ਸਾਰਾ ਦਿਨ ਸੂਤ ਅਟੇਰਦੀ ਰਹਿੰਦੀ ਐ ਜਾਂ ਨਿੱਕੇ ਮੋਟੇ ਕੰਮ ਕਰਦੀ ਰਹਿੰਦੀ ਐ। ਉਹਨੂੰ ਕਹਾਂਗੇ ਕੁੜੀਆਂ ਦਾ ਧਿਆਨ ਰੱਖੂ ਨਾਲੇ ਵਿਹਲੀਆਂ ਹੋ ਕੇ ਬੇਬੇ ਨਾਲ ਸੂਤ ਅਟੇਰਨ ਲੱਗ ਪਿਆ ਕਰਨਗੀਆਂ, ਜੀਤੋ ਤਾਂ ਬੜੀ ਛੋਹਲੀ ਹੈ, ਅਟੇਰਨ ਨੂੰ ਅੱਗੇ ਲਾ ਰੱਖਦੀ ਐ.. ਮੀਤੋ ਵੀ ਆਪੇ ਸਿੱਖ ਜਊ, ਨਾਲੇ ਸੇਰ ਦਾਣੇ ਘਰ ਨੂੰ ਆਉਣਗੇ। ਸ਼ੰਕਰ ਦੇ ਦਿਲ ਨੂੰ ਇਹ ਗੱਲ ਜੱਚ ਗਈ ਤੇ ਬੋਲਿਆ, ਜੱਗੋ, ਬੇਬੇ ਉਂਝ ਵੀ ਦਿਲ ਦੀ ਬੜੀ ਚੰਗੀ ਆ... ਸਭ ਦੇ ਧੀਆਂ ਪੁੱਤਾਂ ਦੀ ਸੁੱਖ ਮੰਗਦੀ ਆ, ਤਾਂ ਹੀ ਇਹਨੂੰ ਸਾਰਾ ਵਿਹੜਾ ਬੇਬੇ ਕਹਿੰਦਾ। ਮੰਜੇ ਤੋਂ ਉਠਦਿਆਂ ਉਹਨੇ ਪੱਖੀ ਸ਼ੰਕਰ ਨੂੰ ਫੜਾਈ ਤੇ ਬੋਲੀ ਚੰਗਾ ਫੇਰ ਸਵੇਰੇ ਧਿਆਨੋ ਨੂੰ ਦੱਸ ਦੇਊਂ ਤੇ ਪਰਸੋਂ ਤੋਂ ਮੈਂ ਵੀ ਜੀਰੀ ਲਾਉਣ ਜਾਇਆ ਕਰੂੰ। ਮੰਜੇ ’ਤੇ ਲੰਮੀ ਪਈ ਨੂੰ ਉਹਨੂੰ ਅੰਬਰ ਦੇ ਤਾਰੇ ਅੱਜ ਹੱਸਦੇ ਜਿਹੇ ਲੱਗੇ, ਅੱਗੇ ਤਾਂ ਉਹਨੇ ਕਦੇ ਧਿਆਨ ਨਹੀਂ ਸੀ ਦਿੱਤਾ। ਚਾਰ ਪੈਸੇ ਘਰ ’ਚ ਆਉਣ ਦੀ ਆਸ ਨਾਲ ਜੱਗੋ ਦੀਆਂ ਅੱਖਾਂ ’ਚ ਚਮਕ ਆ ਗਈ ਸੀ, ਤਾਰੇ ਵੀ ਉਹੋ ਹੀ ਨਿੱਤ ਵਾਲੇ ਸਨ ਤੇ ਅੰਬਰ ਵੀ ਉਹੋ ਹੀ ਸੀ।

ਦੂਜੇ ਦਿਨ ਸਾਰੀਆਂ ਨੇ ਸਲਾਹ ਕਰ ਲਈ ਤੇ ਛਿਪਦੇ ਵਾਸ ਵਾਲੀਆਂ ਨਾਲ ਪੱਕੀ ਕਰ ਲਈ। ਖੇਤ ਦੇ ਮਾਲਕ ਲੰਬੜਦਾਰ ਜਰਨੈਲ ਸਿੰਘ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਕੰਮ ਬਹੁਤਾ ਹੈ, ਹੋਰ ਮਜ਼ਦੂਰ ਲਾਉਣੇ ਨੇ। ਪਿੰਡ ਤੋਂ ਪੰਜ ਕੁ ਕਿਲੋਮੀਟਰ ਦੀ ਵਿੱਥ ’ਤੇ ਸੜਕ ਦੇ ਕਿਨਾਰੇ ਰਾਮਗੜ੍ਹ ਵਾਲੇ ਲੰਬੜਦਾਰ ਦੀ ਪੈਲੀ ਸੀ। ਪਹਿਲੀ ਟੋਲੀ ਵਾਲੀਆਂ ਮਾਲਕ ਨਾਲ ਗੱਲ ਕਰ ਆਈਆਂ ਸਨ। ਸਵੇਰੇ ਸਵੱਖਤੇ ਗੋਹਾ ਕੂੜਾ ਕਰ ਕੇ ਪਿੰਡ ਦੇ ਅੱਡੇ ’ਤੇ ਇੱਕਠੀਆਂ ਹੋਣਾ ਸੀ। ਜੀਤੋ ਨੇ ਬੜੇ ਚਾਅ ਨਾਲ ਆਪਣੀ ਮਾਂ ਤੇ ਭਰਾਵਾਂ ਲਈ ਰੋਟੀ ਬਣਾਈ। ਤਿੰਨ ਚਾਰ ਰੋਟੀਆਂ ’ਚ ਅੰਬ ਦਾ ਆਚਾਰ ਰੱਖਿਆ ਤੇ ਰੋਟੀਆਂ ਅਖ਼ਬਾਰ ’ਚ ਲਪੇਟ ਦਿੱਤੀਆਂ, ਜਿਹੜਾ ਜੱਗੋ ਜ਼ੈਲਦਾਰ ਦੇ ਘਰੋਂ ਮੰਗ ਲਿਆਈ ਸੀ। ਖੱਦਰ ਦੇ ਧੋਤੇ ਹੋਏ ਪੌਣੇ ’ਚ ਰੋਟੀ ਬੰਨ੍ਹਦਿਆਂ ਜੀਤੋ ਦੀਆਂ ਅੱਖਾਂ ਭਰ ਆਈਆਂ। ਉਹਦੇ ਚਾਅ ਵਿੱਚ ਕਿਤੇ ਧੁਰ ਅੰਦਰ ਉਦਾਸੀ ਵੀ ਘੁਲੀ ਹੋਈ ਸੀ ਕਿ ਮੇਰੀ ਮਾਂ ਕਿਵੇਂ ਹੱਡ ਭੰਨਵੀਂ ਮਿਹਨਤ ਕਰਦੀ ਹੈ। ਜੱਗੋ ਜਲਦੀ-ਜਲਦੀ ਗਈ ਤੇ ਸਮੇਂ ਸਿਰ ਕੰਮ ਨਬੇੜ ਕੇ ਮੁੜ ਆਈ। ਨਾਹ ਕੇ ਸਾਫ਼ ਕੱਪੜੇ ਪਾਏ ਤੇ ਚਾਹ ਨਾਲ ਦੋ ਰੋਟੀਆਂ ਖਾ ਲਈਆਂ। ਰੋਟੀ ਵਾਲਾ ਪੌਣਾ ਜੀਤੋ ਨੇ ਲਿਫ਼ਾਫ਼ੇ ’ਚ ਪਾ ਕੇ ਮਾਂ ਨੂੰ ਫੜਾ ਦਿੱਤਾ। ਬੇਬੇ ਨਾਲ ਜੱਗੋ ਨੇ ਗੱਲ ਕਰ ਲਈ ਸੀ ਤੇ ਬੇਬੇ ਨੇ ਖ਼ੁਸ਼ੀ-ਖ਼ੁਸ਼ੀ ਕੁੜੀਆਂ ਦੀ ਜ਼ਿੰਮੇਵਾਰੀ ਲੈ ਲਈ ਸੀ। ਉਸ ਨੇ ਆਪ ਵੀ ਇਹ ਤੰਗੀਆਂ ਤੁਰਸ਼ੀਆਂ ਕੱਟੀਆਂ ਸਨ। ਬੇਬੇ ਦਾ ਘਰ ਵਾਲਾ ਮਿਸਤਰੀ ਨੂੰ ਇੱਟਾਂ ਫੜਾਉਂਦਾ ਪੈੜ ਤੋਂ ਡਿੱਗ ਕੇ ਮਰ ਗਿਆ ਸੀ। ਬੇਬੇ ਦੀ ਉਮਰ ਤੀਹ ਕੁ ਸਾਲ ਦੀ ਸੀ। ਉਹਨੇ ਮਿਹਨਤ ਮਜ਼ੂਰੀ ਕਰ ਕੇ ਦੋਵੇਂ ਮੁੰਡੇ ਪਾਲੇ ਤੇ ਦਸ-ਦਸ ਜਮਾਤਾਂ ਪੜ੍ਹਾਏ। ਜਦੋਂ ਉਹਦੇ ਮੁੰਡੇ ਫ਼ੌਜ ’ਚ ਭਰਤੀ ਹੋ ਗਏ ਸਨ ਤੇ ਦੋਵੇਂ ਨੂੰਹਾਂ ਕੱਪੜੇ ਸੀਣ ਲੱਗ ਪਈਆਂ ਸਨ। ਬੇਬੇ ਦੀ ਜੂਨ ਸੁਧਰ ਗਈ ਸੀ।

ਘਰ ਤੁਰਨ ਲੱਗੀ ਜੱਗੋ ਨੇ ਕੁੜੀਆਂ ਨੂੰ ਸਮਝੌਤੀਆਂ ਦਿੱਤੀਆਂ ਤੇ ਨਿੰਮ ਥੱਲੇ ਬੈਠੀ ਬੇਬੇ ਦੇ ਪੈਰੀਂ ਹੱਥ ਲਾਏ। ਬੇਬੇ ਅਸੀਸਾਂ ਦਿੰਦੀ ਰਹੀ ਤੇ ਜੱਗੋ ਕਾਹਲੇ-ਕਾਹਲੇ ਕਦਮੀਂ ਧਿਆਨੋ ਹੋਰਾਂ ਦੀ ਟੋਲੀ ਨਾਲ ਜਾ ਰਹੀ। ਦੂਜੀਆਂ ਪਹਿਲਾਂ ਬੱਸ ਅੱਡੇ ’ਤੇ ਪੁੱਜ ਗਈਆਂ ਸਨ। ਉਨ੍ਹਾਂ ਨੂੰ ਦੇਖਦਿਆਂ ਹੀ ਇੱਕ ਜਣੀ ਬੋਲੀ, ਚੰਗਾ ਹੋਇਆ ਭੈਣੇ ਤੁਸੀਂ ਆ ਗਈਆਂ ਨਹੀਂ ਤਾਂ ਬਾਹਰਲਿਆਂ ਨਾਲ ਕੰਮ ਕਰਦੀਆਂ ਦੇਖ ਲੋਕਾਂ ਨੂੰ ਸਾਨੂੰ ਉਨ੍ਹਾਂ ਨਾਲ ਦੀਆਂ ਈ ਸਮਝਣਾ ਸੀ ਤੇ ਨਾਲੇ ਉਨ੍ਹਾਂ ਨਾਲ ਸਾਨੂੰ ਵੀ ਹਮਕੋ ਤੁਮਕੋ ਬੋਲਣਾ ਪੈਣਾ ਸੀ ਤੇ ਅਸੀਂ ਵੀ ਆਪਣੇ ਪਿੰਡ ਨੂੰ ‘ਦੇਸ’ ਕਹਿਣ ਲੱਗ ਜਾਣਾ ਸੀ। ਸਾਰੀਆਂ ਹੱਸਦੀਆਂ-ਹੱਸਦੀਆਂ ਬੱਸ ਚੜ੍ਹ ਗਈਆਂ। ਆਉਣ ਜਾਣ ਦਾ ਕਿਰਾਇਆ ਛੇ ਕੁ ਰੁਪਏ ਲੱਗ ਜਾਂਦਾ। ਬਹੁਤੀ ਵਾਰ ਉਹ ਕਿਸੇ ਟਰਾਲੀ ’ਤੇ ਬੈਠ ਕੇ ਹੀ ਆਉਂਦੀਆਂ ਜਾਂਦੀਆਂ ਤੇ ਛੇ ਰੁਪਏ ਬਚਾ ਲੈਂਦੀਆਂ ਭਾਵੇਂ ਹਚਕੋਲਿਆਂ ਨਾਲ ਉਨ੍ਹਾਂ ਦੀਆਂ ਹੱਡੀਆਂ ਪੱਸਲੀਆਂ ਦੁਖਣ ਲੱਗ ਪੈਂਦੀਆਂ।

ਪਹਿਲੇ ਦਿਨ ਝੋਨਾ ਲਾਉਂਦੀ ਨਵੀਂ ਟੋਲੀ ਦੀਆਂ ਔਰਤਾਂ ਦੀ ਬੁਰੀ ਹਾਲਤ ਹੋ ਗਈ। ਪਾਣੀ ਭਰੇ ਖੇਤ ਵਿੱਚ ਵੜੀਆਂ ਤਾਂ ਸਲਵਾਰਾਂ ਦੇ ਪੌਂਚੇ ਵੀ ਭਿੱਜ ਗਏ। ਪਹਿਲੀ ਟੋਲੀ ਨੂੰ ਹੱਸਦੀਆਂ ਵੇਖ ਨਵੀਂ ਟੋਲੀ ਨੇ ਵੀ ਕਮਰਕੱਸੇ ਕਰ ਲਏ ਤੇ ਹਿੰਮਤ ਨਾਲ ਕੰਮ ਕਰਨ ਲੱਗੀਆਂ। ਝੁਕ ਕੇ ਝੋਨਾ ਲਾਉਂਦੀਆਂ ਦਾ ਲੱਕ ਆਕੜ ਜਾਂਦਾ, ਮੋਢੇ ਦੁਖਣ ਲੱਗ ਜਾਂਦੇ। ਘੜੀ ਪਲ ਖੜੋ ਕੇ ਉਹ ਲੱਕ ਸਿੱਧਾ ਕਰਦੀਆਂ। ਰੋਜ਼ ਮਿਲਣ ਵਾਲਾ ਦੋ ਸੌ ਰੁਪਈਆ ਉਨ੍ਹਾਂ ਨੂੰ ਤਕੜੀਆਂ ਕਰ ਦੇਂਦਾ। ਪਹਿਲੇ ਦਿਨ ਜੱਗੋ ਨੂੰ ਘਰ ਆ ਕੇ ਜਿਵੇਂ ਮਸਾਂ ਹੀ ਮੰਜੀ ਮਿਲੀ। ਦੋ ਵਾਰ ਚਾਹ ਪੀਂਦਿਆਂ ਤੇ ਇੱਕ ਵਾਰੀ ਰੋਟੀ ਖਾਂਦਿਆਂ ਰਤਾ ਅਰਾਮ ਕੀਤਾ। ਬੜਾ ਔਖਾ ਕੰਮ ਸੀ ਪਰ ਜੱਗੋ ਸੋਚਦੀ ਕਿ ਕੰਮ ਕਰਨਾ ਹੈ, ਔਖਾ ਹੈ ਭਾਵੇਂ ਸੌਖਾ। ਮਜ਼ਦੂਰੀ ਦੇ ਪੈਸੇ ਪੰਜ ਦਿਨਾਂ ਪਿੱਛੋਂ ਮਿਲਣੇ ਸਨ। ਇਨ੍ਹਾਂ ਪੰਜ ਚਾਰ ਦਿਨਾਂ ਵਿੱਚ ਝੋਨਾ ਲਾਉਣਾ ਉਨ੍ਹਾਂ ਲਈ ਗੋਹਾ ਕੂੜਾ ਕਰਨ ਵਰਗਾ ਹੀ ਹੋ ਗਿਆ।

ਜੱਗੋ ਤੜਕਸਾਰ ਉਠਦੀ। ਦੋਵੇਂ ਪਤੀ ਪਤਨੀ ਚਾਹ ਪੀਂਦੇ ਤੇ ਕੰਮ ਨੂੰ ਤੁਰ ਪੈਂਦੇ। ਸਭ ਤੋਂ ਪਹਿਲਾਂ ਉਹ ਜ਼ੈਲਦਾਰ ਦੇ ਘਰ ਜਾਂਦੀ। ਜ਼ੈਲਦਾਰਨੀ ਨੇ ਇੱਕ ਦਿਨ ਜੱਗੋ ਨੂੰ ਕਿਹਾ, ਕੁੜੇ ਬਹੂ ਤੂੰ ਜੀਤੋ ਨੂੰ ਨਾਲ ਲੈ ਆਇਆ ਕਰ ਨਾਲੇ ਤੇਰਾ ਕੰਮ ਛੇਤੀ ਹੋ ਜਾਇਆ ਕਰੂ ਨਾਲੇ ਸਾਡਾ ਕੱਪੜਾ ਲੀੜਾ ਧੋ ਜਾਇਆ ਕਰੂ, ਵਹੁਟੀਆਂ ਨਾਲ ਘਰਦੇ ਕੰਮਾਂ ਨੂੰ ਹੱਥ ਪੁਆ ਦਿਆ ਕਰੂ। ਜੱਗੋ ਨੇ ਨਿਮਰਤਾ ਨਾਲ ਕਿਹਾ, ਬੀਬੀ ਜੀ ਸਾਡੇ ਘਰ ਦਾ ਵੀ ਸਾਰਾ ਕੰਮ ਉਹਦੇ ਸਿਰ ਆ। ਸਵੇਰੇ ਮੁੰਡਿਆਂ ਨੂੰ ਤਿਆਰ ਕਰਨਾ ਰੋਟੀ ਪਾਣੀ ਕਰਨਾ ਨਾਲ ਹੁਣ ਮੈਨੂੰ ਵੀ ਪਕਾ ਕੇ ਦੇ ਦਿੰਦੀ ਐ...ਨਿਆਣੀ ’ਤੇ ਐਨਾ ਬੋਝ ਕਾਹਨੂੰ ਪਾਉਣਾ ਆਪਣੇ ਘਰ ਜਾ ਕੇ ਤਾਂ ਕਰਨਾ ਈ ਐ ਸਾਰੀ ਉਮਰ।

“ਆਹ ਭਾਈ ਗੱਲ ਤਾਂ ਤੇਰੀ ਠੀਕ ਆ ਪਰ ਮੈਂ ਤਾਂ ਤੈਨੂੰ ਲਟੋ ਪੀਂਘ ਹੁੰਦੀ ਦੇਖ ਕੇ ਕਿਹਾ ਸੀ ਕਿ ਤੈਨੂੰ ਸਹਾਰਾ ਹੋ ਜੂ। ਇਹ ਆਖ ਜ਼ੈਲਦਾਰਨੀ ਵੱਟ ਜਿਹਾ ਖਾ ਕੇ ਅੰਦਰ ਵੜ ਗਈ। ਜੀਤੋ ਕੱਦ ਬੁੱਤ ਦੀ ਹੌਲੀ ਜਿਹੀ ਸੀ ਪਰ ਕੰਮ ਨੂੰ ਬੜੀ ਤਿੱਖੀ ਸੀ। ਉਹ ਬੋਲਦੀ ਵੀ ਘੱਟ ਜੋ ਬੋਲਦੀ ਇੱਕੋ ਗੱਲ ’ਚ ਕਈ ਗੱਲਾਂ ਸਮੇਟ ਲੈਂਦੀ। ਜੀਤੋ ਦਾ ਪਿਉ ਕਈ ਵਾਰ ਕਹਿੰਦਾ ਕਿ ਇਹ ਤਾਂ ਆਪਣੀ ਦਾਦੀ ’ਤੇ ਗਈ ਹੈ, ਉਹਦੇ ਵਰਗੀ ਰਕਾਨ ਹੈ ਮੇਰੀ ਧੀ। ਇਹ ਸੁਣ ਕੇ ਜੀਤੋ ਜਿਵੇਂ ਆਪਣੀ ਉਮਰ ਨਾਲੋਂ ਕਈ ਵਰ੍ਹੇ ਵੱਡੀ ਹੋ ਜਾਂਦੀ।

ਪੰਜਾਂ ਦਿਨਾਂ ਪਿੱਛੋਂ ਸਾਰੀਆਂ ਕਾਮੀਆਂ ਨੇ ਇਕੱਠੇ ਪੈਸੇ ਲਏ। ਸੌ-ਸੌ ਦੇ ਦਸ ਨੋਟ ਦੇਖ ਕੇ ਜੱਗੋ ਨੂੰ ਤਾਂ ਜਿਵੇਂ ਯਕੀਨ ਹੀ ਨਾ ਆਵੇ। ਅੱਜ ਸਾਰੀਆਂ ਨੂੰ ਥਕਾਵਟ ਵੀ ਮਹਿਸੂਸ ਨਾ ਹੋਈ। ਜੱਗੋ ਤਾਂ ਉਡ ਕੇ ਆਪਣੇ ਘਰ ਪੁੱਜ ਜਾਣਾ ਚਾਹੁੰਦੀ ਸੀ। ਅੱਡੇ ਤੋਂ ਪਹਿਲਾਂ ਉਹਨੇ ਦਰਜਨ ਕੇਲੇ ਲਏ ਤੇ ਫਿਰ ਦਿਲ ਵੱਡਾ ਸਾਰਾ ਕਰਕੇ ਹਲਵਾਈ ਦੀ ਛੋਟੀ ਜਿਹੀ ਦੁਕਾਨ ’ਤੇ ਪੱਕਦੀਆਂ ਗਰਮ ਗਰਮ ਕਿੱਲੋ ਜਲੇਬੀਆਂ ਵੀ ਲੈ ਲਈਆਂ। ਬਾਕੀ ਦੇ ਪੈਸੇ ਰੁਮਾਲ ’ਚ ਬੰਨ੍ਹ ਕੇ ਰੋਟੀ ਵਾਲੇ ਖਾਲੀ ਪੌਣੇ ’ਚ ਲਪੇਟ ਕੇ ਝੋਲੇ ਵਿੱਚ ਪਾ ਲਏ। ਘਰ ਪੁੱਜੀ ਤਾਂ ਖਾਣ ਪੀਣ ਦਾ ਸਮਾਨ ਦੇਖ ਕੇ ਬੱਚੇ ਖਿੜ ਗਏ। ਉਨ੍ਹਾਂ ਨੂੰ ਲੱਗਿਆ ਜਿਵੇਂ ਐਤਕੀਂ ਦੀਵਾਲੀ ਪਹਿਲਾਂ ਹੀ ਆ ਗਈ। ਜੀਤੋ ਨੇ ਦੋ ਕੇਲੇ ਤੇ ਕੁਝ ਜਲੇਬੀਆਂ ਕੰਧ ’ਚ ਬਣੇ ਤਾਕ ਵਾਲੇ ਆਲੇ ਵਿੱਚ ਰੱਖ ਦਿੱਤੇ। ਜਦੋਂ ਰਾਤੀ ਪਿਉ ਨੂੰ ਕੰਮ ਤੋਂ ਆਏ ਨੂੰ ਜੀਤੋ ਨੇ ਕੇਲੇ ਖਾਣ ਨੂੰ ਦਿੱਤੇ ਤਾਂ ਸ਼ੰਕਰ ਨੇ ਹੱਸਦਿਆਂ ਖ਼ੁਸ਼ ਹੁੰਦਿਆਂ ਕਿਹਾ, ਲਓ ਵੀ ਜੁਆਕੋ ਥੋਡੀ ਬੀਬੀ ਤਾਂ ਹੁਣ ਮਾਸਟਰਨੀਆਂ ਨਾਲ ਰਲ ਗਈ। ਸਰਦਾਰਾ ਸਿਹੁੰ ਦੀ ਮਾਸਟਰਨੀ ਰੋਜ਼ ਕੇਲੇ ਸਿਓ ਤੇ ਕਦੇ ਜਲੇਬੀਆਂ ਪਕੌੜੇ ਜੁਆਕਾਂ ਲਈ ਲਿਆਉਂਦੀ ਐ। ਰੋਟੀ ਤੋਂ ਬਾਅਦ ਜਦੋਂ ਜੱਗੋ ਨੇ ਆਪਣੇ ਪਤੀ ਦੀ ਥਾਲੀ ’ਚ ਜਲੇਬੀਆਂ ਰੱਖੀਆਂ ਤਾਂ ਖ਼ੁਸ਼ੀ ਨਾਲ ਉਹਦੀਆਂ ਅੱਖਾਂ ’ਚ ਪਾਣੀ ਆ ਗਿਆ ਤੇ ਭਰੇ ਜਿਹੇ ਗਲੇ ਨਾਲ ਬੋਲਿਆ, ਜੱਗੋ, ਤੂੰ ਐਨੀ ਲੱਕ ਤੋੜਵੀਂ ਮਿਹਨਤ ਕਰ ਕੇ ਆਹ ਕੁਛ ਲਿਆਈ ਏਂ ਆਪਣੇ ਜੋਗੇ ਪੈਸੇ ਵੀ ਰੱਖੀਂ, ਨਵਾਂ ਕੱਪੜਾ ਤਾਂ ਤੂੰ ਹੁਣ ਜਾਣੀ ਕਦੇ ਪਾ ਕੇ ਈ ਨਈਂ ਦੇਖਿਆ, ਜੋ ਉਤਾਰ ਪਤਾਰ ਕਿਸੇ ਸਰਦਾਰਨੀ ਨੇ ਦੇ ਦਿੱਤਾ ਉਹੋ ਹੀ ਪਾ ਕੇ ਗੁਜ਼ਾਰਾ ਕਰੀ ਜਾਨੀ ਏਂ। ਤੂੰ ਵੀ ਐਤਕੀਂ ਇੱਕ ਸੋਹਣਾ ਜਿਹਾ ਫੁੱਲਾਂ ਵਾਲਾ ਸੂਟ ਲੈ ਲਈਂ।” ਜੱਗੋ ਦਾ ਵੀ ਮਨ ਭਰ ਆਇਆ, ਚੰਗਾ” ਕਹਿ ਕੇ ਉਹਨੇ ਸਾਰੇ ਪੈਸੇ ਪਤੀ ਨੂੰ ਫੜਾ ਦਿੱਤੇ ਤੇ ਉਹਨੇ ਅੱਗੋਂ ਜੀਤੋ ਨੂੰ ਸਾਂਭ ਕੇ ਰੱਖਣ ਲਈ ਦੇ ਦਿੱਤੇ।

ਭਾਂਡੇ ਟੀਂਡੇ ਸਾਂਭ ਕੰਮ ਮੁਕਾ ਕੇ ਸਾਰੇ ਜਣੇ ਵਿਹੜੇ ’ਚ ਡਾਹੇ ਵਾਣ ਦੇ ਮੰਜਿਆਂ ’ਤੇ ਵਿਛਾਈਆਂ ਅੱਧੋਰਾਣੀਆਂ ਜਿਹੀਆਂ ਦਰੀਆਂ ’ਤੇ ਜਾ ਪਏ। ਜੱਗੋ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਤਾਂ ਜਿਵੇਂ ਅੱਜ ਨੜਿੱਨਵੇਂ ਦੇ ਗੇੜ ’ਚ ਪਈ ਹੋਈ ਸੀ। ਉਹ ਸੋਚ ਰਹੀ ਸੀ ਧਿਆਨੋ ਤੇ ਦਿਆਲੋ ਠੀਕ ਈ ਕਹਿ ਰਹੀਆਂ ਸਨ ਕਿ ਜੀਤੋ ਨੂੰ ਨਾਲ ਲਿਆਇਆ ਕਰ ਦੁੱਗਣੇ ਪੈਸੇ ਬਣ ਜਾਇਆ ਕਰਨਗੇ ਤੇ ਕੰਮ ਜੀਤੋ ਬਥੇਰਾ ਕਰ ਲੈਂਦੀ ਹੈ। ਜੱਗੋ ਇਹ ਵੀ ਸੋਚ ਰਹੀ ਸੀ ਕਿ ਉੱਥੇ ਕੋਈ ਬੰਦਾ ਜਾਂ ਮੁੰਡੀਹਰ ਵਾਧਾ ਵੀ ਨਹੀਂ ਹੈ ਜਿਹੜਾ ਉਹਦੀ ਗੋਰੀ ਚਿੱਟੀ ਸੁਨੱਖੀ ਧੀ ਵੱਲ ਮੈਲੀ ਨਜ਼ਰ ਨਾਲ ਦੇਖੂ। ਪੈਲੀ ਦਾ ਮਾਲਕ ਲੰਬੜਦਾਰ ਇੱਜ਼ਤ ਵਾਲਾ ਬੰਦਾ ਸੀ। ਪੰਜਾਹ ਪਚਵੰਜਾ ਨੂੰ ਢੁੱਕਿਆ ਰੋਅਬ ਦਾਬ ਵਾਲਾ ਕਿਸਾਨ ਸਾਰੀਆਂ ਕੰਮੀਂ ਔਰਤਾਂ ਨੂੰ ਵੀਰ ਭਾਈ ਕਹਿ ਕੇ ਬੁਲਾਉਂਦਾ ਤੇ ਮਤਲਬ ਦੀ ਸਾਫ਼ ਸੁਥਰੀ ਗੱਲ ਕਰਦਾ। ਕਿਸੇ ਵੱਲ ਅੱਖ ਭਰ ਕੇ ਨਾ ਦੇਖਦਾ। ਜੱਗੋ ਨੇ ਮਨ ਨਾਲ ਕੋਈ ਫ਼ੈਸਲਾ ਕੀਤਾ ਤੇ ਧੀਮੀ ਜਿਹੀ ਆਵਾਜ਼ ’ਚ ਆਪਣੇ ਪਤੀ ਨੂੰ ਕਿਹਾ, ਸੌਂ ਗਿਆ ਜੀਤੋ ਦੇ ਭਾਪੇ ?”

ਨਈਂ ਗਰਮੀ ਬੜੀ ਐ... ਭੁੱਜੇ ਜਾਨੇ ਆਂ ਨੀਂਦ ਕਿੱਥੇ ? ਤੂੰ ਵੀ ਅਜੇ ਤਾਈ ਨਹੀਂ ਸੁੱਤੀ।” ਸ਼ੰਕਰ ਨੇ ਉਹਦੇ ਵੱਲ ਪਾਸਾ ਪਰਤਿਆ ਤੇ ਕੋਲ ਪਈ ਪੱਖੀ ਚੁੱਕ ਕੇ ਝੱਲਣ ਲੱਗਾ। ਜੱਗੋ ਨੇ ਪਤੀ ਨੂੰ ਮਨ ਦੀ ਗੱਲ ਦੱਸੀ। ਉਹ ਉਂਝ ਵੀ ਜੱਗੋ ਦੀ ਆਖੀ ਕਦੇ ਬਹੁਤੀ ਕੀਤਿਆਂ ਥੱਲਦਾ ਨਹੀਂ ਸੀ ਤੇ ਜੱਗੋ ਵੀ ਸੋਚ ਕੇ ਗੱਲ ਕਰਦੀ। ਉਹ ਵੀ ਆਪਹੁਦਰੀ ਨਹੀਂ ਸੀ। ਸ਼ੰਕਰ ਨੇ ਜੱਗੋ ਨੂੰ ਜੀਤੋ ਮੀਤੋ ਨਾਲ ਸਲਾਹ ਕਰਨ ਨੂੰ ਕਿਹਾ ਕਿ ਜਿਵੇਂ ਠੀਕ ਸਮਝੋ ਕਰ ਲਓ। ਸਵੇਰੇ ਕੰਮ ਨੂੰ ਜਾਣ ਤੋਂ ਪਹਿਲਾਂ ਜੱਗੋ ਨੇ ਕੁੜੀਆਂ ਨੂੰ ਉਠਾ ਕੇ ਗੱਲ ਕੀਤੀ ਤਾਂ ਜੀਤੋ ਖ਼ੁਸ਼ ਹੋ ਗਈ ਤੇ ਬੋਲੀ, ਬੀਬੀ ਮੈਂ ਤਾਂ ਅੱਜ ਈ ਤੇਰੇ ਨਾਲ ਚੱਲੂ, ਹੁਣ ਤਾਂ ਮੀਤੋ ਰੋਟੀਆਂ ਵੀ ਪਕਾ ਲੈਂਦੀ ਏ ਤੇ ਨਿੱਕਿਆਂ ਨੂੰ ਤਿਆਰ ਵੀ ਕਰਵਾ ਦਿੰਦੀ ਆ। ਤੇਰੇ ਪਿੰਡ ’ਚੋਂ ਕੰਮ ਮੁਕਾ ਕੇ ਆਉਂਦੀ ਨੂੰ ਅਸੀਂ ਅਹੁਲ ਕੇ ਕੰਮ ਕਰ ਲਿਆ ਕਰਾਂਗੀਆਂ... ਮੈਂ ਤਾਂ ਅੱਜ ਈ ਤੇਰੇ ਨਾਲ ਚੱਲੂੰ। ਮਾਵਾਂ ਧੀਆਂ ਆਪਣੇ ਵਰਗੀਆਂ ਥੁੜ੍ਹਾਂ ਦੀਆਂ ਮਾਰੀਆਂ ਬਾਕੀ ਗਰਜ਼ਮੰਦ ਸਾਥਣਾਂ ਨਾਲ ਖੇਤ ’ਚ ਪੁੱਜ ਗਈਆਂ। ਦੂਜੀਆਂ ਨੂੰ ਦੇਖ ਕੇ ਜੀਤੋ ਵੀ ਸਲਵਾਰ ਦੇ ਪੌਂਚੇ ਟੰਗ ਕੇ ਪਾਣੀ ’ਚ ਵੜ ਗਈ ਤੇ ਮਾਂ ਦੇ ਜ਼ਰਾ ਕੁ ਸਮਝਾਉਣ ’ਤੇ ਝੋਨਾ ਲਾਉਣ ਲੱਗ ਪਈ। ਦੋ ਕੁ ਘੰਟੇ ’ਚ ਹੀ ਉਹ ਦੂਜੀਆਂ ਕਾਮੀਆਂ ਦੇ ਬਰਾਬਰ ਕੰਮ ਕਰਨ ਲੱਗੀ। ਪਰ ਦੁਪਹਿਰ ਤੱਕ ਜੀਤੋ ਦਾ ਚਾਅ ਉਤਰ ਗਿਆ। ਤੇਜ਼ ਧੁੱਪ ਨਾਲ ਪਾਣੀ ਵੀ ਤਪਿਆ ਪਿਆ ਸੀ। ਜੀਤੋ ਮਾਂ ਦੇ ਮੂੰਹ ਵੱਲ ਦੇਖਦੀ ਕਿ ਕਿਵੇਂ ਉਹ ਕਾਲੇ ਬਲਦ ਵਾਂਗੂੰ ਕਮਾਉਂਦੀ ਹੈ, ਆਪ ਵੀ ਸਿਰੜ ਨਾਲ ਕੰਮ ਕਰਦੀ ਰਹੀ। ਜੱਗੋ ਵੀ ਧੀ ਦੇ ਚਿਹਰੇ ਵੱਲ ਦੇਖ ਕੇ ਤਰਸ ਨਾਲ ਭਰ ਜਾਂਦੀ ਪਰ ਮਜਬੂਰੀਆਂ ਦੇ ਮੂੰਹ ਆਈ ਉਹ ਬੇਵਸੀ ਨਾਲ ਅੱਖਾਂ ਨੀਵੀਆਂ ਕਰ ਲੈਂਦੀ।ਬਾਕੀਆਂ ਵਾਗੂ ਜੀਤੋ ਵੀ ਕੰਮ ’ਚ ਮਾਹਿਰ ਹੋ ਗਈ ਸੀ। ਅੱਜ ਉਨ੍ਹਾਂ ਦੇ ਕੰਮ ਦਾ ਪੰਜਵਾਂ ਦਿਨ ਸੀ। ਜੀਤੋ ਬੜੇ ਚਾਅ ਨਾਲ ਸੋਚਦੀ ਆਈ ਕਿ ਅੱਜ ਛੋਟੇ ਭੈਣ ਭਰਾਵਾਂ ਲਈ ਕੇਲੇ, ਸਮੋਸੇ, ਜਲੇਬੀਆਂ ਤੇ ਕਿੰਨੀਆਂ ਹੀ ਚੀਜ਼ਾਂ ਲੈ ਕੇ ਜਾਵਾਂਗੀ ਤੇ ਮਾਂ ਨੂੰ ਕਹਿ ਕੇ ਆਪਣੇ ਲਈ ਚਿੱਟੀ ਦਸੂਤੀ ਦੀ ਚਾਦਰ ਵੀ ਸ਼ਹਿਰੋਂ ਮੰਗਾਵਾਂਗੀ, ਉਸ ’ਤੇ ਮੋਰ ਘੁੱਗੀਆਂ ਵਾਲਾ ਨਮੂਨਾ ਪਾਵਾਂਗੀ। ਇਹ ਸੋਚਦਿਆਂ ਉਹਦੇ ਗੋਰੇ ਮੂੰਹ ’ਤੇ ਸ਼ਰਮ ਦੀ ਲਾਲੀ ਜਿਹੀ ਫਿਰ ਗਈ ਕਿਉਂਕਿ ਮੋਰ ਘੁੱਗੀਆਂ ਵਾਲੀ ਚਾਦਰ ਉਹਨੇ ਆਪਣੀ ਸਹੇਲੀ ਵਾਂਗੂੰ ਦਾਜ ਲਈ ਕੱਢਣੀ ਸੀ। (**ਬਾਕੀ ਸਫ਼ਾ 31 ’ਤੇ**)

# ਮੇਰੀ ਕਲਮ

## ਮਾਸੂਮੀਅਤ ਦੀ ਕੀਮਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕਦੀ ਉਹ ਮਾਸੂਮ ਜਿਹੀ ਬੱਚੀ,
ਕੋਠੀ ਵਿੱਚ ਫ਼ਿਰਦੀ ਸੀ ਨੱਠੀ।
ਘਰ ਦੇ ਸਾਰੇ ਕੰਮ ਉਹ ਕਰਦੀ,
ਕੰਮ ਕਰਨ ਤੋਂ ਕਦੀ ਨਾ ਭੱਜਦੀ।
ਕਦੀ ਰਸੋਈ ਵਿੱਚ ਭਾਂਡੇ ਮਾਂਜੇ,
ਕਦੀ ਮਾਲਕਾਂ ਦੇ ਕੱਪੜੇ ਸਾਂਭੇ।
ਕਦੀ ਫ਼ੁੱਲਾਂ ਦੀ ਗੋਡੀ ਕਰਦੀ,
ਖੁਦ ਲੱਗੇ ਸੁੰਦਰ ਫ਼ੁੱਲ ਵਰਗੀ।

ਮੁਸਕਰਾਉਂਦਾ ਸੁੰਦਰ ਚਿਹਰਾ,
ਰੱਬ ਨੇ ਦਿੱਤਾ ਹੁਸਨ ਬਥੇਰਾ।
ਅੰਨ੍ਹੇਂ ਮਾਪਿਆਂ ਦਾ ਇੱਕੋ ਸਹਾਰਾ,
ਉਨ੍ਹਾਂ ਦੀਆਂ ਅੱਖਾਂ ਦਾ ਇੱਕੋ ਤਾਰਾ।
ਜਿਸ ਦੇ ਸਿਰੋਂ ਉਹ ਰੋਟੀ ਖਾਂਦੇ,
ਸਾਰੇ ਘਰ ਦਾ ਖਰਚ ਚਲਾਂਦੇ।

ਕੋਠੀ ਦੇ ਉਹ ਕੰਮ ਮੁਕਾ ਕੇ,
ਸ਼ੁਰੂ ਹੋ ਜਾਵੇ ਆਪਣੇ ਘਰ ਜਾਕੇ।
ਇੱਧਰ ਕੰਮ ਹੈ, ਉੱਧਰ ਕੰਮ ਹੈ,
ਉਸ ਨੂੰ ਤਾਂ ਕੰਮ ਨਾਲ ਹੀ ਕੰਮ ਹੈ।
ਅੱਜ ਵੀ ਬੱਸ ਉਹ ਮੂੰਹ ਹਨੇਰੇ,
ਆ ਪਹੁੰਚੀ ਮਾਲਕਾਂ ਦੇ ਡੇਰੇ।
ਬੀਬੀ ਜੀ ਉਸਨੂੰ ਕੰਮ ਸਮਝਾ ਕੇ,
ਬੈਠ ਗਏ ਗੱਡੀ ਵਿੱਚ ਜਾਕੇ।
ਜੇ ਕੋਈ ਹੋਰ ਕੰਮ ਹੈ ਪੁੱਛਣਾ,
ਕਾਕਾ ਘਰ ਹੈ ਉਸ ਨੂੰ ਦੱਸਣਾ।
ਚੌਵੀ ਸਾਲਾਂ ਦਾ ਇੱਕੋ ਕਾਕਾ,
ਪਾਉਂਦਾ ਰੋਜ਼ ਉਹ ਨਵਾਂ ਸਿਆਪਾ।
ਪੜ੍ਹਨ ਵੈਸੇ ਉਹ ਕਾਲਜ ਜਾਂਦਾ,
ਪਰ ਉਹ ਨਿੱਤ ਹੀ ਐਸ਼ ਉਡਾਂਦਾ।
ਠਹਿਰ ਗਿਆ ਅੱਜ ਵਿੱਚ ਹੀ ਕੋਠੀ,
ਮਨ ਵਿੱਚ ਰੱਖ ਕੇ ਨੀਯਤ ਖੋਟੀ।

ਹੁਣ ਕੋਠੀ ਦੀ ਛੱਤ ਉੱਤੇ,
ਪਈ ਹੈ ਲਾਸ਼ ਕੜਕਦੀ ਧੁੱਪੇ।
ਖ਼ੂਨ ਚ ਭਿੱਜੀ ਬਾਲੜੀ ਜਾਨ,
ਹੁਣ ਨਾ ਹੁੰਦੀ ਉਹ ਪਹਿਚਾਣ।
ਸੁਣ ਕੇ ਖਬਰ ਸਾਰੇ ਨੇ ਦੰਗ,
ਆਂਢ ਗੁਆਂਢ 'ਤੇ ਸਾਕ ਸਬੰਧ।
ਅੰਨ੍ਹੇ ਮਾਪੇ ਹੋਏ ਬੇਹਾਲ,
ਲਾਸ਼ ਨੂੰ ਟੋਹ ਟੋਹ ਹੱਥਾਂ ਨਾਲ।
ਜਾਣਨਾ ਚਾਹੇ ਹਰ ਕੋਈ ਬੰਦਾ,
ਕਿਸ ਦਾ ਹੈ ਇਹ ਕਾਰਾ ਗੰਦਾ।

ਕਾਕਾ ਘਰੋਂ ਅਲੋਪ ਸੀ ਕੀਤਾ,
ਪੁਲਿਸ ਨੇ ਤਾਣਾ ਬਾਣਾ ਸੀਤਾ।
ਲਾਸ਼ ਦੀ ਕੀਮਤ ਪਾਈ ਸੀ ਜਾਂਦੀ,
ਪੁਲਿਸ ਮਾਪਿਆਂ ਤਾਂਈਂ ਸਮਝਾਉਂਦੀ।
ਬੇਜ਼ਾਰ ਬੇਬਸ 'ਤੇ ਅੰਨ੍ਹੇ ਮਾਪੇ,
ਬੇਹਾਲ ਕਰਨ ਕਾਨੂੰਨ ਦੇ ਸਿਆਪੇ।
ਕਿਸ ਨੂੰ ਦਿਲ ਦਾ ਹਾਲ ਸੁਣਾਵਣ,
ਕਿਸ ਅੱਗੇ ਰੋਵਣ ਕੁਰਲਾਵਣ ?
ਗ਼ਰੀਬਾਂ ਦੀ ਕੋਈ ਨੀ ਸੁਣਨੇ ਵਾਲ਼ਾ,
ਪੈਸਾ ਕਰੇ ਸਭ ਘਾਲ਼ਾ ਮਾਲ਼ਾ। ***

## ਬੜੇ ਚਾਅ ਨਾਲ ਪੁੱਛਿਆ ਸੀ

ਹਰਦੀਪ ਬਿਰਦੀ

ਬੜੇ ਚਾਅ ਨਾਲ ਪੁੱਛਿਆ ਸੀ ਹਵਾ ਨੂੰ।
ਮੈਂ ਤੇਰਾ ਹਾਲ ਪੁੱਛਿਆ ਸੀ ਹਵਾ ਨੂੰ।
ਉਹ ਜਿਹੜੇ ਸਾਲ ਮੈਨੂੰ ਤੂੰ ਮਿਲੀ ਸੈਂ
ਮੈਂ ਓਹੀ ਸਾਲ ਪੁੱਛਿਆ ਸੀ ਹਵਾ ਨੂੰ।
ਕਰਾਂ ਮੈਂ ਕੈਦ ਤੈਨੂੰ ਕਿਸ ਤਰ੍ਹਾਂ ਦੱਸ
ਲੈ ਹੱਥੀਂ ਜਾਲ਼ ਪੁੱਛਿਆ ਸੀ ਹਵਾ ਨੂੰ।
ਸੁਣਾਵੇਂਗੀ ਤੂੰ ਕੋਈ ਗੀਤ ਮੈਨੂੰ ?
ਮੈਂ ਦੇ ਕੇ ਤਾਲ ਪੁੱਛਿਆ ਸੀ ਹਵਾ ਨੂੰ।
ਹਨੇਰੇ ਦੀ ਜਾਂ ਚਾਨਣ ਦੀ ਤੂੰ ਹਾਮੀ ?
ਮੈਂ ਦੀਵੇ ਬਾਲ਼ ਪੁੱਛਿਆ ਸੀ ਹਵਾ ਨੂੰ।
ਤੂੰ ਕਦ ਤੋਂ ਹੈਂ ਤੂੰ ਕਦ ਤੱਕ ਹੈਂ ਜ਼ਰਾ ਦੱਸ ?
ਮੈਂ ਉਸਦਾ ਕਾਲ਼ ਪੁੱਛਿਆ ਸੀ ਹਵਾ ਨੂੰ।
ਹਨੇਰੀ ਬਣ ਤੂੰ ਕਿਉਂ ਕਰਦੀ ਤਬਾਹੀ
ਇਹ ਕੀ ਜੰਜਾਲ ਪੁੱਛਿਆ ਸੀ ਹਵਾ ਨੂੰ।
ਸਵੇਰੇ ਸ਼ਾਮ ਤੂੰ ਫਿਰਦੀ ਰਹੇਂ ਕਿਉਂ
ਹੈ ਕਿਸਦੀ ਭਾਲ਼ ਪੁੱਛਿਆ ਸੀ ਹਵਾ ਨੂੰ।

## ਦੁਨੀਆ

ਹਰਜਿੰਦਰ ਸੰਧੂ ਰਾਜਲਹੇੜੀ

ਜਦੋਂ ਕਿਸੇ ਦਾ ਹੋ ਨੁਕਸਾਨ ਜਾਏ।
ਫਸ ਮੁਸੀਬਤ ਦੇ ਵਿੱਚ ਜਾਨ ਜਾਏ।
ਤੋੜ ਕਿਸੇ ਦਾ ਕੋਈ ਸਨਮਾਨ ਜਾਏ,
ਫਿਰ ਉਦੋਂ ਦੁਨੀਆ ਹੱਸਦੀ ਆ,
ਬਈ ਉਦੋਂ ਦੁਨੀਆ ਹੱਸਦੀ ਆ।
ਜਦੋਂ ਧੀ ਕਿਸੇ ਦੀ ਉਧਲ ਜਾਏ।
ਗੱਲ ਕਰਦਾ ਫਸ ਕੋਈ ਚੁਗਲ ਜਾਏ।
ਬੰਦਾ ਝੂਠਾ ਮੂੰਹੋਂ ਸੱਚ ਉਗਲ ਜਾਏ,
ਫਿਰ ਉਦੋਂ
ਜਦੋਂ ਚੜ੍ਹੀ ਹੋਈ ਗੁੱਡੀ ਉੱਤਰ ਜਾਏ।
ਕਰ ਕੌਲ-ਕਰਾਰ ਕੋਈ ਮੁੱਕਰ ਜਾਏ।
ਵਿਕ ਖੇਤ ਦੀ ਕੋਈ ਨੁੱਕਰ ਜਾਏ,
ਫਿਰ ਉਦੋਂ
ਜਦੋਂ ਪੈਸਾ ਲੈ ਕੋਈ ਦੱਬ ਜਾਏ।
ਬਹੁਤਾ ਸਿਆਣਾ ਬੰਦਾ ਠੱਗ ਜਾਏ।
ਮੁਖੀ ਖਾੜੇ ਦਾ ਪਿੱਠ ਦਿਖਾ ਭੱਜ ਜਾਏ,
ਫਿਰ ਉਦੋਂ
ਜਦੋਂ ਦੋਸਤ, ਦੁਸ਼ਮਣ ਬਣ ਜਾਏ।
'ਰਾਜਲਹੇੜੀ' ਕਿਸੇ ਨਾਲ ਠਣ ਜਾਏ।
'ਸੰਧੂ' ਇੱਜ਼ਤ ਕਿਸੇ ਦੀ ਛਣ ਜਾਏ,
ਫਿਰ ਉਦੋਂ

## ਯਾਦਾਂ

ਮਨਜੀਤ ਸਿੰਘ ਬੱਧਣ



ਓਏ ਬਚਪਨਿਆ ! ਮੁੜ ਆਵੇਂ ਨਾ ਕਿਸੇ 'ਤੇ, ਤੂੰ ਦੂਸਰੀ ਵਾਰ।
ਘੜੀ ਪਲ ਤੇਰੇ ਵੱਲ ਮੈਂ ਹੀ ਆਵਾਂ, ਖੋਲ੍ਹ ਕੋਈ ਤਾਕੀ ਬਾਰ।
ਸੁਣਿਆ ਇੱਕ ਬੋਲ 'ਆਟੇ ਦੀ ਚਿੜੀ', ਜਦ ਇੱਕ ਗੀਤ ਵਿੱਚ।
ਉੱਡ ਉੱਡ ਆਈਆਂ ਬੇਬੇ ਦੀਆਂ ਚਿੜੀਆਂ, ਛੱਡ ਆਪਣੀ ਡਾਰ।
ਜਦ ਬਾਪੂ ਜੀ ਨੇ ਤੁਰਨਾ, ਫੜ ਉਂਗਲ ਨਾਲ ਨਾਲ ਮੈਂ ਨੱਸਣਾ,
ਬਿਠਾ ਲੈਂਦੇ ਸੀ ਮੋਢਿਆਂ 'ਤੇ, ਹੋ ਬੈਠਦਾ ਜਿਵੇਂ ਸ਼ਾਹ ਅਸਵਾਰ।
ਆਈ-ਬੋ ਪਤੰਗ ਪਿੱਛੇ ਸੀ ਭੱਜਿਆ ਤੇ ਜਾ ਗੱਡੇ ਵਿੱਚ ਵੱਜਿਆ,
ਕਦੇ ਚਾਬੀ ਵਾਲੇ ਟਰੈਕਟਰ ਲਈ, ਜਾਣਾ ਮੇਲੇ ਹੋ ਹੋ ਪੱਬਾਂ ਭਾਰ।
ਲੰਘ ਗਏ ਨੇ ਉਹ ਦਿਨ ਤੇ ਉਹ ਰਾਤਾਂ, ਬਣ ਗਈਆਂ ਨੇ ਬਾਤਾਂ,
ਛੁੱਟਿਆ ਬਚਪਨ ਉਸ ਪਾਰ, ਅਸੀਂ ਆ ਬਹੁੜੇ ਅੱਜ ਇਸ ਪਾਰ।
ਅੱਲ੍ਹੜਪੁਣਿਆ ! ਤੁਰ ਗਿਆਂ ਆ ਕੇ, ਕਿੱਥੇ ਲੱਭੀਏ ਤੈਨੂੰ ਜਾ ਕੇ,
ਬਚਪਨਿਆ ! ਯਾਦਾਂ ਵਿੱਚ ਹੀ ਰਹੀਂ ਵਸਦਾ, ਦੇ ਜਾਵੀਂ ਨਾ ਹਾਰ।

## ਤੇਰੀਆਂ ਗੱਲਾਂ ਚੇਤੇ ਕਰਕੇ

ਹਰੀ ਕ੍ਰਿਸ਼ਨ ਮਾਇਰ

ਤੇਰੀਆਂ ਗੱਲਾਂ ਚੇਤੇ ਕਰਕੇ
ਕੰਧਾਂ ਗਲ ਲੱਗ ਰੋਈਦਾ
ਨੈਣੋਂ ਨੀਰ ਵਹਾ ਕੇ ਹੌਲ਼ੇ
ਫੁੱਲਾਂ ਵਰਗੇ ਹੋਈਦਾ
ਮੈਂ ਤਿਤਲੀਆਂ ਸੰਗ ਖੇਡਣ ਗਈ ਸਾਂ
ਲੋਕਾਂ ਦੀਆਂ ਨਜ਼ਰਾਂ ਖਾ ਗਈਆਂ
ਮਾਂ ਝਿੜਕੇ ਨਹੀਂ ਵਣਜ ਕਰੀਦਾ
ਫੁੱਲਾਂ ਦੀ ਖੁਸ਼ਬੋਈ ਦਾ
ਸਿਖ਼ਰ ਦੁਪਹਿਰੇ ਕੀ ਕੰਘੀ ਵਾਹ ਲਈ
ਇੱਲ ਬਲਾ ਸੌ ਪਿੱਛੇ ਲਾ ਲਈ
ਤਨ ਆਪਣੇ ਦੀਆਂ ਮਹਿਕਾਂ ਨੂੰ
ਪੁੜੀਆਂ ਬੰਨ੍ਹ ਲਕੋਈਦਾ
ਦੁੱਧ ਦੰਦਾਂ ਦੇ ਫੁੱਲਾਂ ਜਿਹੇ ਹਾਸੇ
ਬਣ ਗਏ ਤੋਲ਼ਿਓ ਰੱਤੀਆਂ ਮਾਸੇ
ਹੁਣ ਜੇ ਫੁੱਲਾਂ ਵਾਂਗੂੰ ਹੱਸੀਏ
ਜ਼ਖ਼ਮ ਮਿਲੇ ਬਦਖ਼ੋਈ ਦਾ
ਬਾਹਰੋਂ ਧੁੱਪ ਲੁਕੋਈਏ ਅੰਦਰੋਂ ਵੱਢ ਖਾਵੇ
ਧੁੱਪ ਅਗਨੀ ਦੀ ਭੈਣ, ਸੇਕਦੀ ਲੂੰਹਦੀ ਜਾਵੇ
ਇਹ ਮੂੰਹਜ਼ੋਰ ਨਦੀ ਬਰਸਾਤੀ
ਡਰ ਡਰ ਦੂਰ ਖਲੋਈਦਾ
ਰੱਬਾ ! ਸਾਡੇ ਵਿਹੜੇ ਕੋਈ ਫੁੱਲ ਖਿੜੇ
ਸਾਡੇ ਘਰ ਵੀ ਖੁਸ਼ਬੂਆਂ ਦੀ ਗੱਲ ਛਿੜੇ
ਸ਼ਰਮਾਂ ਮਾਰੀ ਕਿੰਝ ਗੱਲ ਛੇੜਾਂ
ਡਰ ਬਾਬਲ ਦੀ ਲੋਈ ਦਾ
ਰਾਤੀ ਮੈਨੂੰ ਰੋਜ਼ ਤੇਰਾ ਸੁਪਨਾ ਆਵੇ
ਹੱਥੀਂ ਮਹਿੰਦੀ ਕੁੜੀਆਂ ਦਾ ਝੁਰਮਟ ਲਾਵੇ
ਦਿਨ ਚੜ੍ਹਦਾ ਰੀਝਾਂ ਦੇ ਨੈਣੀ
ਅੱਕਾਂ ਦਾ ਦੁੱਧ ਚੋਈਦਾ

## ਕਵਿਤਾ

ਹਰਦਮ ਮਾਨ

ਮੁਸਾਫਿਰ ਸੱਚ ਦੇ ਅਕਸਰ ਨਿਸ਼ਾਨਾ ਉੱਕ ਜਾਂਦੇ ਨੇ
ਖਿਡਾਰੀ ਕਪਟ ਦੇ ਤਾਂ ਪਲ 'ਚ ਡੰਡਾ ਡੁੱਕ ਜਾਂਦੇ ਨੇ
ਕਿਤੇ ਤਾਂ ਖੁਸ਼ਕ ਮੌਸਮ ਵਿੱਚ ਵੀ ਲੱਗੀਆਂ ਰਹਿੰਦੀਆਂ ਝੜੀਆਂ
ਕਿਤੇ ਸਾਵਣ 'ਚ ਵੀ ਨੈਣਾਂ ਦੇ ਦਰਿਆ ਸੁੱਕ ਜਾਂਦੇ ਨੇ
ਨਹੀਂ ਮੁੱਕਦੀ ਨਹੀਂ ਮਿਟਦੀ ਇਹ ਦੂਰੀ ਰੂਹਾਂ ਤੇਹਾਂ ਦੀ
ਥਲਾਂ ਤੋਂ ਸਾਗਰਾਂ ਦੇ ਫਾਸਲੇ ਵੀ ਮੁੱਕ ਜਾਂਦੇ ਨੇ
ਮਣੇ 'ਤੇ ਚੜ੍ਹ ਕੇ ਚੁੱਕ ਲੈ ਗੋਪੀਆ ਹਾਲੇ ਵੀ ਮੌਕਾ ਹੈ
ਜੋ ਮੀਆਂ ਮਿੱਠੂ ਲਗਦੇ ਨੇ ਇਹ ਛੱਲੀਆਂ ਟੁੱਕ ਜਾਂਦੇ ਨੇ
ਡਲੀ ਉਹ ਲੂਣ ਦੀ, ਮਿਸ਼ਰੀ ਬਰਾਬਰ ਸਮਝਦੇ ਹੁਣ ਵੀ
ਮੇਰੇ ਜ਼ਖ਼ਮਾਂ 'ਤੇ ਮਿਸ਼ਰੀ, ਲੂਣ ਦੋਵੇਂ ਭੁੱਕ ਜਾਂਦੇ ਨੇ
ਖ਼ਿਆਲਾਂ ਵਿੱਚ ਕਿਸੇ ਦੇ ਖ਼ਾਬ ਵਸਦੇ ਰਹਿਣ ਰਾਤਾਂ ਨੂੰ
ਸਵੇਰਾ ਹੁੰਦਿਆਂ ਹੀ ਡੰਡਾ ਡੇਰਾ ਚੁੱਕ ਜਾਂਦੇ ਨੇ

## ਦੋਹੇ

ਨਿਰਮਲ ਸਿੰਘ ਰੱਤਾ

ਸਤਲੁਜ ਰਾਵੀ ਕੂਕਦੇ ਕਿੱਧਰ ਗਿਆ ਚਨਾਬ
ਜਿਹਲਮ ਬਾਝੋਂ ਦੋਸਤੋ ਕਿੰਝ ਕਹਾਂ ਪੰਜਾਬ
ਰੱਬਾ ਸੁਣ ਲੈ ਬੇਨਤੀ ਕਰ ਦੇ ਸਭ ਕੁਝ ਠੀਕ
ਝਟਕੇ ਦੇ ਵਿੱਚ ਮੇਟਦੇ ਵਾਹਗੇ ਵਾਲੀ ਲੀਕ
ਨਸ਼ਿਆਂ ਢਾਹੇ ਗੱਭਰੂ ਘਰ ਘਰ ਵੜੀ ਸ਼ਰਾਬ
ਗਾਮੇ ਦਾਰੇ ਵਾਂਗਰਾਂ ਜਿੱਤਣ ਕਿੰਝ ਖ਼ਿਤਾਬ
ਪਾਣੀ ਪੰਜਾਂ ਵਾਲੜੀ ਧਰਤੀ ਕਹਿਣ ਪੰਜਾਬ
ਬੋਤਲ ਦੇ ਵਿੱਚ ਕਾਸਤੋਂ ਥਾਂ ਥਾਂ ਵਿਕਦੈ ਆਬ
ਦੇਸ਼ਾਂ ਵਿੱਚੋਂ ਦੇਸ਼ ਹੈ ਦੇਸ਼ ਮੇਰਾ ਪੰਜਾਬ
ਭਿੰਨੀ ਖ਼ੁਸ਼ਬੂ ਵੰਡਦਾ ਸੂਹਾ ਫੁੱਲ ਗੁਲਾਬ
ਹਾੜੇ ਕੱਢਾਂ ਦਾਤਿਆ ਅਰਜ਼ਾਂ 'ਤੇ ਕਰ ਗੌਰ
'ਕੱਠੇ ਕਰ ਦੇ ਮਾਲਕਾ ਅੰਮ੍ਰਿਤਸਰ ਲਾਹੌਰ
ਡੂੰਘਾ ਹੋਈ ਜਾਂਵਦਾ ਧਰਤੀ ਵਿਚਲਾ ਆਬ
ਉੱਤੋਂ ਹੋਗੇ' ਗੰਧਲੇ ਕੀ ਟੋਭੇ ਕੀ ਢਾਬ
ਕਿਰਤ ਕਰਨ ਨਾ ਜਾਣਦੇ ਚੋਬਰ ਬਣੇ ਨਵਾਬ
ਮਿਹਨਤ ਬਾਝੋਂ ਨਾ ਕਦੇ ਪੂਰੇ ਹੋਵਣ ਖ਼ਾਬ
ਘੱਤ ਵਹੀਰਾਂ ਦੇਸ਼ ਤੋਂ ਨਿਕਲੇ ਬੇਰੁਜ਼ਗਾਰ
ਕੌਣ ਜਗਾਵੇ ਨੀਂਦ ਤੋਂ ਸੁੱਤੀ ਹੈ ਸਰਕਾਰ
ਆਟਾ ਦਾਲਾਂ ਮੰਗ ਨਾ ਜਾ ਜਾ ਕੇ ਦਰਬਾਰ
ਪੜ੍ਹ ਲਿਖ ਮੰਗੀਂ ਨੌਕਰੀ ਜਾਂ ਪੱਕਾ ਰੁਜ਼ਗਾਰ

## .ਗਜ਼ਲ

ਅੰਮ੍ਰਿਤਪਾਲ ਸਿੰਘ ਸੰਧੂ



ਤੇਰੇ ਇਸ ਸ਼ਹਿਰ ਵਿੱਚ ਉਂਝ ਮੈਂ ਜ਼ਿਆਦਾ ਘਰ ਨਹੀਂ ਦੇਖੇ
ਜੋ ਦੇਖੇ ਨੇ ਉਨ੍ਹਾਂ ਵਿੱਚ ਵੀ ਝਰੋਖੇ ਦਰ ਨਹੀਂ ਦੇਖੇ
ਬਿਨਾਂ ਜੜ੍ਹ ਤੋਂ ਖੜ੍ਹੇ ਰੁੱਖ ਨੇ ਇਸੇ ਲਈ ਛਾਂ ਨਹੀਂ ਖਬਰੇ
ਜੋ ਪੰਛੀ ਆਲ੍ਹਣੇ ਵਿੱਚ ਨੇ ਉਨ੍ਹਾਂ ਦੇ ਪਰ ਨਹੀਂ ਦੇਖੇ
ਬੜੀ ਸਹਿਮੀ ਹਵਾ ਚਲਦੀ ਹਰ ਇੱਕ ਝੋਂਕਾ ਜਿਵੇਂ ਨਾਬਰ
ਮੈਂ ਹਾਉਕਾ ਕੀ ਲਵਾਂ ਪੂਰੇ ਕਦੇ ਸਾਹ ਭਰ ਨਹੀਂ ਦੇਖੇ
ਕਦੇ ਸੁਪਨੇ 'ਚ ਕੰਡੇ ਨੇ ਕਦੇ ਰੇਤਾ ਕਦੇ 'ਨ੍ਹੇਰੀ
ਨਾ ਪਾਣੀ ਰੁੱਖ ਲਹਿਰ ਮੋਤੀ ਕਦੇ ਸਾਗਰ ਨਹੀਂ ਦੇਖੇ
ਹਮੇਸ਼ਾ ਠੀਕ ਹਾਂ ਕਿ ਨਹੀਂ ਤੇਰੇ ਉੱਤਰ ਛੁਪਾ ਲੈਂਦੇ
ਮਿਲੇ ਜਿੰਨੇ ਤੇਰੇ ਐਪਰ ਮੈਂ ਓਨੇ ਪਰ ਨਹੀਂ ਦੇਖੇ
ਕਲੀ ਡਰਦੀ ਡਰੇ ਭੌਰੇ ਬਹਾਰਾਂ ਤੇ ਖਿਜ਼ਾਵਾਂ ਵੀ
ਮੈਂ ਐਨੇ ਦੂਰ ਤੱਕ ਪਸਰੇ ਕਿਤੇ ਵੀ ਡਰ ਨਹੀਂ ਦੇਖੇ

## ਖੌਰੇ ਕੀ ਕੀ ਕਰਦਾ ਬੰਦਾ

ਹਰਦੀਪ ਬਿਰਦੀ

ਰੋਟੀ ਖ਼ਾਤਿਰ ਖੌਰੇ ਕੀ ਕੀ ਕਰਦਾ ਬੰਦਾ।
ਬੱਸ ਇੱਕ ਜੀਵਣ ਖ਼ਾਤਰ ਨਿੱਤ ਹੈ ਮਰਦਾ ਬੰਦਾ।
ਮਿਲਦਾ ਉਹ ਹੀ ਜਿਹੜਾ ਕਿਸਮਤ ਵਿੱਚ ਲਿਖਿਆ
ਕਿਸਮਤ ਅੱਗੇ ਬਾਜ਼ੀ ਹਰ ਹੈ ਹਰਦਾ ਬੰਦਾ।
ਵਕਤਾਂ ਦੀ ਇਸ ਬਾਰਿਸ਼ ਅੰਦਰ ਖੜ੍ਹਨਾ ਔਖਾ
ਕੰਢੇ ਲੱਗੀ ਮਿੱਟੀ ਵਾਂਗੂੰ ਖਰਦਾ ਬੰਦਾ।
ਸਭ ਨੂੰ ਆਪੋ ਧਾਪੀ ਹੈ ਬਸ ਕੀ ਕਰੀਏ ਜੀ
ਚਾਹੇ ਹੋਵੇ ਬਾਹਰੀ ਚਾਹੇ ਘਰ ਦਾ ਬੰਦਾ।
ਕਰਦਾ ਨਿੱਤ ਘੁਟਾਲੇ ਤਕੜੇ ਵਿੱਚ ਕਰੋੜਾਂ
ਕਫ਼ਨਾਂ ਵਿੱਚੋਂ ਖਾਵੇ, ਚਾਰਾ ਚਰਦਾ ਬੰਦਾ।
ਉਸਦੀ ਗੱਡੀ ਵੱਡੀ ਮੇਰੀ ਛੋਟੀ ਕਾਹਤੋਂ
ਉੰਨੀ ਇੱਕੀ ਦਾ ਵੀ ਫ਼ਰਕ ਨਾ ਜਰਦਾ ਬੰਦਾ।
ਕੋਈ ਏਸੀ ਹੀਟਰ ਦੇ ਵਿੱਚ ਮੌਜਾਂ ਮਾਣੇ
ਕੋਈ ਧੁੱਪੇ ਨੰਗੇ ਪਿੰਡੇ ਮਰਦਾ ਬੰਦਾ।
ਬੇਸ਼ਰਮੀ ਦੇ ਵੱਸ ਪਿਆ ਹੈ ਕਾਮੁਕ ਹੋਕੇ
ਰੱਖੇ ਨਾ ਹੁਣ ਧੀਆਂ ਅੱਗੇ ਪਰਦਾ ਬੰਦਾ।
ਨਸ਼ਿਆਂ ਵਾਲੀ ਖਾਕੇ ਫੱਕੀ ਬਣਦਾ ਹੀਰੋ
ਖਾਂਦਾ ਰੱਜਕੇ ਚਿੱਟਾ, ਡੋਡੇ, ਜਰਦਾ ਬੰਦਾ।

## ਘਰ ਚਲਾਉਣ ਲਈ ਪਾਣੀ ਦੀਆਂ ਬੋਤਲਾਂ ਵੇਚਦਾ ਸੀ

# ਜੁਗਰਾਜ ਸਿੰਘ




## ਜੁਗਰਾਜ ਵੱਲੋਂ ਕੀਤੇ ਗਏ ਗੋਲ ਨੇ ਭਾਰਤ ਨੂੰ ਬਣਾਇਆ ਏਸ਼ੀਅਨ ਚੈਂਪੀਅਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਹਾਕੀ ਟੀਮ ਨੇ ਏਸ਼ੀਆਈ ਚੈਂਪੀਅਨਜ਼ ਟਰਾਫੀ 2024 ਦੇ ਫਾਈਨਲ ਵਿੱਚ ਚੀਨ ਨੂੰ 1-0 ਨਾਲ ਹਰਾ ਦਿੱਤਾ। ਭਾਰਤ ਲਈ ਇਕਮਾਤਰ ਗੋਲ ਜੁਗਰਾਜ ਸਿੰਘ ਨੇ ਕੀਤਾ। ਜੁਗਰਾਜ ਸਿੰਘ ਦੇ ਇਸ ਗੋਲ ਨਾਲ ਟੀਮ ਇੰਡੀਆ 5ਵੀਂ ਵਾਰ ਏਸ਼ੀਅਨ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤਣ 'ਚ ਸਫਲ ਰਹੀ। ਜੁਗਰਾਜ ਨੇ ਮੈਚ ਦੇ 51ਵੇਂ ਮਿੰਟ ਵਿੱਚ ਸ਼ਾਨਦਾਰ ਪਾਸ ਨੂੰ ਮੈਦਾਨੀ ਗੋਲ ਵਿੱਚ ਬਦਲ ਕੇ ਟੀਮ ਇੰਡੀਆ ਨੂੰ ਬੜ੍ਹਤ ਦਿਵਾਈ। ਇਸ ਤੋਂ ਬਾਅਦ ਟੀਮ ਇੰਡੀਆ ਦੇ ਖਿਡਾਰੀਆਂ ਨੇ ਫਿਰ ਤੋਂ ਚੀਨ ਨੂੰ ਵਾਪਸੀ ਦਾ ਕੋਈ ਮੌਕਾ ਨਹੀਂ ਦਿੱਤਾ ਅਤੇ ਜਿਵੇਂ ਹੀ ਆਖਰੀ ਕੁਆਰਟਰ ਦਾ ਹੂਟਰ ਵੱਜਿਆ ਤਾਂ ਭਾਰਤੀ ਖਿਡਾਰੀ ਜਸ਼ਨ ਵਿੱਚ ਆ ਗਏ।

**ਕੌਣ ਹੈ ਡਿਫੈਂਡਰ ਜੁਗਰਾਜ ਸਿੰਘ ?**

ਜੁਗਰਾਜ ਸਿੰਘ ਦਾ ਜਨਮ ਪੰਜਾਬ ਦੇ ਅਟਾਰੀ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ। ਅਟਾਰੀ ਭਾਰਤ-ਪਾਕਿਸਤਾਨ ਸਰਹੱਦ ਦੇ ਬਹੁਤ ਨੇੜੇ ਹੈ, ਜਿੱਥੇ ਅਕਸਰ ਗੋਲੀਬਾਰੀ ਹੁੰਦੀ ਰਹੀ ਹੈ। ਇਕ ਸਮੇਂ ਤਾਂ ਹਾਲਾਤ ਇਹ ਬਣ ਗਏ ਕਿ ਪਾਕਿਸਤਾਨ ਵਾਲੇ ਪਾਸਿਓਂ ਇੰਨੀ ਗੋਲੀਬਾਰੀ ਹੋਈ ਕਿ ਜੁਗਰਾਜ ਦੇ ਪਿੰਡ ਨੂੰ ਖਾਲੀ ਕਰਨ ਦਾ ਹੁਕਮ ਦੇ ਦਿੱਤਾ ਗਿਆ। ਜੁਗਰਾਜ ਬਹੁਤ ਹੀ ਸਾਧਾਰਨ ਪਰਿਵਾਰ ਤੋਂ ਹੈ। ਉਨ੍ਹਾਂ ਦਾ ਬਚਪਨ ਗਰੀਬੀ 'ਚ ਬੀਤਿਆ ਪਰ ਜੁਗਰਾਜ ਨੂੰ ਹਾਕੀ ਨਾਲ ਇੰਨਾ ਲਗਾਅ ਸੀ ਕਿ ਉਸ ਨੇ ਇਸ ਖੇਡ 'ਚ ਆਪਣਾ ਕੈਰੀਅਰ ਬਣਾਉਣ ਦਾ ਫੈਸਲਾ ਕਰ ਲਿਆ। ਹਾਕੀ ਖਿਡਾਰੀ ਬਣਨ ਤੋਂ ਪਹਿਲਾਂ ਜੁਗਰਾਜ ਆਪਣਾ ਘਰ ਚਲਾਉਣ ਲਈ ਪਾਣੀ ਦੀਆਂ ਬੋਤਲਾਂ ਵੇਚਦਾ ਸੀ। ਉਸ ਦਾ ਪਿਤਾ ਕੁਲੀ ਦਾ ਕੰਮ ਕਰਦਾ ਸੀ।

**ਹਾਕੀ ਨੇ ਬਦਲੀ ਜ਼ਿੰਦਗੀ**

ਹਾਕੀ ਨੇ ਜੁਗਰਾਜ ਸਿੰਘ ਦੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਜੁਗਰਾਜ ਨੇ ਆਪਣੇ ਪਿੰਡ ਦੇ ਹੀ ਦੋ ਖਿਡਾਰੀਆਂ ਸ਼ਮਸ਼ੇਰ ਸਿੰਘ ਅਤੇ ਚਤਰਾ ਸਿੰਘ ਨੂੰ ਆਪਣਾ ਆਦਰਸ਼ ਬਣਾ ਲਿਆ। ਜੁਗਰਾਜ ਹਾਕੀ ਵਿੱਚ ਆਪਣਾ ਕੈਰੀਅਰ ਬਣਾਉਣ ਲਈ 2011 ਵਿੱਚ ਜਲੰਧਰ ਪਹੁੰਚਿਆ ਸੀ। ਇੱਥੇ ਉਸ ਨੇ ਹਾਕੀ ਅਕੈਡਮੀ ਵਿੱਚ ਦਾਖ਼ਲਾ ਲੈ ਲਿਆ। ਉਸ ਦੀ ਜ਼ਬਰਦਸਤ ਖੇਡ ਅਤੇ ਹੁਨਰ ਨੂੰ ਦੇਖਦਿਆਂ ਜੁਗਰਾਜ ਸਿੰਘ ਨੂੰ ਪੰਜਾਬ ਨੈਸ਼ਨਲ ਬੈਂਕ ਦੀ ਟੀਮ ਵਿੱਚ ਸ਼ਾਮਲ ਕੀਤਾ ਗਿਆ, ਜਿੱਥੇ ਉਸ ਨੂੰ ਕੁਝ ਪੈਸੇ ਵਜ਼ੀਫੇ ਵਜੋਂ ਮਿਲਣੇ ਸ਼ੁਰੂ ਹੋ ਗਏ, ਪਰ ਉਸ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਬਦਲਾਅ ਸਾਲ 2016 ਵਿੱਚ ਆਇਆ ਜਦੋਂ ਉਹ ਭਾਰਤੀ ਜਲ ਸੈਨਾ ਵਿੱਚ ਇੱਕ ਅਧਿਕਾਰੀ ਭਰਤੀ ਹੋ ਗਿਆ। ਇੱਥੋਂ ਉਸਦੀ ਵਿੱਤੀ ਹਾਲਤ ਵਿੱਚ ਸੁਧਾਰ ਹੋਇਆ ਅਤੇ ਇਸ ਨਾਲ ਉਸਦੀ ਖੇਡ ਵਿੱਚ ਸੁਧਾਰ ਕਰਨ ਵਿੱਚ ਵੀ ਮਦਦ ਮਿਲੀ।

## ਇਹ ਜਿੱਤ ਆਸਾਨ ਨਹੀਂ ਸੀ: ਕੋਚ ਫੁਲਟਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਹਾਕੀ ਟੀਮ ਨੇ ਭਾਵੇਂ ਹੀ ਅਜੇਤੂ ਰਹਿ ਕੇ ਏਸ਼ੀਆਈ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ ਪਰ ਮੁੱਖ ਕੋਚ ਕ੍ਰੇਗ ਫੁਲਟਨ ਦਾ ਮੰਨਣਾ ਹੈ ਕਿ ਉਸ ਦੀ ਨੌਜਵਾਨ ਟੀਮ ਲਈ ਇਹ ਕੋਈ ਆਸਾਨ ਟੂਰਨਾਮੈਂਟ ਨਹੀਂ ਸੀ। ਪੈਰਿਸ ਉਲੰਪਿਕ 'ਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਆਪਣਾ ਪਹਿਲਾ ਟੂਰਨਾਮੈਂਟ ਖੇਡ ਰਹੀ ਭਾਰਤੀ ਟੀਮ ਨੇ ਏਸ਼ੀਆਈ ਚੈਂਪੀਅਨਸ ਟਰਾਫੀ ਦੇ ਸਾਰੇ ਮੈਚ ਜਿੱਤੇ ਅਤੇ ਫਾਈਨਲ 'ਚ ਚੀਨ ਨੂੰ 1-0 ਨਾਲ ਹਰਾਇਆ। ਭਾਰਤੀ ਟੀਮ ਦਾ ਇਹ ਪੰਜਵਾਂ ਐਕਟ ਖਿਤਾਬ ਸੀ ਜਿਸ ਨੇ ਪਿਛਲੀ ਵਾਰ ਵੀ ਇਹ ਖਿਤਾਬ ਜਿੱਤਿਆ ਸੀ।



ਫੁਲਟਨ ਨੇ ਕਿਹਾ, 'ਇਹ ਸਾਡੇ ਲਈ ਮੁਸ਼ਕਿਲ ਸੀ ਪਰ ਅੰਤ ਵਿੱਚ ਜਿੱਤਣਾ ਚੰਗਾ ਸੀ। ਸਾਨੂੰ ਬਹੁਤ ਮਿਹਨਤ ਕਰਨੀ ਪਵੇਗੀ। ਅਸੀਂ ਸੱਤ ਮੈਚਾਂ ਵਿੱਚ ਚੰਗੀ ਹਾਕੀ ਖੇਡੀ। ਫਾਈਨਲ ਵਿੱਚ ਬਹੁਤੇ ਗੋਲ ਨਹੀਂ ਕਰ ਸਕੇ ਪਰ ਨਤੀਜਾ ਸਾਡੇ ਹੱਕ ਵਿੱਚ ਰਿਹਾ। 'ਉਸ ਨੇ ਕਿਹਾ ਕਿ ਪਿਛਲੇ ਦੋ ਮਹੀਨੇ ਉਸ ਲਈ ਅਤੇ ਟੀਮ ਲਈ ਉਤਰਾਅ-ਚੜ੍ਹਾਅ ਵਾਲੇ ਰਹੇ। ਉਸ ਨੇ ਕਿਹਾ ਕਿ ਬਹੁਤ ਸਾਰੇ ਉਤਰਾਅ-ਚੜ੍ਹਾਅ ਆਏ। ਪਰਿਵਾਰ ਨਾਲ ਸਿਰਫ਼ ਅੱਠ ਦਿਨ ਬਿਤਾਉਣ ਤੋਂ ਬਾਅਦ ਪੈਰਿਸ ਉਲੰਪਿਕ ਅਤੇ ਫਿਰ ਇਸ ਟੂਰਨਾਮੈਂਟ ਦੀ ਤਿਆਰੀ। ਅਸੀਂ ਇੱਥੇ ਇੱਕ ਨੌਜਵਾਨ ਟੀਮ ਅਤੇ ਕੁਝ ਨਵੇਂ ਖਿਡਾਰੀਆਂ ਨਾਲ ਆਏ ਹਾਂ। ਖਿਡਾਰੀ ਥੱਕ ਗਏ ਸਨ ਪਰ ਫਿਰ ਵੀ ਜਿੱਤ ਗਏ, ਜੋ ਕਿ ਚੰਗੀ ਟੀਮ ਦੀ ਨਿਸ਼ਾਨੀ ਹੈ।

## ਚੈਂਪੀਅਨਸ ਟਰਾਫ਼ੀ ਜਿੱਤਣ ਵਾਲੀ ਭਾਰਤੀ ਹਾਕੀ ਟੀਮ 'ਤੇ ਪੈ ਗਿਆ ਪੈਸਿਆਂ ਦਾ ਮੀਂਹ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਹਾਕੀ ਟੀਮ ਨੇ ਏਸ਼ੀਆਈ ਚੈਂਪੀਅਨਸ ਟਰਾਫੀ ਦੇ ਫਾਈਨਲ 'ਚ ਚੀਨ ਨੂੰ 1-0 ਨਾਲ ਹਰਾ ਦਿੱਤਾ। ਇਸ ਜਿੱਤ ਦੇ ਨਾਲ ਭਾਰਤ ਨੇ ਰਿਕਾਰਡ 5ਵੀਂ ਵਾਰ ਚੈਂਪੀਅਨਸ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ। ਭਾਰਤ ਲਈ ਇਸ ਜਿੱਤ ਦਾ ਇੱਕੋ ਇੱਕ ਗੋਲ ਜੁਗਰਾਜ ਸਿੰਘ ਨੇ ਕੀਤਾ।

ਇਸ ਤਰ੍ਹਾਂ ਹਾਕੀ ਇੰਡੀਆ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤਣ 'ਤੇ ਟੀਮ ਇੰਡੀਆ ਲਈ ਇਨਾਮ ਵਜੋਂ ਖਿਡਾਰੀਆਂ ਅਤੇ ਸਪੋਰਟ ਸਟਾਫ ਲਈ ਇਨਾਮੀ ਰਾਸ਼ੀ ਦਾ ਐਲਾਨ ਵੀ ਕੀਤਾ। ਹਾਕੀ ਇੰਡੀਆ ਟੀਮ ਇੰਡੀਆ ਦੇ ਹਰ ਖਿਡਾਰੀ ਨੂੰ 3 ਲੱਖ ਰੁਪਏ ਦਾ ਨਕਦ ਇਨਾਮ ਦੇਵੇਗੀ। ਇਸ ਤੋਂ ਇਲਾਵਾ ਸਪੋਰਟ ਸਟਾਫ਼ ਨੂੰ 1.5 ਲੱਖ ਰੁਪਏ ਦਿੱਤੇ ਜਾਣਗੇ।




ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਇੰਡੀਆ ਨੂੰ ਏਸ਼ੀਅਨ ਹਾਕੀ ਫੈਡਰੇਸ਼ਨ ਵੱਲੋਂ ਸੋਨੇ ਦੇ ਤਗਮੇ ਦੇ ਨਾਲ ਚੈਂਪੀਅਨਸ ਟਰਾਫੀ ਅਤੇ ਇਨਾਮੀ ਰਾਸ਼ੀ ਦਿੱਤੀ ਗਈ। ਭਾਰਤ ਦੀ ਤਰਫੋਂ ਕਪਤਾਨ ਹਰਮਨਪ੍ਰੀਤ ਸਿੰਘ ਟੂਰਨਾਮੈਂਟ ਦਾ ਸਟਾਰ ਪਰਫਾਰਮਰ ਰਿਹਾ। ਉਸਨੂੰ ਟੂਰਨਾਮੈਂਟ ਦਾ ਖਿਡਾਰੀ ਚੁਣਿਆ ਗਿਆ ਅਤੇ ਉਸਨੂੰ 2,000 ਅਮਰੀਕੀ ਡਾਲਰ ਦਾ ਨਕਦ ਇਨਾਮ ਦਿੱਤਾ ਗਿਆ।

# ਖੇਡਾਂ ਨੂੰ ਭ੍ਰਿਸ਼ਟਾਚਾਰ ਤੋਂ ਬਚਾਉਣ ਦੀ ਲੋੜ

ਭਾਰਤ ਵਿੱਚ ਹੋਰਨਾਂ ਖੇਤਰਾਂ ਵਾਂਗ ਹੀ ਖੇਡਾਂ 'ਤੇ ਵੀ ਭ੍ਰਿਸ਼ਟਾਚਾਰ ਦਾ ਪਰਛਾਵਾਂ ਪੈ ਗਿਆ ਲੱਗਦਾ ਹੈ, ਇਹੀ ਕਾਰਨ ਹੈ ਕਿ ਕਈ ਵਾਰ ਵੱਖ- ਵੱਖ ਖੇਡਾਂ ਦੀਆਂ ਟੀਮਾਂ ਵਿੱਚ ਅਜਿਹੇ ਖਿਡਾਰੀ ਵੀ ਵੇਖਣ ਨੂੰ ਮਿਲਦੇ ਹਨ, ਜੋ ਕਿ ਸਿਫਾਰਸ਼ੀ ਹੁੰਦੇ ਹਨ ਜਦੋਂਕਿ ਚੰਗੇ ਖਿਡਾਰੀ ਟੀਮ ਤੋਂ ਬਾਹਰ ਰਹਿ ਜਾਂਦੇ ਹਨ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਵੀ ਕਈ ਵਾਰ ਖਿਡਾਰੀਆਂ ਤਕ ਸਹੀ ਤਰੀਕੇ ਨਾਲ ਨਹੀਂ ਪਹੁੰਚਦੀਆਂ।

ਅਸਲ ਵਿੱਚ ਸਿਫਾਰਸ ਅਤੇ ਭਾਈ ਭਤੀਜਾਵਾਦ ਸਕੂਲੀ ਟੀਮਾਂ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਕਈ ਵਾਰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਵੀ ਟੀਮਾਂ ਦੀ ਚੋਣ ਮੌਕੇ ਇੱਕ ਦੋ ਖਿਡਾਰੀ ਸਿਫਾਰਸ਼ੀ ਚੁਣੇ ਜਾਂਦੇ ਹਨ। ਜਿਸ ਕਾਰਨ ਪੂਰੀ ਟੀਮ ਹੀ ਕਈ ਵਾਰ ਮੈਚ ਹਾਰ ਜਾਂਦੀ ਹੈ। ਇਸ ਤੋਂ ਇਲਾਵਾ ਸਟੇਟ ਅਤੇ ਨੈਸ਼ਨਲ ਪੱਧਰ 'ਤੇ ਵੀ ਕਈ ਵਾਰ ਖਿਡਾਰੀਆਂ ਦੀ ਚੋਣ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ।

ਮਹਿਲਾ ਭਲਵਾਨਾਂ ਵੱਲੋਂ ਕੀਤੇ ਗਏ ਸੰਘਰਸ਼ ਅਤੇ ਲਗਾਏ ਗਏ ਦੋਸ਼ਾਂ ਬਾਰੇ ਸਾਰੇ ਜਾਣਦੇ ਹਨ। ਇਸ ਤੋਂ ਇਲਾਵਾ ਹੋਰਨਾਂ ਖੇਡਾਂ ਵਿੱਚ ਵੀ ਸਭ ਕੁਝ ਠੀਕ ਨਹੀਂ। ਕਈ ਵਾਰ ਖਿਡਾਰਨਾਂ ਦਾ ਜਿਨਸੀ ਸ਼ੋਸ਼ਣ ਤਾਂ ਨਹੀਂ ਹੁੰਦਾ ਪਰ ਚੰਗੀਆਂ ਖਿਡਾਰਨਾਂ ਅਤੇ ਚੰਗੇ ਖਿਡਾਰੀਆਂ ਦੀ ਥਾਂ ਹੋਰਨਾਂ ਖਿਡਾਰੀਆਂ ਦੀ ਕੀਤੀ ਜਾਂਦੀ ਚੋਣ ਅਕਸਰ ਕਈ ਸਵਾਲ ਖੜੇ ਕਰ ਜਾਂਦੀ ਹੈ।

ਹਾਲ ਤਾਂ ਇਹ ਹੋ ਗਿਆ ਹੈ ਕਿ ਕਈ ਵਾਰ ਖੇਡਾਂ ਵਿੱਚ ਸਰਕਾਰ ਵੱਲੋਂ ਖਿਡਾਰੀਆਂ ਦੀ ਭਲਾਈ ਲਈ ਭੇਜਿਆ ਗਿਆ ਪੈਸਾ ਖਿਡਾਰੀਆਂ ਤਕ ਪਹੁੰਚਦੇ ਪਹੁੰਚਦੇ ਅੱਧਾ ਹੀ ਰਹਿ ਜਾਂਦਾ ਹੈ, ਜਿਸ ਕਾਰਨ ਖਿਡਾਰੀਆਂ ਨੂੰ ਅਕਸਰ ਕਈ ਤਰਾਂ ਦੀਆਂ ਘਾਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਕਈ ਖਿਡਾਰੀ ਸਹੂਲਤਾਂ ਦੀ ਘਾਟ ਜਾਂ ਗਰੀਬੀ ਕਾਰਨ ਖੇਡਾਂ ਵਿੱਚ ਅੱਗੇ ਆਉਣ ਤੋਂ ਰਹਿ ਜਾਂਦੇ ਹਨ। ਭਾਰਤ ਵਿੱਚ ਤਾਂ ਹਾਲਾਤ ਇਹ ਹਨ ਕਿ ਸ਼ਹਿਰਾਂ ਵਿਚ ਖਿਡਾਰੀਆਂ ਨੂੰ ਤਾਂ ਕਈ ਤਰਾਂ ਦੀਆਂ ਸਹੂਲਤਾਂ ਮਿਲ ਜਾਂਦੀਆਂ ਹਨ ਪਰ ਪਿੰਡਾਂ ਵਿੱਚ ਖਿਡਾਰੀਆਂ ਖਾਸ ਕਰਕੇ ਖਿਡਾਰਨਾਂ ਨੂੰ ਪੂਰੀਆਂ ਖੇਡ ਸਹੂਲਤਾਂ ਨਹੀਂ ਮਿਲਦੀਆਂ, ਜਿਸ ਕਾਰਨ ਚੰਗੇ ਖਿਡਾਰੀਆਂ ਨੂੰ ਆਪਣੀ ਖੇਡ ਦਿਖਾਉਣ ਦਾ ਮੌਕਾ ਨਹੀਂ ਮਿਲਦਾ। ਇਸ ਤੋਂ ਇਲਾਵਾ ਕਈ ਪਾਰ ਖਿਡਾਰੀਆਂ ਦੀ ਚੋਣ ਵੇਲੇ ਕੀਤਾ ਜਾਂਦਾ ਭੇਦਭਾਵ ਵੇਖ ਕੇ ਚੰਗੇ ਖਿਡਾਰੀ ਖੇਡਾਂ ਵਿੱਚ ਹਿੱਸਾ ਲੈਣ ਤੋਂ ਹਟ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰਨ ਹਨ, ਜਿਨ੍ਹਾਂ ਕਰਕੇ ਕਈ ਚੰਗੇ ਖਿਡਾਰੀ ਖੇਡਾਂ ਵਿੱਚ ਹਿੱਸਾ ਲੈਣ ਤੋਂ ਦੂਰ ਹੋ ਜਾਂਦੇ ਹਨ।



ਅੱਜ ਕੱਲ੍ਹ ਆਪਾ ਧਾਪੀ ਦੇ ਇਸ ਮਾਹੌਲ ਵਿੱਚ ਵੱਡੀ ਗਿਣਤੀ ਵਿਦਿਆਰਥੀ ਖੇਡਾਂ ਵਿੱਚ ਹਿੱਸਾ ਲੈਣ ਦੀ ਥਾਂ ਪੜ੍ਹਾਈ ਵਿੱਚ ਰੁਝੇ ਰਹਿੰਦੇ ਹਨ ਤਾਂ ਕਿ ਉਹਨਾਂ ਦਾ ਕੈਰੀਅਰ ਬਣ ਸਕੇ ਅਤੇ ਉਹ ਚੰਗੀ ਨੌਕਰੀ ਲੈ ਸਕਣ। ਇਸ ਤੋਂ ਇਲਾਵਾ ਅੱਜ ਕੱਲ੍ਹ ਵਿਦਿਆਰਥੀ ਖੇਡਾਂ ਖੇਡਣ ਲਈ ਖੇਡ ਮੈਦਾਨ ਵਿੱਚ ਜਾਣ ਦੀ ਥਾਂ ਮੋਬਾਇਲ ਜਾਂ ਕੰਪਿਊਟਰ 'ਤੇ ਹੀ ਖੇਡਾਂ ਖੇਡਦੇ ਰਹਿੰਦੇ ਹਨ। ਇਸ ਤੋਂ ਇਲਾਵਾ ਕਈ ਸ਼ਹਿਰਾਂ ਵਿੱਚ ਮੋਬਾਇਲ ਜਾਂ ਕੰਪਿਊਟਰ ਖੇਡਾਂ ਖਿਡਾਉਣ ਲਈ ਕਈ ਤਰਾਂ ਦੀਆਂ ਦੁਕਾਨਾਂ ਵੀ ਖੁਲੀਆਂ ਹੋਈਆਂ ਹਨ, ਜਿਥੇ ਕਿ ਵੀਡੀਓ ਗੇਮਾਂ ਵੀ ਖਿਡਾਈਆਂ ਜਾਂਦੀਆਂ ਹਨ। ਇਸ ਤਰਾਂ ਵੱਡੀ ਗਿਣਤੀ ਬੱਚੇ ਖੇਡ ਮੈਦਾਨਾਂ ਵਿੱਚ ਜਾਣ ਦੀ ਥਾਂ ਮੋਬਾਇਲ ਗੇਮਾਂ ਤਕ ਸੀਮਿਤ ਹੋ ਜਾਂਦੇ ਹਨ।

ਪਹਿਲਾਂ ਦੋ ਸਾਲ ਕੋਵਿਡ ਕਾਰਨ ਵੀ ਖਿਡਾਰੀ ਖੇਡਾਂ ਤੋਂ ਦੂਰ ਰਹੇ, ਜਿਆਦਾਤਰ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਕੋਵਿਡ ਕਾਰਨ ਘਰਾਂ ਤੋਂ ਬਾਹਰ ਘੱਟ ਨਿਕਲਣ ਦਿੱਤਾ, ਜਿਸ ਕਰਕੇ ਬੱਚਿਆਂ ਨੂੰ ਘਰਾਂ ਵਿੱਚ ਰਹਿ ਕੇ ਵੀਡੀਓ ਗੇਮਾਂ ਖੇਡਣ ਦੀ ਆਦਤ ਪੈ ਗਈ। ਇਸ ਕਰਕੇ ਹੁਣ ਕੋਵਿਡ ਦਾ ਅਸਰ ਘਟ ਹੋਣ ਦੇ ਬਾਵਜੂਦ ਵੱਡੀ ਗਿਣਤੀ ਬੱਚੇ ਘਰਾਂ ਤੋਂ ਬਾਹਰ ਘੱਟ ਨਿਕਲਦੇ ਹਨ। ਇਸੇ ਕਾਰਨ ਕਈ ਚੰਗੇ ਖਿਡਾਰੀ ਸਾਹਮਣੇ ਨਹੀਂ ਆ ਰਹੇ। ਭਾਰਤ ਵਿੱਚ ਹੋਰਨਾਂ ਖੇਡਾਂ ਦੀ ਥਾਂ ਕ੍ਰਿਕਟ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਭਾਰਤ ਦੇ ਸ਼ਹਿਰਾਂ ਪਿੰਡਾਂ ਦੀ ਗਲੀਆਂ ਵਿੱਚ ਕ੍ਰਿਕਟ ਖੇਡੀ ਜਾਂਦੀ ਹੈ। ਜਦੋਂ ਕਿ ਹੋਰਨਾਂ ਖੇਡਾਂ ਵਿੱਚ ਬੱਚੇ ਘੱਟ ਦਿਲਚਸਪੀ ਲੈਂਦੇ ਹਨ। ਕ੍ਰਿਕਟ ਬਾਰੇ ਕਿਹਾ ਜਾਂਦਾ ਹੈ ਕਿ ਇਸ ਖੇਡ ਵਿੱਚ ਪੈਸਾ ਬਹੁਤ ਹੁੰਦਾ ਹੈ ਅਤੇ ਅਨੇਕਾਂ ਇਨਾਮ ਸਨਮਾਨ ਮਿਲਦੇ ਹਨ। ਇਸ ਕਰਕੇ ਹੀ ਜਿਆਦਾ ਬੱਚੇ ਕ੍ਰਿਕਟ ਖੇਡਣ ਵੱਲ ਧਿਆਨ ਦਿੰਦੇ ਹਨ, ਜਿਸ ਕਾਰਨ ਹੋਰਨਾਂ ਖੇਡਾਂ ਵਿੱਚ ਬੱਚੇ ਖੇਡਣ ਤੋਂ ਗੁਰੇਜ ਕਰਦੇ ਹਨ। ਖੇਡਾਂ ਦਾ ਸਭ ਤੋਂ ਮਾੜਾ ਪੱਖ ਭ੍ਰਿਸ਼ਟਾਚਾਰ ਹੋਣਾ ਹੈ, ਭ੍ਰਿਸ਼ਟਾਚਾਰ ਕਾਰਨ ਅਕਸਰ ਚੰਗੇ ਖਿਡਾਰੀ ਅੱਗੇ ਆਉਣ ਤੋਂ ਰਹਿ ਜਾਂਦੇ ਹਨ। ਭ੍ਰਿਸ਼ਟਾਚਾਰ ਕਾਰਨ ਖੇਡਾਂ ਦਾ ਕਾਫ਼ੀ ਨੁਕਸਾਨ ਵੀ ਹੋ ਰਿਹਾ ਹੈ। ਇਸ ਕਰਕੇ ਖੇਡਾਂ ਵਿੱਚ ਫੈਲੇ ਹੋਏ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਮੰਗ ਅਕਸਰ ਉਠਦੀ ਰਹਿੰਦੀ ਹੈ। ਖੇਡਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਸਰਕਾਰ ਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਚੰਗੇ ਖਿਡਾਰੀ ਉਭਰ ਕੇ ਸਾਹਮਣੇ ਆ ਸਕਣ।

# ਦਿਸ਼ਾ ਤੋਂ ਭਟਕ ਰਹੀ ਹੈ ਅਜੋਕੀ ਗਾਇਕੀ

## ਤੂੰਬੀ ਦੀ ਥਾਂ ਗਾਇਕਾਂ ਨੇ ਚੁੱਕ ਲਏ ਹਨ ਹਥਿਆਰ






ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ। ਇਸ ਦਾ ਸੰਗੀਤਕ ਮਾਹੌਲ ਧਾਰਮਿਕ, ਆਪਸੀ ਭਾਈਚਾਰੇ ਤੇ ਦੇਸ਼ਭਗਤੀ ਦੇ ਰੰਗ 'ਚ ਰੰਗਿਆ ਹੋਇਆ ਹੈ। ਸੰਗੀਤ ਨੂੰ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ। ਇਹ ਥੱਕੇ-ਟੁੱਟੇ ਮਨੁੱਖ ਦੀ ਥਕਾਵਟ ਦੂਰ ਕਰਦਾ ਹੈ ਤੇ ਇਸ ਨਾਲ ਉਸ ਦੇ ਚਿਹਰੇ 'ਤੇ ਖ਼ੁਸ਼ੀ ਝਲਕਦੀ ਹੈ ਪਰ ਅੱਜ ਨਾ ਤਾਂ ਦਿਲਾਂ ਨੂੰ ਛੂਹਣ ਵਾਲਾ ਸੰਗੀਤ ਹੈ ਤੇ ਨਾ ਹੀ ਇਸ ਨੂੰ ਪਰਿਵਾਰ 'ਚ ਬੈਠ ਕੇ ਸੁਣਿਆ ਅਤੇ ਦੇਖਿਆ ਜਾ ਸਕਦਾ ਹੈ। ਅੱਜ ਦੀ ਗਾਇਕੀ ਪੂਰੀ ਦੀ ਪੂਰੀ ਹਥਿਆਰਾਂ, ਆਸ਼ਕੀ ਤੇ ਨਸ਼ਿਆਂ ਦੁਆਲੇ ਘੁੰਮ ਰਹੀ ਹੈ। ਗੀਤਾਂ 'ਚ ਹਥਿਆਰਾਂ ਦਾ ਪ੍ਰਦਰਸ਼ਨ, ਹਿੰਸਾ, ਕਤਲੇਆਮ, ਦਾਰੂ, ਗ਼ਲਤ ਸ਼ਬਦਾਵਲੀ, ਧੱਕੇਸ਼ਾਹੀ ਨਾ ਸਿਰਫ਼ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰ ਰਹੀ ਹੈ ਸਗੋਂ ਉਨ੍ਹਾਂ ਨੂੰ ਗ਼ਲਤ ਰਸਤੇ 'ਤੇ ਚੱਲਣ ਲਈ ਉਕਸਾ ਰਹੀ ਹੈ। ਇਸ 'ਚ ਕੋਈ ਅਤਿਕਥਨੀ ਨਹੀਂ ਕਿ ਜਿੰਨੀ ਤੇਜ਼ੀ ਨਾਲ ਸਾਡਾ ਪੰਜਾਬੀ ਸੱਭਿਆਚਾਰ ਨਸ਼ਟ ਹੋ ਰਿਹਾ ਹੈ, ਓਨਾ ਕਿਸੇ ਦੂਸਰੇ ਸੂਬੇ ਦਾ ਨਹੀਂ। ਅੱਜ ਮਾਣਕ, ਯਮਲੇ ਦੀ ਤੂੰਬੀ ਦੀ ਥਾਂ ਗਾਇਕਾਂ ਨੇ ਹਥਿਆਰ ਚੁੱਕ ਲਏ ਹਨ। ਇਸ ਤਰ੍ਹਾਂ ਲੱਗਦਾ ਜਿਵੇਂ ਹਥਿਆਰਾਂ, ਨਸ਼ਿਆਂ, ਕੁੱਟਮਾਰ ਤੋਂ ਬਿਨਾਂ ਗੀਤ ਹਿੱਟ ਹੋ ਹੀ ਨਹੀਂ ਸਕਦਾ। ਅੱਜ ਵੀ ਪਾਲੀ ਦੇਤਵਾਲੀਆ, ਕੁਲਦੀਪ ਮਾਣਕ, ਗੁਰਦਾਸ ਮਾਨ, ਸੁਰਜੀਤ ਬਿੰਦਰਖੀਆ, ਹਰਭਜਨ ਮਾਨ, ਹੰਸ ਰਾਜ ਹੰਸ ਅਤੇ ਹੋਰ ਬਹੁਤ ਸਾਰੇ ਗਾਇਕਾਂ ਦੇ ਗੀਤ ਬੜੇ ਮਾਣ ਨਾਲ ਸੁਣੇ ਜਾਂਦੇ ਹਨ।

**ਬਦਲ ਰਹੀਆਂ ਕਦਰਾਂ-ਕੀਮਤਾਂ**

ਅੱਜ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਬਦਲ ਰਹੀਆਂ ਹਨ, ਜਿਸ ਲਈ ਗਾਇਕੀ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਹਰ ਗੀਤ 'ਚ ਇੱਕ ਹੱਥ ਹਥਿਆਰ ਅਤੇ ਦੂਜੇ ਹੱਥ ਸ਼ਰਾਬ ਦੀ ਬੋਤਲ ਦਿਖਾਈ ਜਾਂਦੀ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਇਸ ਤੋਂ ਬਿਨਾਂ ਗੀਤ ਹਿੱਟ ਹੀ ਨਾ ਹੋਣਾ ਹੋਵੇ। ਅੱਜ ਗਾਇਕੀ ਦਾ ਮਕਸਦ ਤਾਂ ਲੱਚਰਤਾ ਪਰੋਸ ਕੇ ਵੱਧ ਤੋਂ ਵੱਧ ਪੈਸਾ ਕਮਾਉਣਾ ਅਤੇ ਸਸਤੀ ਸ਼ੋਹਰਤ ਖੱਟਣ ਤੋਂ ਹੈ ਪਰ ਇਸ ਤਰ੍ਹਾਂ ਦੇ ਗੀਤ ਜ਼ਿਆਦਾ ਸਮਾਂ ਤੱਕ ਨਹੀਂ ਟਿਕਦੇ। ਅੱਜ ਦੀ ਪੀੜ੍ਹੀ ਅਜਿਹੇ ਗਾਇਕਾਂ ਨੂੰ ਆਪਣਾ ਰੋਲ ਮਾਡਲ ਮੰਨਦੀ ਹੈ ਅਤੇ ਗੀਤਾਂ ਵਿੱਚ ਜੋ ਕੁਝ ਦੇਖਦੇ ਹਨ, ਉਹੀ ਕਰਦੇ ਹਨ, ਜਿਸ ਨਾਲ ਉਨ੍ਹਾਂ ਦੇ ਹੌਸਲੇ ਬੁਲੰਦ ਹੋ ਜਾਂਦੇ ਹਨ। ਦਿਨ ਪ੍ਰਤੀ ਦਿਨ ਸਮਾਜ 'ਚ ਹਿੰਸਾ ਵੱਧ ਰਹੀ ਹੈ। ਇਸ ਦਾ ਨਤੀਜਾ ਕੀ ਹੋਵੇਗਾ, ਕੋਈ ਕੁਝ ਨਹੀਂ ਕਹਿ ਸਕਦਾ।

**ਜ਼ਿੰਮੇਵਾਰੀ ਤੋਂ ਭੱਜ ਰਹੇ ਹਾਂ ਸਾਰੇ**

ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕੋਈ ਵੀ ਇਸ ਵੱਲ ਧਿਆਨ ਨਹੀਂ ਦੇ ਰਿਹਾ। 'ਸਾਰੇ ਮੈਨੂੰ ਕੀ' ਵਾਲਾ ਵਤੀਰਾ ਅਪਣਾ ਰਹੇ ਹਨ ਤੇ ਆਪਣੀ ਬਣਦੀ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ। ਪ੍ਰਸਿੱਧ ਵਿਗਿਆਨੀ ਅਲਬਰਟ ਆਈਨਸਟਾਈਨ ਦਾ ਕਹਿਣਾ ਹੈ ਕਿ 'ਦੁਨੀਆਂ ਬੁਰਾ ਕਰਨ ਵਾਲਿਆਂ ਵੱਲੋਂ ਤਬਾਹ ਨਹੀਂ ਕੀਤੀ ਜਾਵੇਗੀ ਸਗੋਂ ਉਨ੍ਹਾਂ ਵੱਲੋਂ ਕੀਤੀ ਜਾਵੇਗੀ, ਜਿਹੜੇ ਬੁਰਿਆਂ ਨੂੰ ਬੁਰਾ ਕਰਦਿਆਂ ਬਿਨਾਂ ਕੁਝ ਕੀਤਿਆਂ ਵੇਖਦੇ ਰਹਿੰਦੇ ਹਨ।' ਅੱਜ ਅਜਿਹੀ ਗਾਇਕੀ ਨੂੰ ਸੁਣਦਿਆਂ ਦਰਦ ਭਰੀ ਹੂਕ ਮਨ 'ਚ ਉੱਠਦੀ ਹੈ ਅਤੇ ਮਾਨਸਿਕ ਤੌਰ 'ਤੇ ਪੀੜਾ ਮਹਿਸੂਸ ਹੁੰਦੀ ਹੈ।

**ਸਹਿਣਸ਼ੀਲਤਾ ਹੁੰਦੀ ਜਾ ਰਹੀ ਖ਼ਤਮ**

ਸਮਾਜ 'ਚ ਪਹਿਲਾਂ ਹੀ ਸਹਿਣਸ਼ੀਲਤਾ ਖ਼ਤਮ ਹੁੰਦੀ ਜਾ ਰਹੀ ਹੈ। ਨੌਜਵਾਨਾਂ 'ਚ ਪੜ੍ਹਾਈ ਦੀ ਰੁਚੀ ਖ਼ਤਮ ਹੋ ਰਹੀ ਹੈ, ਹੁੱਲੜਬਾਜ਼ੀ ਦੀ ਭਾਵਨਾ ਉਨ੍ਹਾਂ 'ਚ ਵੱਧਦੀ ਜਾ ਰਹੀ ਹੈ, ਜਿਹੜੀ ਪਤਾ ਨਹੀਂ ਪੰਜਾਬ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾਵੇਗੀ। ਨੌਜਾਵਨਾਂ ਦਾ ਇਸ ਦਿਸ਼ਾ ਵੱਲ ਵਧਣਾ ਚਿੰਤਾ ਦਾ ਵਿਸ਼ਾ ਹੈ।

**ਕਿਤਾਬਾਂ ਦੀ ਬਜਾਏ ਹਥਿਆਰ ਚੁੱਕਣ ਨੂੰ ਦਿੰਦੇ ਤਰਜੀਹ**

ਕਹਿੰਦੇ ਹਨ ਕਿ ਜੇ ਕਿਸੇ ਦੇਸ਼ ਜਾਂ ਪਰਿਵਾਰ ਨੂੰ ਖ਼ਤਮ ਕਰਨਾ ਹੈ ਤਾਂ ਉੱਥੋਂ ਦੇ ਨੌਜਵਾਨਾਂ ਨੂੰ ਗ਼ਲਤ ਰਸਤੇ ਵੱਲ ਤੋਰ ਦਿਉ। ਲੱਗਦਾ ਇਹੀ ਕੁਝ ਸਾਡੇ ਪੰਜਾਬ ਵਿੱਚ ਹੋ ਰਿਹਾ ਹੈ। ਪੰਜਾਬੀਆਂ ਦੀ ਬਹਾਦਰੀ ਨੂੰ ਪੂਰੇ ਦੇਸ਼ 'ਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਸਲਾਮਾਂ ਹੁੰਦੀਆਂ ਹਨ ਕਿਉਂਕਿ ਇਹ ਆਉਂਦੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ ਅਤੇ ਉਨ੍ਹਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਹਨ। ਗੀਤ ਤਾਂ ਪਹਿਲਾਂ ਵੀ ਗਾਏ ਜਾਂਦੇ ਸਨ। ਸਾਰਾ ਪਰਿਵਾਰ ਇਕੱਠੇ ਬੈਠ ਕੇ ਉਸ ਨੂੰ ਸੁਣਦਾ ਸੀ ਅਤੇ ਉਹ ਗਾਣੇ ਅੱਜ ਤੱਕ ਹਿੱਟ ਹਨ ਤਾਂ ਅੱਜ ਕਿਉਂ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਗਏ ਕਿ ਸਾਡੇ ਗੀਤ ਨੌਜਵਾਨਾਂ ਨੂੰ ਕਿਤਾਬਾਂ ਚੁੱਕਣ ਦੀ ਬਜਾਏ ਹਥਿਆਰ ਚੁੱਕਣ ਨੂੰ ਤਰਜੀਹ ਦੇ ਰਹੇ ਹਨ। ਬੱਚਾ ਤਾਂ ਕੋਰੀ ਸਲੇਟ ਵਾਂਗ ਹੁੰਦਾ ਹੈ, ਉਹ ਬਚਪਨ ਤੋਂ ਜੋ ਸੁਣੇਗਾ-ਦੇਖੇਗਾ, ਉਸੇ ਤਰ੍ਹਾਂ ਦਾ ਵਿਹਾਰ ਕਰਨ ਦੀ ਕੋਸ਼ਿਸ਼ ਕਰੇਗਾ।

**ਸਾਫ਼-ਸੁਥਰੀ ਗਾਇਕੀ ਨੂੰ ਦਿੱਤੀ ਜਾਵੇ ਤਰਜੀਹ**

ਸੋ ਗਾਇਕਾਂ-ਗੀਤਕਾਰਾਂ ਨੂੰ ਅਜਿਹੇ ਗੀਤ ਲਿਖਣੇ ਜਾਂ ਗਾਉਣੇ ਚਾਹੀਦੇ ਹਨ, ਜੋ ਨੌਜਵਾਨਾਂ ਨੂੰ ਸੇਧ ਦੇਣ ਵਾਲੇ ਹੋਣ। ਗੀਤਾਂ 'ਚ ਔਰਤ ਦੇ ਸਤਿਕਾਰ ਨੂੰ ਧਿਆਨ 'ਚ ਰੱਖਿਆ ਜਾਵੇ। ਸਾਨੂੰ ਸਾਰਿਆਂ ਨੂੰ ਵੀ ਮਿਲ ਕੇ ਪੰਜਾਬੀਆਂ ਦੀ ਸ਼ਾਨ ਨੂੰ ਖ਼ਤਮ ਕਰਨ ਵਾਲੀ ਗਾਇਕੀ 'ਤੇ ਰੋਕ ਲਾਉਣ ਲਈ ਸੰਘਰਸ਼ ਕਰਨਾ ਪਵੇਗਾ, ਤਾਂ ਜੋ ਅਮੀਰ ਪੰਜਾਬੀ ਵਿਰਸੇ ਦੀਆਂ ਉੱਚੀਆਂ ਕਦਰਾਂ-ਕੀਮਤਾਂ ਨੂੰ ਬਚਾ ਸਕੀਏ। ਅਸੀਂ ਨੌਜਵਾਨਾਂ ਦੇ ਹੱਥਾਂ 'ਚ ਡਿਗਰੀਆਂ ਫੜਾਉਣੀਆ ਹਨ, ਨਾ ਕਿ ਪਿਸਤੌਲਾਂ।

## ਫ਼ਿਲਮ 'ਜਿਗਰਾ' ਦੇ ਗੀਤ 'ਕੁੜੀ' ਵਿੱਚ ਆਪਣੀ ਆਵਾਜ਼ ਦੇਵੇਗਾ ਦਿਲਜੀਤ

ਮੁੰਬਈ/ਏ.ਟੀ.ਨਿਊਜ਼: ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਆਪਣੀ ਆਉਣ ਵਾਲੀ ਫ਼ਿਲਮ 'ਜਿਗਰਾ' ਦਾ ਗੀਤ 'ਕੁੜੀ' ਆਪ ਗਾਏਗਾ, ਜਿਸ ਵਿੱਚ ਅਦਾਕਾਰਾ ਵਜੋਂ ਆਲੀਆ ਭੱਟ ਕੰਮ ਕਰੇਗੀ। ਆਲੀਆ ਨੇ ਦਿਲਜੀਤ ਨਾਲ ਆਪਣੀ ਤਸਵੀਰ ਸ਼ੇਅਰ ਕੀਤੀ ਹੈ, ਜਿਸ ਵਿੱਚ ਦਿਲਜੀਤ ਅਤੇ ਆਲੀਆ ਕੈਮਰੇ ਵੱਲ ਪਿੱਠ ਕਰ ਕੇ ਕੁਰਸੀ 'ਤੇ ਬੈਠੇ ਨਜ਼ਰ ਆ ਰਹੇ ਹਨ। ਦਿਲਜੀਤ ਜਿਸ ਕੁਰਸੀ 'ਤੇ ਬੈਠਾ ਹੈ, ਉਸ 'ਤੇ 'ਸਿੰਗਜ਼ ਅਬਾਊਟ ਕੁੜੀ' ਲਿਖਿਆ ਹੋਇਆ ਹੈ ਅਤੇ ਆਲੀਆ ਦੀ ਕੁਰਸੀ 'ਤੇ 'ਦਿ ਸੈਅਡ ਕੁੜੀ' ਲਿਖਿਆ ਹੋਇਆ ਹੈ। ਇਸ ਦੀ ਕੈਪਸ਼ਨ ਲਈ ਵਿੱਚ ਆਲੀਆ ਨੇ ਲਿਖਿਆ, 'ਕੁਰਸੀਆਂ ਸਭ ਕੁਝ ਕਹਿੰਦੀਆਂ ਹਨ 'ਦਿਲਜੀਤ ਦੋਸਾਂਝ।' ਫਿਲਮ 'ਜਿਗਰਾ' ਦਾ ਟੀਜ਼ਰ 8 ਸਤੰਬਰ ਨੂੰ ਰਿਲੀਜ਼ ਕੀਤਾ ਗਿਆ ਸੀ, ਜਿਸ ਨੇ ਭੈਣ-ਭਰਾ ਦਾ ਪਿਆਰ ਦਿਖਾਇਆ ਗਿਆ ਹੈ। ਇਹ ਕਿਰਦਾਰ ਆਲੀਆ ਤੇ ਵੇਦਾਂਗ ਰੈਨਾ ਨੇ ਨਿਭਾਇਆ ਹੈ।

# ਇੱਕ ਖ਼ੂਬਸੂਰਤ ਨਾਮ ਬਲਰਾਜ ਸਾਹਨੀ

ਮੁਖ਼ਤਾਰ ਗਿੱਲ





ਫ਼ਿਲਮ ਅਦਾਕਾਰ ਬਲਰਾਜ ਸਾਹਨੀ ਪੰਜਾਬ, ਪੰਜਾਬੀਅਤ ਅਤੇ ਅਮੀਰ ਪੰਜਾਬੀ ਸੱਭਿਆਚਾਰਕ ਵਿਰਸੇ ਦਾ ਸੱਚਾ-ਸੁੱਚਾ ਮੁਦਈ ਸੀ। ਉਹ ਤਾਉਮਰ ਸਮਾਜਿਕ ਪਰਿਵਰਤਨ ਤੇ ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਸੰਘਰਸ਼ਸ਼ੀਲ ਰਿਹਾ। ਬਲਰਾਜ ਸਾਹਨੀ ਪੰਜਾਬੀ ਮਾਂ ਬੋਲੀ ਦਾ ਲਾਡਲਾ ਪੁੱਤਰ ਸੀ। ਉਨ੍ਹਾਂ ਤੋਂ ਸੁਣੀਆਂ ਜਾਂ ਬਾਅਦ ਵਿੱਚ ਕੁਝ ਪੜ੍ਹੀਆਂ ਸਾਹਸੀ ਘਟਨਾਵਾਂ ਜੋ ਮੇਰੇ ਚੇਤਿਆਂ ਵਿੱਚ ਅੱਜ ਵੀ ਵਸੀਆਂ ਹੋਈਆਂ ਹਨ, ਪੇਸ਼ ਕਰ ਰਿਹਾ ਹਾਂ। ਬਕੌਲ ਬਲਰਾਜ ਸਾਹਨੀ, 'ਮੁਸ਼ਕਲ ਫ਼ੈਸਲੇ ਲੈਂਦਿਆਂ ਮੈਂ ਹਮੇਸ਼ਾਂ ਖ਼ੁਸ਼ ਹੁੰਦਾ ਰਿਹਾ ਹਾਂ। ਮੈਨੂੰ ਆਪਣੇ ਵਿਦਿਆਰਥੀ ਜੀਵਨ ਦੀ ਇੱਕ ਘਟਨਾ ਯਾਦ ਆ ਰਹੀ ਹੈ। ਮੈਂ ਆਪਣੇ ਪਰਿਵਾਰ ਨਾਲ ਰਾਵਲਪਿੰਡੀ ਤੋਂ ਛੁੱਟੀਆਂ ਮਨਾਉਣ ਕਸ਼ਮੀਰ ਜਾ ਰਿਹਾ ਸੀ। ਬੀਤੀ ਰਾਤ ਭਾਰੀ ਬਾਰਿਸ਼ ਹੋਣ ਕਰ ਕੇ ਰਸਤੇ ਵਿੱਚ ਪਹਾੜ ਦਾ ਇੱਕ ਹਿੱਸਾ ਟੁੱਟ ਕੇ ਸੜਕ ਉਤੇ ਡਿੱਗ ਪਿਆ। ਸੜਕ ਬੰਦ ਹੋ ਗਈ। ਦੋਵੇਂ ਪਾਸੇ ਮੋਟਰ ਗੱਡੀਆਂ ਦੀ ਲੰਮੀ ਕਤਾਰ ਲੱਗ ਗਈ। ਉੱਥੇ ਨਾ ਕੋਈ ਖਾਣ-ਪੀਣ ਦਾ ਇੰਤਜ਼ਾਮ ਸੀ ਅਤੇ ਨਾ ਹੀ ਰਾਤ ਗੁਜ਼ਾਰਣ ਦਾ। ਪੀਡਬਲੀਊਡੀ ਦੇ ਕਰਮਚਾਰੀ ਸੜਕ ਸਾਫ਼ ਕਰਨ ਦੀ ਜੀਅ ਤੋੜ ਕੋਸ਼ਿਸ਼ ਕਰ ਰਹੇ ਸਨ ਪਰ ਫਿਰ ਵੀ ਡਰਾਈਵਰ ਤੇ ਯਾਤਰੀ ਉਨ੍ਹਾਂ ਨੂੰ ਸੁਸਤ ਤੇ ਲਾਪਰਵਾਹ ਕਹਿ ਕੇ ਕੋਸ ਰਹੇ ਸਨ। ਆਖ਼ਰ ਰਸਤਾ ਖੁੱਲ੍ਹ ਗਿਆ ਅਤੇ ਡਰਾਈਵਰਾਂ ਨੂੰ ਹਰੀ ਝੰਡੀ ਵਿਖਾ ਦਿੱਤੀ ਗਈ ਪਰ ਅਜੀਬ ਗੱਲ ਹੋਈ ਕੋਈ ਵੀ ਡਰਾਈਵਰ ਪਹਿਲਾਂ ਆਪਣੀ ਗੱਡੀ ਅੱਗੇ ਲੈ ਜਾਣ ਨੂੰ ਤਿਆਰ ਹੀ ਨਹੀਂ ਸੀ ਕਿਉਂਕਿ ਡਰ ਦਾ ਕਾਰਨ ਸੀ, ਇੱਕ ਪਾਸੇ ਪਹਾੜ, ਹੇਠਾਂ ਖੱਡ ਤੇ ਨਾਲ ਹੀ ਸ਼ੂਕਦਾ ਦਰਿਆ ਜੇਹਲਮ। ਇਸ ਦੌਰਾਨ ਪਿੱਛੋਂ ਇੱਕ ਛੋਟੀ ਜਿਹੀ ਸਪੋਰਟਸ ਕਾਰ ਆਈ ਜਿਸਨੂੰ ਇੱਕ ਅੰਗਰੇਜ਼ ਚਲਾ ਰਿਹਾ ਸੀ। ਉਸਨੇ ਏਨੀਆਂ ਗੱਡੀਆਂ ਦੀ ਭੀੜ ਵੇਖ ਮੈਨੂੰ ਕੋਟ ਪਤਲੂਨ ਪਾਈ ਖੜ੍ਹੇ ਨੂੰ ਅੰਗਰੇਜ਼ੀ ਵਿੱਚ ਪੁੱਛਿਆ। ਮੈਂ ਸਾਰੀ ਘਟਨਾ ਬਿਆਨ ਕੀਤੀ। ਅੰਗਰੇਜ਼ ਹੱਸਿਆ ਤੇ ਹਾਰਨ ਵਜਾਉਂਦਾ ਬਿਨਾਂ ਕਿਸੇ ਡਰ ਦੇ ਕਾਰ ਚਲਾਉਂਦਾ ਅੱਗੇ ਨਿਕਲ ਗਿਆ। ਫੇਰ ਉਸਦੇ ਲੰਘ ਜਾਣ ਤੋਂ ਬਾਅਦ ਏਨੀ ਆਪੋ ਧਾਪੀ ਮੱਚੀ ਕਿ ਰਸਤਾ ਫਿਰ ਬੰਦ ਕਰਨਾ ਪਿਆ। ਮੈਂ ਮਹਿਸੂਸ ਕੀਤਾ ਕਿ ਅਜ਼ਾਦ ਤੇ ਗ਼ੁਲਾਮ ਦੇਸ਼ ਵਿੱਚ ਜੰਮੇ-ਪਲੇ ਤੇ ਵੱਡੇ ਹੋਏ ਮਨੁੱਖ 'ਚ ਕੀ ਫਰਕ ਹੁੰਦਾ ਹੈ। ਅਜ਼ਾਦ ਦੇਸ਼ ਦੇ ਬਾਸ਼ਿੰਦੇ ਅੰਦਰ ਕੁੱਝ ਸੋਚਣ, ਫ਼ੈਸਲਾ ਤੇ ਅਮਲ ਕਰਨ ਦੀ ਦਲੇਰੀ ਹੁੰਦੀ ਹੈ ਪਰ ਗ਼ੁਲਾਮ ਆਦਮੀ ਵਿੱਚ ਆਪ ਫ਼ੈਸਲੇ ਲੈਣ ਦਾ ਸਾਹਸ ਨਹੀਂ ਹੁੰਦਾ'।

ਇਕ ਮਹਿਫ਼ਲ ਦੌਰਾਨ ਬਲਰਾਜ ਸਾਹਨੀ ਨੇ ਮੈਨੂੰ ਆਪਣੀ ਜੇਲ੍ਹ ਯਾਤਰਾ ਦਾ ਕਿੱਸਾ ਸੁਣਾਇਆ। ਸੰਨ 1949 ਵਿੱਚ ਉਨ੍ਹਾਂ ਦੀ ਸੰਤੋਸ਼ ਨਾਲ ਸ਼ਾਦੀ ਹੋਈ ਸੀ। ਉਹ ਦੋਵੇਂ ਬਲਵੰਤ ਗਾਰਗੀ ਦੇ ਨਾਟਕ 'ਸਿਗਨਲਮੈਨ' ਦੀ ਰਿਹਰਸਲ ਕਰ ਰਹੇ ਸਨ। ਰਿਹਰਸਲ ਦੌਰਾਨ ਖ਼ਬਰ ਮਿਲੀ ਕਿ ਪਰੇਲ ਤੋਂ ਕਮਿਊਨਿਸਟ ਪਾਰਟੀ ਦਾ ਜਲੂਸ ਨਿਕਲਣ ਵਾਲਾ ਹੈ। ਖੱਬੇ ਪੱਖੀ ਵਿਚਾਰਧਾਰਾ ਦੇ ਕੱਟੜ ਸਮਰਥਕ ਬਲਰਾਜ ਵੀ ਪਤਨੀ ਨਾਲ ਜਲੂਸ ਵਿੱਚ ਸ਼ਾਮਲ ਹੋ ਗਏ। ਥੋੜ੍ਹੀ ਦੇਰ ਬਾਅਦ ਜਲੂਸ ਹਿੰਸਕ ਹੋ ਗਿਆ। ਹੋਰ ਲੋਕਾਂ ਨਾਲ ਬਲਰਾਜ ਸਾਹਨੀ ਵੀ ਗ੍ਰਿਫ਼ਤਾਰ ਹੋ ਗਏ। ਉਨ੍ਹਾਂ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਭੇਜ ਦਿੱਤਾ ਗਿਆ। ਇੱਕ ਦਿਨ ਉਨ੍ਹਾਂ ਨੂੰ ਜੇਲ੍ਹਰ ਨੇ ਆਪਣੇ ਦਫ਼ਤਰ ਬੁਲਾਇਆ। ਅੱਗੇ ਜੇਲ੍ਹਰ ਨਾਲ ਨਿਰਮਾਤਾ ਨਿਰਦੇਸ਼ਕ ਕੇ ਆਸਿਫ ਬੈਠੇ ਸਨ। ਉਹ ਕਮਿਸ਼ਨਰ ਦਾ ਫਰਮਾਨ ਲੈ ਕੇ ਆਏ ਸਨ ਕਿ ਜਿਸ ਦਿਨ ਫਿਲਮ 'ਹਲਚਲ' (ਦਲੀਪ, ਨਰਗਿਸ, ਬਲਰਾਜ ਸਾਹਨੀ, ਸਿਤਾਰਾ ਦੇਵੀ) ਦੀ ਸ਼ੂਟਿੰਗ ਹੋਵੇ ਬਲਰਾਜ ਸਾਹਨੀ ਨੂੰ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਜਾਵੇ। ਬਲਰਾਜ ਨੇ ਆਪਣੀ ਤਿੰਨ ਮਹੀਨੇ ਦੀ ਕੈਦ ਦੌਰਾਨ 'ਹਲਚਲ' ਦੀ ਸ਼ੂਟਿੰਗ 'ਚ ਹਿੱਸਾ ਲਿਆ। ਇਹ ਫਿਲਮ 1950 ਵਿੱਚ ਰਿਲੀਜ਼ ਹੋਈ ਸੀ।

ਬਲਰਾਜ ਸਾਹਨੀ ਦੀ ਜ਼ੁਬਾਨੀ ਇੱਕ ਹੋਰ ਵਾਕਿਆ, 'ਮੈਨੂੰ ਇੱਕ ਘਟਨਾ ਯਾਦ ਆ ਰਹੀ ਹੈ, ਜੋ ਮੇਰੇ ਇੱਕ ਫਿਲਮ ਨਿਰਮਾਤਾ ਮਿੱਤਰ ਨੇ ਦਸੀ ਸੀ। ਉਸਨੇ ਸਮਾਜ ਭਲਾਈ ਨੂੰ ਸਾਹਮਣੇ ਰੱਖ ਕੇ ਇੱਕ ਫਿਲਮ ਬਣਾਉਣ ਦੀ ਗ਼ਲਤੀ ਕੀਤੀ ਸੀ। ਉਹ ਚਾਹੁੰਦਾ ਸੀ ਫਿਲਮ ਦਾ ਮਨੋਰੰਜਨ ਟੈਕਸ ਮਾਫ਼ ਹੋ ਜਾਵੇ। ਸਬੰਧਿਤ ਮੰਤਰੀ ਨੇ ਉਸਨੂੰ ਰਾਜ ਭਵਨ ਆਉਣ ਦਾ ਸੱਦਾ ਦਿੱਤਾ ਹੋਇਆ ਸੀ। ਉਹ ਨਵਾਂ ਨਵਾਂ ਮੰਤਰੀ ਬਣਿਆ ਸੀ ਅਤੇ ਉਸਨੇ ਉਸੇ ਦਿਨ ਸਹੁੰ ਚੁੱਕਣੀ ਸੀ। ਨਿਰਮਾਤਾ ਤੈਅ ਸਮੇਂ ਰਾਜ ਭਵਨ ਪਹੁੰਚ ਗਿਆ।

ਮੰਤਰੀ ਦੇ ਸੈਕਟਰੀ ਨੇ ਉਸਨੂੰ ਆਪਣੇ ਸਾਹਮਣੇ ਖੜ੍ਹਾ ਕਰ ਲਿਆ। ਉਧਰ ਮੰਤਰੀ ਰਾਜਪਾਲ ਸਾਹਮਣੇ ਜਨਤਾ ਦੀ ਨਿਸ਼ਕਾਮ ਸੇਵਾ ਕਰਨ ਦੀ ਸਹੁੰ ਚੁੱਕ ਰਿਹਾ ਸੀ। ਇਧਰ ਉਸਦਾ ਸੈਕਟਰੀ ਫਿਲਮ ਨਿਰਮਾਤਾ ਤੋਂ ਵੀਹ ਹਜ਼ਾਰ ਰੁਪਏ ਦੀ ਰਿਸ਼ਵਤ ਮੰਗ ਰਿਹਾ ਸੀ'। ਮੈਂ ਚਾਰ ਕੁ ਸਾਲ ਬਤੌਰ ਬੀ.ਬੀ.ਸੀ. ਅਨਾਊਂਸਰ ਕੰਮ ਕੀਤਾ। ਉਨ੍ਹਾਂ ਚਾਰ ਸਾਲਾਂ ਵਿੱਚ ਮੈਂ ਇੱਕ ਵਾਰ ਵੀ ਬ੍ਰਿਟਿਸ਼ ਪ੍ਰਧਾਨ ਮੰਤਰੀ ਤੇ ਕੈਬਨਿਟ ਸਮੇਤ ਕਿਸੇ ਵੀ ਮੰਤਰੀ ਨੂੰ ਕਿਧਰੇ ਨਹੀਂ ਵੇਖਿਆ ਪਰ ਭਾਰਤ ਦੀ ਅਜ਼ਾਦੀ ਬਾਅਦ ਮੈਨੂੰ ਹਰ ਜਗ੍ਹਾ ਮੰਤਰੀ ਹੀ ਮੰਤਰੀ ਵਿਖਾਈ ਦਿੰਦੇ ਰਹੇ। ਬਲਰਾਜ 13 ਅਪਰੈਲ 1973 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਜਦਕਿ ਉਨ੍ਹਾਂ ਪੱਕੇ ਤੌਰ 'ਤੇ ਪ੍ਰੀਤ ਨਗਰ ਆ ਜਾਣਾ ਸੀ। ਉਨ੍ਹਾਂ ਇੱਥੇ ਉਨ੍ਹਾਂ ਆਪਣਾ ਘਰ ਵੀ ਲੈ ਲਿਆ ਸੀ। ਗੁਰਬਖਸ਼ ਸਿੰਘ ਨੇ ਪ੍ਰੀਤਲੜੀ ਵਿੱਚ ਲਿਖਿਆ ਸੀ, 'ਅੱਜ ਪ੍ਰੀਤ ਲੜੀ ਦਾ ਹਰ ਸ਼ਬਦ ਲਟ ਲਟ ਬਲ ਉਠਿਆ ਹੈ ਤੇ ਕਹਿ ਰਿਹਾ ਹੈ, ਹਾਏ ਉਹ ਬੇਮਿਸਾਲ, ਖ਼ੂਬਸੂਰਤ ਤੇ ਖ਼ੁਸ਼ਬੂਦਾਰ ਇਨਸਾਨ ਅਛੋਪਲੇ ਜਿਹੇ ਹੀ ਤੁਰ ਗਿਆ'। ਲੇਖਕਾਂ ਦੀ ਇਬਾਦਤਗਾਹ ਪ੍ਰੀਤ ਨਗਰ ਅੱਜ ਵੀ ਬਲਰਾਜ ਸਾਹਨੀ ਨੂੰ ਯਾਦ ਕਰਦਾ ਹੈ।

## ਅਮਰੀਕਾ ਵਿੱਚ ਪ੍ਰਵਾਸੀ ਭਾਰਤੀਆਂ

ਕਾਲਜ-ਪੜ੍ਹੇ-ਲਿਖੇ ਪ੍ਰਵਾਸੀਆਂ ਦੇ ਅੰਗਰੇਜ਼ੀ ਵਿੱਚ ਨਿਪੁੰਨ ਹੋਣ ਦੀ ਸੰਭਾਵਨਾ ਹੈ, 2022 ਵਿੱਚ 74% ਨੇ ਸਿਰਫ਼ ਅੰਗਰੇਜ਼ੀ ਬੋਲਣ ਜਾਂ ਚੰਗੀ ਤਰ੍ਹਾਂ ਬੋਲਣ ਦੀ ਰਿਪੋਰਟ ਦਿੱਤੀ। 2022 ਵਿੱਚ 15% ਪ੍ਰਵਾਸੀ ਕਾਲਜ ਗ੍ਰੈਜੂਏਟਾਂ ਨੇ ਪ੍ਰੋਫੈਸ਼ਨਲ ਜਾਂ ਡਾਕਟੋਰਲ ਡਿਗਰੀਆਂ ਸਨ, ਜਦੋਂ ਕਿ ਅਮਰੀਕਾ ਵਿੱਚ ਜਨਮੇ ਉਨ੍ਹਾਂ ਦੇ ਹਮਰੁਤਬਿਆਂ ਕੋਲ ਸਿਰਫ਼ 11% ਸੀ। ਦੋਨਾਂ ਸਮੂਹਾਂ ਕੋਲ ਮਾਸਟਰ ਦੀ ਡਿਗਰੀ (ਵਿਦੇਸ਼ੀ ਪੈਦਾ ਹੋਏ ਲੋਕਾਂ ਲਈ 30% ਅਤੇ ਅਮਰੀਕਾ ਵਿੱਚ ਪੈਦਾ ਹੋਏ ਲੋਕਾਂ ਲਈ 28%) ਹੋਣ ਦੀ ਲਗਭਗ ਬਰਾਬਰ ਸੰਭਾਵਨਾ ਸੀ। ਪ੍ਰਵਾਸੀ ਕਾਲਜ ਗ੍ਰੈਜੂਏਟਾਂ ਲਈ ਚੋਟੀ ਦੇ ਪੰਜ ਕਿੱਤਾਮੁਖੀ ਸਮੂਹ ਪ੍ਰਬੰਧਨ (16%), ਕੰਪਿਊਟਰ ਅਤੇ ਗਣਿਤ ਦੇ ਕਿੱਤੇ (13%), ਸਿਹਤ ਪ੍ਰੈਕਟੀਸ਼ਨਰ ਅਤੇ ਟੈਕਨੀਸ਼ੀਅਨ (11%), ਵਪਾਰ ਅਤੇ ਵਿੱਤੀ ਸੰਚਾਲਨ (10%), ਅਤੇ ਸਿੱਖਿਆ ਅਤੇ ਸੰਬੰਧਿਤ ਕਿੱਤੇ (9%)) ਸਨ।

****

## ਦੂਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ

ਵਿੱਚ ਪ੍ਰਦਰਸ਼ਨੀ ਅਤੇ ਸਿੰਗਲ -ਸੋਟੀ ਫਾਈਟ ਇਵੈਂਟ ਵਿੱਚ ਕ੍ਰਮਵਾਰ ਉਮਰ ਵਰਗ 17 ਅਤੇ 21 ਸਾਲ ਦੇ ਸਿੰਘ ਅਤੇ ਕੌਰ ਦੇ ਮੁਕਾਬਲੇ ਹੋਣਗੇ। ਉਹਨਾਂ ਦਸਿਆ ਕਿ ਇਸ ਮੌਕੇ ਡਾ. ਦੀਪ ਸਿੰਘ, ਜਨਰਲ ਸਕੱਤਰ ਵਿਸ਼ਵ ਗੱਤਕਾ ਫੈਡਰੇਸ਼ਨ ਵਿਸ਼ੇਸ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਚੈਪੀਅਨਸ਼ਿਪ ਦੇ ਜੇਤੂਆਂ ਨੂੰ ਇਨਾਮ ਵੀ ਵੰਡਣਗੇ। ਉਹਨਾਂ ਕਿਹਾ ਕਿ ਇਹਨਾਂ ਨੈਸ਼ਨਲ ਮੁਕਾਬਲਿਆਂ ਵਿੱਚ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਨਿਯਮ ਲਾਗੂ ਹੋਣਗੇ ਅਤੇ ਮਾਨਤਾ ਪ੍ਰਾਪਤ ਰੈਫਰੀ ਅਤੇ ਜੱਜ ਸਾਹਿਬਾਨ ਹੀ ਜੱਜਮੈਂਟ-ਰੈਫਰੀ ਕੌਂਸਲ ਵਿੱਚ ਸੇਵਾ ਨਿਭਾਉਣਗੇ। ਰੈਫਰੀ ਕੌਂਸਲ ਅਤੇ ਜੱਜਮੈਂਟ ਕਮੇਟੀ ਦੀ ਸਮੁੱਚੀ ਸੇਵਾ ਸ. ਲਵਪ੍ਰੀਤ ਸਿੰਘ -ਅਮਨ ਸਾਸਕਾਟੂਨ, ਅਤੇ ਭਾਈ ਜਨਮਜੀਤ ਸਿੰਘ ਕੈਲਗਰੀ ਕੈਨੇਡਾ ਦੀ ਨਿਗਰਾਨੀ ਹੇਠ ਨਿਭਾਈ ਜਾਵੇਗੀ। ਇਸ ਮੌਕੇ ਸ. ਦਲੇਰ ਸਿੰਘ ਪ੍ਰਧਾਨ ਬਾਬਾ ਮੱਖਣ ਸ਼ਾਹ ਲੋਬਾਣਾ ਸਿੱਖ ਸੈਂਟਰ-ਨਿਊਯਾਰਕ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਤੇ ਟ੍ਰਸਟੀ-ਸਿੱਖ ਕਲਚਰਲ ਸੋਸਾਇਟੀ ਨਿਊਯਾਰਕ ਅਤੇ ਗੱਤਕਾ ਕੋਚ ਜਸਕੀਰਤ ਸਿੰਘ, ਨਿਊਯਾਰਕ ਗੱਤਕਾ ਐਸੋਸੀਏਸ਼ਨ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ, ਸੀਨੀਅਰ ਗੱਤਕਾ ਕੋਚ ਸੁਜਾਨ ਸਿੰਘ ਅਤੇ ਬਲਜਿੰਦਰ ਸਿੰਘ ਬਨਵੈਤ ਹਾਜਰ ਸਨ।

***

## ਜੇਕਰ ਮੈਂ ਕਮਲਾ ਹੈਰਿਸ ਕੋਲੋਂ ਚੋਣ ਹਾਰ

ਯਾਨੀ ਕਿ ਟਰੰਪ ਦੇ ਨੰਬਰ ਸਥਿਰ ਹਨ ਅਤੇ ਕਮਲਾ ਹੈਰਿਸ ਦੇ ਨੰਬਰ ਤੇਜ਼ੀ ਦੇ ਨਾਲ ਵਧ ਰਹੇ ਹਨ। ਅਮਰੀਕਾ ਵਰਗੇ ਤਾਕਤਵਰ ਦੇਸ਼ ਵਿੱਚ ਰਾਸ਼ਟਰਪਤੀ ਦੇ ਅਹੁਦੇ 'ਤੇ ਬੈਠਣ ਵਾਲਾ ਵਿਅਕਤੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਹੋਣਾ ਚਾਹੀਦਾ ਹੈ। ਜੋ ਬਾਈਡੇਨ ਨੂੰ ਆਪਣੀ ਵਧਦੀ ਉਮਰ ਕਾਰਨ ਬਹੁਤ ਸਾਰੀਆਂ ਚੀਜ਼ਾਂ ਭੁੱਲਣ ਵਿੱਚ ਮੁਸ਼ਕਿਲ ਆਉਂਦੀ ਸੀ। ਇਸੇ ਕਰਕੇ ਉਹ ਇਸ ਦੌੜ ਵਿੱਚ ਪਿੱਛੇ ਰਹਿ ਗਏ ਅਤੇ ਆਖਰਕਾਰ ਛੱਡ ਗਏ। ਟਰੰਪ ਨੇ ਜੋ ਬਾਈਡੇਨ ਦਾ ਬਹੁਤ ਮਜ਼ਾਕ ਉਡਾਇਆ ਸੀ। ਹੁਣ ਇਸ ਚੋਣ 'ਤੇ ਉਨ੍ਹਾਂ ਲਈ ਵੀ ਔਖਾ ਸਮਾਂ ਹੋਵੇਗਾ ਕਿਉਂਕਿ ਚਾਰ ਸਾਲ ਬਾਅਦ ਵੀ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣਨ ਦੇ ਯੋਗ ਨਹੀਂ ਹੋ ਸਕਦੇ ਹਨ।

***

## ਪਰਾਲੀ ਸਾੜਨ ਵਾਲੇ

ਕੀਤਾ ਹੈ ਕਿ ਹਥਿਆਰਾਂ ਦੇ ਨਵੇਂ ਲਾਇਸੈਂਸ ਲਈ ਅਰਜ਼ੀ ਦੇਣ ਵਾਲੇ ਜਾਂ ਮੌਜੂਦਾ ਲਾਇਸੈਂਸ ਨਵਿਆਉਣ ਬਾਰੇ ਅਰਜ਼ੀ ਦੇਣ ਵਾਲਿਆਂ ਦੇ ਜ਼ਮੀਨੀ ਰਿਕਾਰਡ ਚੈੱਕ ਕਰਨ ਤੋਂ ਬਾਅਦ ਹੀ ਉਨ੍ਹਾਂ ਦੀ ਅਰਜ਼ੀ ਮਨਜ਼ੂਰ ਕੀਤੀ ਜਾਵੇਗੀ। ਹਥਿਆਰਾਂ ਦੇ ਲਾਇਸੈਂਸ ਲਈ ਕਿਸੇ ਵੀ ਬਿਨੈਕਾਰ ਦੇ ਜ਼ਮੀਨੀ ਰਿਕਾਰਡ 'ਚ 'ਰੈੱਡ ਐਂਟਰੀ' ਮਾਲ ਵਿਭਾਗ ਤੋਂ ਚੈੱਕ ਕੀਤੀ ਜਾਵੇਗੀ। ਹੁਕਮਾਂ ਮੁਤਾਬਕ, ਜੇਕਰ ਕੋਈ ਬਿਨੈਕਾਰ ਪਰਾਲੀ ਸਾੜਨ ਦੇ ਮਾਮਲੇ 'ਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਨੂੰ ਨਾ ਤਾਂ ਹਥਿਆਰ ਦਾ ਨਵਾਂ ਲਾਇਸੈਂਸ ਜਾਰੀ ਕੀਤਾ ਜਾਵੇਗਾ ਅਤੇ ਨਾ ਹੀ ਉਸ ਦਾ ਪੁਰਾਣਾ ਲਾਇਸੈਂਸ ਨਵਿਆਇਆ ਜਾਵੇਗਾ। ਹੁਕਮਾਂ ਅਨੁਸਾਰ ਅਜਿਹੇ ਬਿਨੈਕਾਰਾਂ ਦੇ ਲਾਇਸੈਂਸ ਆਰਮਜ਼ ਐਕਟ 1959 ਅਤੇ 2016 ਦੀ ਧਾਰਾ 14(1)(2)(1)(3) ਤਹਿਤ ਰੱਦ ਕਰ ਦਿੱਤੇ ਜਾਣਗੇ।

***

## ਪੰਜਾਬ 'ਚ ਵਿਕ ਰਿਹਾ

ਜਦਕਿ ਖਪਤ 65 ਕਰੋੜ ਲੀਟਰ ਹੈ। ਉਤਪਾਦਨ ਤੇ ਖਪਤ ਵਿਚਕਾਰ ਫ਼ਰਕ ਤੋਂ ਸਾਫ਼ ਹੈ ਕਿ ਮੰਗ ਮਿਲਾਵਟੀ ਦੁੱਧ ਤੇ ਦੁੱਧ ਉਤਪਾਦਾਂ ਤੋਂ ਪੂਰੀ ਕੀਤੀ ਜਾ ਰਹੀ ਹੈ।

ਪਟੀਸ਼ਨਰ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਸੂਬਾ ਸਰਕਾਰ ਨੂੰ ਨਿਰਦੇਸ਼ ਜਾਰੀ ਕਰਕੇ ਦੁੱਧ ਤੇ ਦੁੱਧ ਉਤਪਾਦਾਂ ਦੀ ਰੈਗੂਲਰ ਜਾਂਚ ਯਕੀਨੀ ਬਣਾਈ ਜਾਵੇ। ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਉਹ ਕਿਵੇਂ ਮਿਲਾਵਟੀ ਦੁੱਧ ਉਤਪਾਦਾਂ ਦੀ ਜਾਂਚ ਕਰ ਸਕਦੇ ਹਨ। ਪਟੀਸ਼ਨ 'ਚ ਇਸ ਮਾਮਲੇ ਵਿਚ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਨਕਲੀ ਦੁੱਧ ਬਣਾਉਣ 'ਚ ਖ਼ਤਰਨਾਕ ਪਦਾਰਥਾਂ ਦਾ ਹੁੰਦਾ ਹੈ ਇਸਤੇਮਾਲ

ਹਾਈ ਕੋਰਟ ਨੂੰ ਦੱਸਿਆ ਗਿਆ ਕਿ ਨਕਲੀ ਦੁੱਧ ਬਣਾਉਣ ਵਿੱਚ ਖ਼ਤਰਨਾਕ ਡਿਟਰਜੈਂਟ, ਕਾਸਟਿਕ ਸੋਢਾ, ਸਫੇਦ ਪੇਂਟ, ਹਾਈਡ੍ਰੋ ਪੈਰਾਕਸਾਈਡ, ਵਨਸਪਤੀ ਤੇਲ, ਫਰਟੀਲਾਈਜ਼ਰ ਵਰਗੇ ਖ਼ਤਰਨਾਕ ਪਦਾਰਥਾਂ ਦਾ ਇਸਤੇਮਾਲ ਹੁੰਦਾ ਹੈ। ਇਹ ਸਾਰੇ ਪਦਾਰਥ ਮਨੁੱਖੀ ਸਿਹਤ ਲਈ ਮਾਰੂ ਹਨ ਤੇ ਕੈਂਸਰ ਵਰਗੇ ਕਈ ਮਾਰੂ ਰੋਗਾਂ ਦਾ ਕਾਰਕ ਹਨ। ਕਿਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਜ਼ਹਿਰ ਵਰਗਾ ਨਕਲੀ ਦੁੱਧ

ਨਕਲੀ ਦੁੱਧ ਨੂੰ ਤਿਆਰ ਕਰਨ ਲਈ ਪਹਿਲਾਂ ਮਾਲਟੋਡੈੱਕਸ ਪਾਊਡਰ ਨੂੰ ਇੱਕ ਬਰਤਨ ਵਿੱਚ ਪਾ ਉਸ ਵਿੱਚ ਪਾਣੀ ਦੀ ਮਦਦ ਨਾਲ ਘੋਲ ਤਿਆਰ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਇਸ ਵਿੱਚ ਰਿਫਾਈਂਡ ਆਇਲ ਮਿਲਾਇਆ ਜਾਂਦਾ ਹੈ। ਇਸ ਤੋਂ ਬਾਅਦ ਇਸ ਘੋਲ ਨੂੰ ਇੱਕ ਛੋਟੀ ਮਸ਼ੀਨ ਦੀ ਮਦਦ ਨਾਲ ਚੰਗੀ ਤਰ੍ਹਾਂ ਮਿਕਸ ਕੀਤਾ ਜਾਂਦਾ ਹੈ। ਇਸ ਤਿਆਰ ਕੀਤੇ ਘੋਲ ਦੀ ਗਰੈਵਟੀ ਨੂੰ ਵਧਾਉਣ ਲਈ ਬੀ.ਆਰ (ਗੂੰਦ ਵਰਗੇ ਪਦਾਰਥ) ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਹ ਨਕਲੀ ਦੁੱਧ ਅਸਲੀ ਵਾਂਗ ਤਿਆਰ ਹੋ ਕੇ ਲੋਕਾਂ ਤੱਕ 50 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਜ਼ਹਿਰ ਬਣ ਕੇ ਪੁੱਜ ਰਿਹਾ ਹੈ। ਇਸ ਨੂੰ ਤਿਆਰ ਕਰਨ ਲਈ ਕਈ ਵਾਰ ਯੂਰੀਆ, ਤੇਲ, ਕਾਸਟਿਕ ਸੋਡਾ ਅਤੇ ਸੈਂਟ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

***

## ਨੇਤਾਵਾਂ ਦੇ ਵਿਗੜਦੇ ਬੋਲ

ਕੁਝ ਆਗੂ ਕਹਿੰਦੇ ਹਨ ਕਿ ਰਾਜਨੀਤੀ ਸੇਵਾ ਹੈ ਜਦੋਂ ਕਿ ਦੂਸਰੇ ਇਸਨੂੰ ਵਪਾਰ ਕਹਿੰਦੇ ਹਨ। ਪਰ ਵਪਾਰ ਇਹ ਵੀ ਕਹਿੰਦਾ ਹੈ ਕਿ ਮਿੱਠਾ ਬੋਲੋ ਤੇ ਪੂਰਾ ਤੋਲੋ। ਪਰ ਜਿਸ ਤਰ੍ਹਾਂ ਦੀ ਭਾਸ਼ਾ ਹੁਣ ਸਿਆਸੀ ਆਗੂ ਬੋਲ ਰਹੇ ਹਨ, ਇਸ ਤਰ੍ਹਾਂ ਦੀ ਗੰਦੀ ਭਾਸ਼ਾ ਪਹਿਲਾਂ ਕਦੇ ਰਾਜਨੀਤੀ ਵਿੱਚ ਨਹੀਂ ਵਰਤੀ ਗਈ। ਇਥੇ ਮਰਹੂਮ ਅਟਲ ਬਿਹਾਰੀ ਵਾਜਪਾਈ ਦੇ ਦੌਰ ਨੂੰ ਯਾਦ ਕੀਤਾ ਜਾ ਸਕਦਾ ਹੈ। ਜਦੋਂ ਵਾਜਪਾਈ ਜੀ ਪ੍ਰਧਾਨ ਮੰਤਰੀ ਬਣੇ ਉਦੋਂ ਵੀ ਸਿਆਸੀ ਆਗੂਆਂ ਦੀ ਭਾਸ਼ਾ ਦੀ ਇੱਕ ਮਰਿਆਦਾ ਹੁੰਦੀ ਸੀ। ਅਜਿਹੇ ਮਾੜੇ ਸ਼ਬਦਾਂ ਦੀ ਵਰਤੋਂ ਕਦੇ ਵੀ ਇੱਕ ਦੂਜੇ ਦੇ ਖ਼ਿਲਾਫ਼ ਨਹੀਂ ਹੋਈ ਸੀ। ਪਰ, ਹੁਣ ਇੱਕ ਨਵੀਂ ਪਰੰਪਰਾ ਸਥਾਪਤ ਕੀਤੀ ਜਾ ਰਹੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਅਜਿਹੀ ਭਾਸ਼ਾ ਕੋਈ ਗਲੀ ਦੇ ਆਪੇ ਬਣੇ ਨੇਤਾ ਨਹੀਂ ਬੋਲ ਰਹੇ ਸਗੋਂ ਵੱਖ-ਵੱਖ ਪਾਰਟੀਆਂ ਦੇ ਸੀਨੀਅਰ ਆਗੂ ਬੋਲ ਰਹੇ ਹਨ। ਅਸਲ ਵਿੱਚ ਭਾਸ਼ਾ ਦੇ ਮਿਆਰ ਨੂੰ ਕਾਇਮ ਰੱਖਣਾ ਸਾਰੀਆਂ ਪਾਰਟੀਆਂ ਦੀ ਜ਼ਿੰਮੇਵਾਰੀ ਹੈ। ਜਿਹੜੀਆਂ ਪਾਰਟੀਆਂ ਵੱਡੀਆਂ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਵੀ ਵੱਡੀ ਹੈ। ਦੇਸ਼ ਵਿੱਚ ਕਾਂਗਰਸ ਅਤੇ ਭਾਜਪਾ ਵੱਡੀਆਂ ਪਾਰਟੀਆਂ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਸਮੇਂ ਦੋਵੇਂ ਵੱਡੀਆਂ ਸਿਆਸੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਦੇ ਆਗੂਆਂ ਵਿਚਾਲੇ ਹੀ ਮੰਦੇ ਬੋਲ ਬੋਲਣ ਦਾ ਇਕ ਤਰ੍ਹਾਂ ਦਾ ਮੁਕਾਬਲਾ ਚੱਲ ਰਿਹਾ ਹੈ। ਹਰ ਦਿਨ ਇੱਕ ਪਾਰਟੀ ਦਾ ਇੱਕ ਆਗੂ ਦੂਜੀ ਪਾਰਟੀ ਦੇ ਆਗੂ ਖ਼ਿਲਾਫ਼ ਮਾੜੇ ਸ਼ਬਦ ਬੋਲਦਾ ਹੈ ਤਾਂ ਤੁਰੰਤ ਦੂਜੀ ਪਾਰਟੀ ਦਾ ਆਗੂ ਜਵਾਬੀ ਹਮਲਾ ਉਹੋ ਜਿਹੇ ਸ਼ਬਦਾਂ ਵਿੱਚ ਹੀ ਕਰਦਾ ਹੈ।

ਇਸ ਤਰ੍ਹਾਂ ਭਾਸ਼ਾ ਤੋਂ ਸ਼ੁਰੂ ਹੋਈ ਹਿੰਸਾ ਮੌਬ ਲਿੰਚਿੰਗ ਤੱਕ ਪਹੁੰਚ ਜਾਂਦੀ ਹੈ। ਇਸਨੇ ਸਮੂਹਾਂ ਵਿੱਚ ਟਕਰਾਅ ਅਤੇ ਧਰੁਵੀਕਰਨ ਵੀ ਲਿਆਂਦਾ। ਟਰੰਪ ਵੀ ਅਮਰੀਕਾ ਵਿੱਚ ਇਹੀ ਭਾਸ਼ਾ ਵਰਤ ਰਹੇ ਹਨ ਪਰ ਇਸ ਸਮੇਂ ਜਿਸ ਤਰ੍ਹਾਂ ਦੀ ਭਾਸ਼ਾ ਭਾਰਤ ਦੇ ਕੁਝ ਸਿਆਸੀ ਆਗੂ ਬੋਲ ਰਹੇ ਹਨ, ਉਹੋ ਜਿਹੀ ਭਾਸ਼ਾ ਤਾਂ ਟਰੰਪ ਵੀ ਨਹੀਂ ਬੋਲਦੇ ਭਾਵੇਂ ਕਿ ਟਰੰਪ ਨੂੰ ਵੀ ਬੜਬੋਲਾ ਕਿਹਾ ਜਾਂਦਾ ਹੈ ਅਤੇ ਉਹ ਆਪਣੇ ਬੜਬੋਲੇਪਣ ਕਰਕੇ ਅਕਸਰ ਚਰਚਿਤ ਰਹਿੰਦੇ ਹਨ। ਜਿਸ ਤਰੀਕੇ ਨਾਲ ਸਿਆਸੀ ਆਗੂਆਂ ਦੇ ਬਿਆਨਾਂ ਦਾ ਪੱਧਰ ਨੀਵਾਂ ਹੁੰਦਾ ਜਾ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਕਿਹਾ ਜਾਂਦਾ ਹੈ ਕਿ ਰਾਜਨੀਤੀ ਦੀ ਵੀ ਇੱਕ ਮਰਿਆਦਾ ਹੁੰਦੀ ਹੈ ਅਤੇ ਰਾਜਨੀਤੀ ਵਿੱਚ ਵਿਰੋਧੀ ਆਗੂਆਂ ਦੀ ਨੁਕਤਾਚੀਨੀ ਵੇਲੇ ਵੀ ਮਰਿਆਦਾ ਦਾ ਖ਼ਿਆਲ ਰੱਖਿਆ ਜਾਂਦਾ ਹੈ ਪਰ ਪਿਛਲੇ ਕੁਝ ਸਮੇਂ ਤੋਂ ਭਾਰਤ ਦੀ ਸਿਆਸਤ ਵਿਚੋਂ ਮਰਿਆਦਾ ਸ਼ਬਦ ਅਲੋਪ ਹੁੰਦਾ ਜਾ ਰਿਹਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿਆਸੀ ਨੇਤਾਵਾਂ ਦੇ ਵਿਗੜਦੇ ਬੋਲਾਂ ਲਈ ਜ਼ਿੰਮੇਵਾਰ ਕੌਣ ਹੈ ? ਅਸਲ ਵਿੱਚ ਸਿਆਸਤਦਾਨਾਂ ਵੱਲੋਂ ਵਰਤੀ ਜਾਂਦੀ ਮਾੜੀ ਸ਼ਬਦਾਵਲੀ ਲਈ ਇਹ ਸਿਆਸਤਦਾਨ ਖੁਦ ਜ਼ਿੰਮੇਵਾਰ ਹਨ ਪਰ ਇਸ ਸਮੇਂ ਇਹ ਸਿਆਸੀ ਆਗੂ ਆਪਣੀ ਜ਼ਿੰਮੇਵਾਰੀ ਨੂੰ ਸਮਝ ਨਹੀਂ ਰਹੇ। ਜਿਸ ਤਰੀਕੇ ਨਾਲ ਇਹ ਸਿਆਸੀ ਆਗੂ ਇੱਕ ਦੂਜੇ ਪ੍ਰਤੀ ਮਾੜੇ ਸ਼ਬਦ ਬੋਲ ਰਹੇ ਹਨ, ਉਸ ਤੋਂ ਪਤਾ ਚਲਦਾ ਹੈ ਕਿ ਇਹਨਾਂ ਸਿਆਸੀ ਆਗੂਆਂ ਦਾ ਆਪਣੀ ਭਾਸ਼ਾ 'ਤੇ ਕੋਈ ਕੰਟਰੋਲ ਨਹੀਂ ਰਿਹਾ। ਇਹੋ ਹੀ ਕਾਰਨ ਹੈ ਵੱਡੀ ਗਿਣਤੀ ਸਿਆਸੀ ਆਗੂ ਮੂੰਹ ਆਈ ਹਰ ਗੱਲ ਤੁਰੰਤ ਜੱਗ ਜ਼ਾਹਿਰ ਕਰ ਦਿੰਦੇ ਹਨ, ਜਿਸ ਕਾਰਨ ਕਈ ਵਾਰ ਸਿਆਸੀ ਆਗੂਆਂ ਦੇ ਅਜਿਹੇ ਬਿਆਨਾਂ 'ਤੇ ਹੈਰਾਨੀ ਵੀ ਹੁੰਦੀ ਹੈ। ਇੱਥੋਂ ਤੱਕ ਕਿ ਕੇਂਦਰੀ ਰਾਜ ਮੰਤਰੀ ਦੇ ਉੱਚ ਅਤੇ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਬੈਠਾ ਸਿਆਸੀ ਆਗੂ ਜਦੋਂ ਆਪਣੀ ਪੁਰਾਣੀ ਪਾਰਟੀ ਦੇ ਸੀਨੀਅਰ ਆਗੂ ਪ੍ਰਤੀ ਮੰਦੀ ਭਾਸ਼ਾ ਦੀ ਵਰਤੋਂ ਕਰਦਾ ਹੈ ਤਾਂ ਸਿਆਸੀ ਹਲਕਿਆਂ ਵਿੱਚ ਹੈਰਾਨੀ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਅਜਿਹੇ ਬਿਆਨਾਂ ਨੂੰ ਆਮ ਲੋਕਾਂ ਵੱਲੋਂ ਵੀ ਕੋਈ ਹੁੰਗਾਰਾ ਨਹੀਂ ਭਰਿਆ ਜਾਂਦਾ ਸਗੋਂ ਅਜਿਹੇ ਭੜਕਾਊ ਬਿਆਨ ਦੇਣ ਵਾਲੇ ਆਗੂਆਂ ਦੀ ਲੋਕ-ਪ੍ਰਿਯਤਾ ਵਿੱਚ ਹੀ ਕਮੀ ਆ ਜਾਂਦੀ ਹੈ। ਇਸ ਦੇ ਬਾਵਜੂਦ ਉੱਚ ਸੰਵਿਧਾਨਿਕ ਅਹੁਦਿਆਂ 'ਤੇ ਬੈਠੇ ਸਿਆਸੀ ਆਗੂ ਵੀ ਆਪਣੇ ਅਹੁਦੇ ਦੀ ਮਾਣ ਮਰਿਆਦਾ ਦਾ ਕੋਈ ਖਿਆਲ ਨਹੀਂ ਰੱਖ ਰਹੇ। ਇਸ ਤੋਂ ਇਲਾਵਾ ਹੁਣ ਕੁਝ ਆਗੂ ਆਪਣੇ ਆਪ ਨੂੰ ਚਰਚਾ ਵਿੱਚ ਲਿਆਉਣ ਲਈ ਵੀ ਅਜਿਹੇ ਭੜਕਾਊ ਬਿਆਨ ਦੇ ਰਹੇ ਹਨ ਅਤੇ ਸੀਨੀਅਰ ਨੇਤਾਵਾਂ ਪ੍ਰਤੀ ਮੰਦੀ ਭਾਸ਼ਾ ਵਰਤ ਰਹੇ ਹਨ। ਅਜਿਹੀ ਭਾਸ਼ਾ ਵਰਤ ਕੇ ਇਹ ਆਗੂ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਦੁੱਖ ਤਾਂ ਇਸ ਗੱਲ ਦਾ ਹੈ ਕਿ ਭਾਰਤ ਦੀ ਰਾਜਨੀਤੀ ਵਿੱਚ ਅਜਿਹੇ ਆਗੂਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਸ ਤਰੀਕੇ ਨਾਲ ਭਾਰਤ ਵਿੱਚ ਸਿਆਸੀ ਨੇਤਾ ਮੰਦੀ ਭਾਸ਼ਾ ਵਿੱਚ ਇੱਕ ਦੂਜੇ ਖ਼ਿਲਾਫ਼ ਹੋਛੀ ਬਿਆਨਬਾਜ਼ੀ ਕਰ ਰਹੇ ਹਨ, ਉਸ ਨਾਲ ਭਾਰਤ ਦੀ ਸਿਆਸਤ ਵਿੱਚ ਮੰਦਭਾਗਾ ਅਤੇ ਲੋਕਾਂ ਲਈ ਹਾਸੋਹੀਣਾ ਰੁਝਾਨ ਸ਼ੁਰੂ ਹੋ ਗਿਆ ਹੈ, ਜਿਸ ਨੂੰ ਤੁਰੰਤ ਠੱਲ੍ਹ ਪਾਉਣ ਦੀ ਲੋੜ ਹੈ।

***

## ਭਾਰਤ 'ਚ 70 ਫ਼ੀਸਦੀ

ਆਪਣੀ ਨੌਕਰੀ ਛੱਡਣਾ ਚਾਹੁੰਦੇ ਹਨ।

**ਇਸ ਉਮਰ ਵਰਗ ਦੇ ਲੋਕ ਨਾਖੁਸ਼**

28-44 ਉਮਰ ਵਰਗ ਵਿੱਚ ਨੌਕਰੀ ਛੱਡਣ ਦਾ ਇਰਾਦਾ ਸਭ ਤੋਂ ਵੱਧ ਹੈ। 28-44 ਉਮਰ ਵਰਗ ਦੇ 59 ਫੀਸਦੀ ਲੋਕ ਨੌਕਰੀ ਛੱਡਣਾ ਚਾਹੁੰਦੇ ਹਨ। ਵੱਡੀ ਗਿਣਤੀ ਨੌਕਰੀਪੇਸ਼ਾ ਅਕਸਰ ਸੰਘਰਸ਼ ਦੇ ਕਾਰਨ ਨੌਕਰੀ ਸਹਿਯੋਗੀ ਨਾਲ ਕੰਮ ਕਰਨ ਤੋਂ ਬਚਦੇ ਹਨ। 63% ਨੌਕਰੀਪੇਸ਼ਾ ਵਿਅਕਤੀਆਂ ਨੂੰ ਕੰਮ 'ਤੇ ਉਨ੍ਹਾਂ ਦੇ ਯੋਗਦਾਨ ਲਈ ਸ਼ਲਾਘਾ ਅਤੇ ਸਨਮਾਨ ਨਹੀਂ ਦਿੱਤਾ ਜਾਂਦਾ। ਇਸ ਤੋਂ ਇਲਾਵਾ 59% ਨੌਕਰੀਪੇਸ਼ਾ ਆਪਣੀ ਰੁਚੀ ਲਈ ਸਮਾਂ ਨਹੀਂ ਕੱਢ ਸਕਦੇ। ਇਨ੍ਹਾਂ ਸਾਰੇ ਕਾਰਨਾਂ ਕਰਕੇ ਲੋਕ ਆਪਣੇ ਕੰਮ ਤੋਂ ਨਾਖੁਸ਼ ਹਨ।

***

## ਅਮਰੀਕਾ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ

ਤਕਨਾਲੋਜੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ (ਸੀਈਓ) ਦੇ ਨਾਲ ਇੱਕ 'ਸਾਰਥਕ' ਗੋਲਮੇਜ਼ ਕਾਨਫਰੰਸ ਵਿੱਚ ਹਿੱਸਾ ਲਿਆ ਅਤੇ ਭਾਰਤ ਵਿੱਚ ਵਿਕਾਸ ਦੀ ਸੰਭਾਵਨਾ 'ਤੇ ਜ਼ੋਰ ਦਿੱਤਾ ਅਤੇ ਵੱਖ-ਵੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ ਲਈ ਪਹਿਲਕਦਮੀਆਂ ਬਾਰੇ ਚਰਚਾ ਕੀਤੀ। ਇਹ ਮੁਲਾਕਾਤ ਮੋਦੀ ਦੇ ਤਿੰਨ ਦਿਨਾਂ ਅਮਰੀਕਾ ਦੌਰੇ ਦੇ ਦੂਜੇ ਦਿਨ ਐਤਵਾਰ ਨੂੰ 'ਲੋਟੇ ਨਿਊਯਾਰਕ ਪੈਲੇਸ ਹੋਟਲ' ਵਿੱਚ ਹੋਈ। ਮੀਟਿੰਗ ਵਿੱਚ ਏਆਈ, 'ਕੁਆਂਟਮ ਕੰਪਿਊਟਿੰਗ' ਅਤੇ 'ਸੈਮੀਕੰਡਕਟਰ' ਵਰਗੀਆਂ ਅਤਿ-ਆਧੁਨਿਕ ਤਕਨੀਕਾਂ 'ਤੇ ਕੰਮ ਕਰ ਰਹੀਆਂ 15 ਪ੍ਰਮੁੱਖ ਅਮਰੀਕੀ ਕੰਪਨੀਆਂ ਦੇ ਸੀਈਓਜ਼ ਨੇ ਹਿੱਸਾ ਲਿਆ।

**ਜਦੋਂ ਮੋਦੀ ਦਾ ਨਾਮ ਭੁੱਲ ਗਏ ਬਾਇਡੇਨ**

ਅਜਿਹੇ ਕਈ ਮੌਕੇ ਆਏ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਆਪਣੀ ਯਾਦਦਾਸ਼ਤ ਕਾਰਨ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਹੈ। ਰਾਸ਼ਟਰਪਤੀ ਬਾਇਡਨ ਨੂੰ ਡੇਲਾਵੇਅਰ ਵਿੱਚ ਕੁਆਡ ਸਮਾਗਮ ਦੌਰਾਨ ਇਸੇ ਤਰ੍ਹਾਂ ਦੇ ਪਲ ਦਾ ਫਿਰ ਸਾਹਮਣਾ ਕਰਨਾ ਪਿਆ। ਦਰਅਸਲ, ਕੈਂਸਰ ਮੂਨਸ਼ਾਟ ਸਮਾਗਮ ਵਿੱਚ ਆਪਣਾ ਭਾਸ਼ਣ ਖਤਮ ਕਰਨ ਤੋਂ ਬਾਅਦ, 81 ਸਾਲਾ ਬਾਇਡਨ ਸਮਾਗਮ ਨੂੰ ਸੰਬੋਧਨ ਕਰਨ ਲਈ ਅਗਲੇ ਨੇਤਾ ਦਾ ਨਾਂ ਦੱਸਣਾ ਭੁੱਲ ਗਏ। ਉਨ੍ਹਾਂ ਇਸ ਸਬੰਧੀ ਆਪਣੇ ਮੁਲਾਜ਼ਮਾਂ ਨੂੰ ਵੀ ਦੱਸ ਦਿੱਤਾ। ਉਨ੍ਹਾਂ ਕਿਹਾ ਕਿ ਮੈਂ ਇੱਥੇ ਆਉਣ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਅਤੇ ਹੁਣ ਮੈਂ ਅੱਗੇ ਇਕ ਆਗੂ ਨੂੰ ਪੇਸ਼ ਕਰਨ ਜਾ ਰਿਹਾ ਹਾਂ... ਕੁਝ ਸਕਿੰਟਾਂ ਦੇ ਇੰਤਜ਼ਾਰ ਤੋਂ ਬਾਅਦ ਉਨ੍ਹਾਂ ਨੇ ਉੱਚੀ ਆਵਾਜ਼ ਵਿੱਚ ਪੁੱਛਿਆ, ਅੱਗੇ ਕੌਣ ਹੈ..? ਇਸ ਦੌਰਾਨ ਦਰਸ਼ਕਾਂ ਤੇ ਤਮਾਮ ਹਾਜ਼ਰੀਨ ਦਰਮਿਆਨ ਅਜੀਬ ਜਿਹੀ ਚੁੱਪ ਛਾ ਗਈ। ਇਕ ਮੁਲਾਜ਼ਮ ਨੇ ਬਾਇਡਨ ਨੂੰ ਪ੍ਰਧਾਨ ਮੰਤਰੀ ਮੋਦੀ ਦਾ ਨਾਮ ਦਸਿਆ।

***

## ਹੁਣ ਯੂਰੋਪੀਅਨ ਦੇਸ਼ਾਂ ਵੱਲ ਪਰਵਾਸ ਕਰ

ਇੰਜੀਨੀਅਰਿੰਗ, ਤਕਨਾਲੋਜੀ ਦੇ ਵਿਦਿਆਰਥੀਆਂ ਲਈ ਇੱਕ ਪਸੰਦੀਦਾ ਮੰਜ਼ਿਲ ਵਜੋਂ ਉੱਭਰਿਆ ਹੈ। ਇਸ ਤੋਂ ਇਲਾਵਾ, ਲਾਤਵੀਆ, ਆਇਰਲੈਂਡ ਅਤੇ ਫਿਨਲੈਂਡ ਵਰਗੇ ਪੂਰਬੀ ਯੂਰਪੀਅਨ ਦੇਸ਼ ਗੈਰ-ਕੁਸ਼ਲ ਵਰਕ ਪਰਮਿਟ ਦੀ ਮੰਗ ਕਰਨ ਵਾਲਿਆਂ ਲਈ ਪ੍ਰਸਿੱਧ ਹੋ ਰਹੇ ਹਨ। ਯੂ.ਕੇ. ਦੀ ਵਧਦੀ ਬੇਰੁਜ਼ਗਾਰੀ, ਰਹਿਣ-ਸਹਿਣ ਦੀ ਉੱਚ ਕੀਮਤ ਅਤੇ ਵਧਦੀ ਪ੍ਰਵਾਸੀ ਵਿਰੋਧੀ ਭਾਵਨਾ ਨੇ ਵੀ ਭਾਰਤੀ ਵਿਦਿਆਰਥੀਆਂ ਲਈ ਇੱਕ ਮੰਜ਼ਿਲ ਵਜੋਂ ਇਸਦੀ ਅਪੀਲ ਵਿੱਚ ਗਿਰਾਵਟ ਵਿੱਚ ਯੋਗਦਾਨ ਪਾਇਆ ਹੈ।

ਜਰਮਨੀ ਵਿੱਚ ਫੀਸਾਂ ਇੱਕ ਬੋਝ ਨਹੀਂ ਕੈਨੇਡਾ ਵਿੱਚ ਟਿਊਸ਼ਨ ਫੀਸ ਇੱਕ ਵੱਡਾ ਬੋਝ ਬਣ ਸਕਦੀ ਹੈ। ਜਦੋਂ ਕਿ ਜਰਮਨੀ ਸਾਰੇ ਜਨਤਕ ਅਦਾਰਿਆਂ ਵਿੱਚ ਮੁਫ਼ਤ ਸਿੱਖਿਆ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਜਰਮਨੀ ਨੂੰ ਇੰਟਰਨੈਸ਼ਨਲ ਇੰਗਲਿਸ਼ ਲੈਂਗੂਏਜ ਟੈਸਟਿੰਗ ਸਿਸਟਮ ਦੀ ਲੋੜ ਨਹੀਂ ਹੈ, ਜਿਸ ਨਾਲ ਉਨ੍ਹਾਂ ਵਿਦਿਆਰਥੀਆਂ ਲਈ ਐਪਲੀਕੇਸ਼ਨ ਪ੍ਰਕਿਰਿਆ ਨੂੰ ਸਰਲ ਬਣਾਇਆ ਜਾ ਸਕਦਾ ਹੈ ਜਿਨ੍ਹਾਂ ਨੂੰ ਭਾਸ਼ਾ ਦੇ ਟੈਸਟਾਂ ਵਿੱਚ ਮੁਸ਼ਕਿਲ ਆ ਸਕਦੀ ਹੈ। ਇਹੀ ਕਾਰਨ ਹੈ ਕਿ ਜਰਮਨੀ ਪੜ੍ਹਨ ਲਈ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਜਰਮਨੀ ਵਿੱਚ ਕਿੰਨੇ ਵਿਦਿਆਰਥੀ ਦਿ ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਵਿਦਿਆਰਥੀਆਂ ਨੂੰ ਭੇਜਣ ਦੇ ਇੱਕ ਮਾਹਿਰ ਨੇ ਦੱਸਿਆ, 'ਭਾਰਤੀ ਵਿਦਿਆਰਥੀਆਂ ਵਿੱਚ ਜਰਮਨੀ ਦੀ ਵੱਧ ਰਹੀ ਪ੍ਰਸਿੱਧੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਹਾਲ ਹੀ ਵਿੱਚ ਜਰਮਨੀ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।' ਵਰਤਮਾਨ ਵਿੱਚ ਜਰਮਨੀ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਲਗਭਗ 44,000 ਭਾਰਤੀ ਵਿਦਿਆਰਥੀ ਹਨ, ਜੋ ਕਿ 2019 ਵਿੱਚ 20,000 ਤੋਂ ਵੱਧ ਦਾ ਵਾਧਾ ਹੈ। ਇਹ ਗਿਣਤੀ 2024-25 ਵਿੱਚ ਵਧਣ ਦੀ ਉਮੀਦ ਹੈ। ਇਹ ਵਾਧਾ ਅਧਿਐਨ ਦੇ ਸਥਾਨ ਵਜੋਂ ਜਰਮਨੀ ਦੀ ਵਧ ਰਹੀ ਪ੍ਰਸਿੱਧੀ ਨੂੰ ਦਰਸਾਉਂਦਾ ਹੈ। ਇੰਜਨੀਅਰਿੰਗ, ਕਾਨੂੰਨ, ਪ੍ਰਬੰਧਨ ਅਤੇ ਸਮਾਜਿਕ ਵਿਗਿਆਨ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਵਿੱਚ ਇਹ ਵਿਸ਼ੇਸ਼ ਤੌਰ 'ਤੇ ਤਰਜੀਹ ਹੈ।



## ‘ਲੁੱਟ’

ਲੰਬੜਦਾਰ ਜਰਨੈਲ ਸਿੰਘ ਆਇਆ ਤੇ ਸਾਰੀਆਂ ਕੰਮ ਮੁਕਾ ਕੇ ਹੱਥ ਪੈਰ ਧੋ ਕੇ ਉਹਦੇ ਦੁਆਲੇ ਹੋ ਗਈਆਂ। ਉਹਨੇ ਸਾਰੀਆਂ ਨੂੰ ਪੰਜਾਂ ਦਿਹਾੜੀਆਂ ਦੇ ਬਣਦੇ ਪੈਸੇ ਦੇ ਦਿੱਤੇ। ਜੀਤੋ ਵੀ ਕੋਲ ਖੜ੍ਹੀ ਸੀ। ਲੰਬੜਦਾਰ ਨੇ ਜੱਗੋ ਨੂੰ ਉਹਦੇ ਤੇ ਜੀਤੋ ਦੇ ਪੈਸੇ ਗਿਣਕੇ ਫੜਾ ਦਿੱਤੇ। ਜੀਤੋ ਦੀ ਨਿਗਾਹ ਆਪਣੀ ਮਿਹਨਤ ਦੀ ਕਮਾਈ ਮਿਲਦੀ ਦੇਖ ਨੋਟਾਂ ਤੋਂ ਪਰਾਂ ਨਹੀਂ ਸੀ ਹਟ ਰਹੀ। ਮਾਲਕ ਨੇ ਫਟਾ ਫਟ ਨੋਟ ਉਹਦੀ ਬੀਬੀ ਦੀ ਮੁੱਠੀ ’ਚ ਦੇ ਦਿੱਤੇ ਸਨ। ਅਜੇ ਦੋ ਤਿੰਨ ਜਣੀਆਂ ਦੇ ਪੈਸੇ ਹੋਰ ਰਹਿੰਦੇ ਸਨ। ਜੀਤੋ ਨੇ ਹੌਲੀ ਜਿਹੀ ਆਪਣੀ ਮਾਂ ਨੂੰ ਕਿਹਾ, ਬੀਬੀ ਦਿਖਾਈ ਤਾਂ ਭਲਾ ਕਿੰਨੇ ਪੈਸੇ ਬਣੇ ਨੇ ? ਜੀਤੋ ਨੇ ਨੋਟ ਗਿਣੇ ਤਾਂ ਉਹ ਸੌ ਸੌ ਦੇ ਪੰਦਰਾਂ ਨੋਟ ਸਨ। ਉਹਨੇ ਝੱਟ ਮਾਂ ਨੂੰ ਕਿਹਾ, ਇਹ ਤਾਂ ਘੱਟ ਨੇ ਸਿੱਧਾ ਈ ਪੰਜ ਸੌ ਘੱਟ... ਮੈਂ ਦੇਖ ਰਹੀ ਸਾਂ ਤਾਈ ਧਿਆਨੋ ਹੋਰਾਂ ਨੂੰ ਦਸ ਦਸ ਨੋਟ ਮਿਲੇ ਆ, ਆਪਾਂ ਨੂੰ ਵੀਹ ਮਿਲਣੇ ਚਾਹੀਦੇ ਸਨ... ਦੋ ਹਜ਼ਾਰ, ਇਹ ਤਾਂ ਪੰਦਰਾਂ ਸੌਈ ਆ। ਜੱਗੋ ਨੇ ਜੀਤੋ ਤੋਂ ਨੋਟ ਫੜੇ ਤੇ ਜਰਨੈਲ ਸਿੰਘ ਨੂੰ ਕਿਹਾ, “ ਸਰਦਾਰ ਜੀ ਇਹ ਪੈਸੇ ਘੱਟ ਨੇ ਤੁਹਾਨੂੰ ਭੁਲੇਖਾ ਲੱਗ ਗਿਆ, ਇਹ ਪੰਦਰਾਂ ਨੋਟ ਨੇ ਵੀਹ ਬਣਦੇ ਆ ਮੇਰੇ ਤੇ ਮੇਰੀ ਧੀ ਦੇ। ਮਾਲਕ ਨੇ ਕੌੜ ਕੇ ਉਹਦੇ ਵੱਲ ਦੇਖਿਆ ਤੇ ਬੋਲਿਆ, ਐਨੇ ਈ ਬਣਦੇ ਨੇ, ਇਹਨੂੰ ਤਿਲ ਭਰ ਦੀ ਜੁਆਕੜੀ ਨੂੰ ਪੂਰੀ ਦਿਹਾੜੀ ਥੋੜ੍ਹਾ ਈ ਦੇਣੀ ਆ... ਅੱਧੀ ਦਾ ਪੰਜ ਸੌਹੀ ਬਣਦੈ। ਜੱਗੋ ਹੈਰਾਨ ਰਹਿ ਗਈ ਜਦੋਂ ਜੀਤੋ ਲੰਬੜਦਾਰ ਦੇ ਗਲ ਪੈ ਗਈ ਦੇਖ ਭਾਈ ਮੈਂ ਜੁਆਕੜੀ ਹੁੰਦੀ ਤਾਂ ਮੂੰਹ ’ਚ ਤੇਰੀ ਦਿੱਤੀ ਬਚੀ ਖੁਚੀ ਚਾਹ ਵਾਲੀ ਚੁੰਘਣੀ ਪਾਈ ਔਹ ਮੰਜੇ ਦੀ ਬਾਹੀ ਨਾਲ ਬੰਨ੍ਹੇ ਲੀੜੇ ’ਚ ਝੂਲਦੀ ਹੁੰਦੀ... ਮੈਂ ਤਾਂ ਇਨ੍ਹਾਂ ਨਾਲ ਬਰਾਬਰ ਸਾਰਾ ਦਿਨ ਝੋਨਾ ਲਾਉਂਨੀ ਆ ਮੇਰੀ ਅੱਧੀ ਦਿਹਾੜੀ ਕਿਹੜੇ ਹਿਸਾਬ ਨਾਲ ਹੋਈ ? ਲੰਬੜਦਾਰ ਛਿੱਬਾ ਜਿਹਾ ਪੈ ਗਿਆ। ਜਾਣਦਾ ਤਾਂ ਉਹ ਵੀ ਸੀ ਕੁੜੀ ਬਹੁਤ ਕਾਮੀ ਹੈ ਤੇ ਦਿਹਾੜੀ ਪੂਰੀ ਦੇਣੀ ਬਣਦੀ ਹੈ ਪਰ ਉਹ ਚਲਾਕੀ ਕਰ ਰਿਹਾ ਸੀ ਜਾਂ ਸ਼ਾਇਦ ਗ਼ਰੀਬ ਮਾਰ...।

ਰੌਲ਼ਾ ਜਿਹਾ ਸੁਣ ਕੇ ਦੂਜੀਆਂ ਔਰਤਾਂ ਵੀ ਨੇੜੇ ਆ ਗਈਆਂ। ਜੱਗੋ ਨੇ ਹੱਥ ਜੋੜਦਿਆਂ ਮਾਲਕ ਨੂੰ ਕਿਹਾ, ਸਰਦਾਰ ਜੀ, ਸਾਰਾ ਦਿਨ ਸਾਡੇ ਬਰਾਬਰ ਨਿਭਦੀ ਐ ਮੇਰੀ ਧੀ... ਇਹ ਤਾਂ ਮੈਂ ਮਜਬੂਰੀ ਨੂੰ ਕੰਮ ’ਤੇ ਲਾਈ ਆ, ਕੁੜੀ ਦੀ ਪੂਰੀ ਦਿਹਾੜੀ ਦਿਓ, ਇਹ ਤਾਂ ਸਰਾਸਰ ਬੇਨਸਾਫੀ ਆ। ਦੂਜੀਆਂ ਔਰਤਾਂ ਨੇ ਵੀ ਕਿਹਾ ਕਿ ਇਹ ਤਾਂ ਗਰੀਬ ਮਾਰ ਐ, ਕੁੜੀ ਦਾ ਪੂਰਾ ਹਜ਼ਾਰ ਰੁਪਈਆ ਬਣਦੇ ਪੂਰੀ ਦਿਹਾੜੀ ਦਾ।

ਸਰਦਾਰ ਨੇ ਫੋਕਾ ਜਿਹਾ ਦਬਕਾ ਮਾਰਿਆ ਪੂਰੀ ਨਾ ਕਿਤੇ ਸਵਾਈ ਦਿਹਾੜੀ ਦਿਆਂ ਇਹਨੂੰ...ਇੱਥੇ ਕੋਈ ਲੁੱਟ ਪਈ ਐ..? ਉਪਰੋਂ ਡਿੱਗਦੇ ਨੇ ਨੋਟ..? ਜੀਤੋ ਕਹਿਰੀ ਨਜ਼ਰ ਨਾਲ ਲੰਬੜਦਾਰ ਵੱਲ ਦੇਖਦਿਆਂ ਬੋਲੀ ਲੁੱਟ ਤਾਂ ਭਾਈ ਤੂੰ ਪਾਈ ਆ...ਗਰੀਬਾਂ ਨੂੰ ਪਸ਼ੂਆਂ ਵਾਂਗ ਵਾਹੁਨੈ ਤੇ ਉੱਤੋਂ ਦਿਹਾੜੀ ਵੀ ਪੂਰੀ ਨਈਂ ਦੇਂਦਾ.. ਛੱਡ ਬੀਬੀ ਮੇਰੇ ਪੰਜ ਸੌ ਵੀ ਇਹਦੇ ਮੱਥੇ ਮਾਰ, ਸੋਚ ਲਾਂਗੇ ਕਿਸੇ ਆਪ ਤੋਂ ਗਰੀਬ ਦੀ ਮਦਦ ਕਰ ਆਏ...ਤੇ ਇੱਕ ਗੱਲ ਹੋਰ ਅੱਗੋਂ ਇਹਦੇ ਕੰਮ ਨਈਂ ਕਰਨਾ ਆਪਾਂ। ਜਰਨੈਲ ਸਿੰਘ ਜਿਹੜਾ ਜਰਨੈਲ ਵਾਂਗ ਤੀਵੀਆਂ ਦੀ ਫ਼ੌਜ ਸਾਹਮਣੇ ਆਕੜਿਆ ਖੜ੍ਹਾ ਸੀ, ਸ਼ਰਮਿੰਦਾ ਜਿਹਾ ਹੋ ਗਿਆ। ਪਰ ਫਿਰ ਝੂਠਾ ਜਿਹਾ ਰੋਹਬ ਪਾਉਂਦਾ ਕਹਿਣ ਲੱਗਾ, ਬਥੇਰੇ ਫਿਰਦੇ ਨੇ ਮਿਨਤਾਂ ਕਰਦੇ ਮੈਂ ਤਾਂ ਆਪਣੀਆਂ ਸਮਝਕੇ ਕੰਮ ’ਤੇ ਲਾ ਲਈਆਂ ਸੀ.. ਨਾ ਆਇਓ ਵੱਡੀਆਂ ਚੌਧਰਾਣੀਆਂ...। ਪਹੀ ’ਚ ਖੜ੍ਹੇ ਮੋਟਰਸਾਇਕਲ ਨੂੰ ਕਿੱਕ ਮਾਰ ਕੇ ਜਰਨੈਲ ਸਿੰਘ ਔਹ ਗਿਆ ਔਹ ਗਿਆ !

ਔਰਤਾਂ ਗਾਲ੍ਹਾਂ ਦਿੰਦੀਆਂ ਅੱਡੇ ਵੱਲ ਤੁਰ ਪਈਆਂ ਅੱਡੇ ’ਤੇ ਨਾਲ ਦੀ ਪੈਲੀ ਵਾਲਿਆਂ ਦਾ ਕਾਮਾ ਖੜ੍ਹਾ ਸੀ। ਉਸ ਉੱਚੀ-ਉੱਚੀ ਗੱਲਾਂ ਕਰਦੀਆਂ ਜੱਗੋ ਹੋਰਾਂ ਨੂੰ ਸਾਂਝਾ ਜਿਹਾ ਸੁਆਲ ਕੀਤਾ ਬਹਿਨਾ ਤੁਮ ਕਿਤਨੀ ਦਿਹਾੜੀ ਲੇਤੀ ਹੋ ? ਧਿਆਨੋ ਨੇ ਸੜ ਭੁੱਜ ਕੇ ਕਿਹਾ ਹਮਾਰਾ ਤਾਂ ਪਾਂਜ ਸੌ ਰੁਪਈਆ ਮਾਰ ਗਿਆ ਟੁਟ ਪੈਣਾ.. ਦਿਹਾੜੀ ਕੋ ਤਾਂ ਮਾਰ ਗੋਲੀ।

ਖਿਝੀਆਂ ਖਪੀਆਂ ਸਾਰੀਆਂ ਔਰਤਾਂ ਧਿਆਨੋ ਦੀ ਹਿੰਦੀ ਪੰਜਾਬੀ ਰਲਾ ਕੇ ਬਣਾਈ ਖਿਚੜੀ ’ਤੇ ਹੱਸਣ ਲੱਗੀਆਂ। ਕਾਮੇ ਨੇ ਦੱਸਿਆ ਕਿ ਅਸੀਂ ਲੋਕ 350 ਰੁਪਏ ਦਿਹਾੜੀ ਲੈਂਦੇ ਹਾਂ ਨਾਲ ਪੰਜ ਕਿੱਲੋ ਚੌਲ ਤੇ ਕਣਕ ਜਾਂ ਆਟਾ ਵੀ ਲੈਂਦੇ ਹਾਂ ਪ੍ਰਤੀ ਏਕੜ। ਮੈਨੂੰ ਪਤਾ ਹੈ ਲੰਬੜਦਾਰ ਨੇ ਤੁਹਾਨੂੰ 200 ਰੁਪਏ ਦਿਹਾੜੀ ’ਤੇ ਲਾਇਆ ਹੈ ਤੇ ਰੋਟੀ ਤੁਸੀਂ ਘਰੋਂ ਆਪਣੀ ਲਿਆਉਂਦੀਆਂ ਹੋ। ਇਹ ਸੁਣ ਕੇ ਥੱਕੀਆਂ ਔਰਤਾਂ ਦਾ ਤਰਾਹ ਨਿੱਕਲ ਗਿਆ ਤੇ ਜਿਵੇਂ ਸੱਚੀ ਮੁੱਚੀ ਲੱਕ ਟੁੱਟ ਗਿਆ। ਦੋ ਤਿੰਨ ਦੇ ਮੂੰਹੋਂ ਇਕੱਠਾ ਹੀ ਨਿੱਕਲਿਆ ਹਾਏ..ਹਾਏ... ਐਡਾ ਜ਼ੁਲਮ.. ਐਡਾ ਧੋਖਾ ਤੇਰਾ ਕਿੱਥੇ ਭਲਾ ਹੋਊ ਚੰਦਰਿਆ ਤਪਿਆਂ ਨੂੰ ਤਪਾ ਕੇ।” ਸਾਰੀਆਂ ਨੇ ਫ਼ੈਸਲਾ ਕਰ ਲਿਆ ਮੁੜ ਬਾਹਰਲੇ ਪਿੰਡ ਕੰਮ ’ਤੇ ਨਹੀਂ ਜਾਣਾ। ਆਪਣੇ ਪਿੰਡ ਦੇ ਲੋਕ ਭਾਵੇਂ ਦੋ ਸੌਈ ਦੇਣ ਅੱਗੋਂ ਬਾਹਰਲੇ ਕਾਮੇ ਤਾਂ ਆਉਣੋਂ ਹਟ ਜਾਣਗੇ, ਕੰਮ ਕਰਨ ’ਚ ਕਾਹਦੀ ਸ਼ਰਮ, ਵਿਚੋਂ ਦੂਜੀ ਨੇ ਸਲਾਹ ਦਿੱਤੀ ਘੁੰਡ ਕੱਢਕੇ ਕੰਮ ਕਰਨਾ ਔਖਾ ਹੁੰਦੈ ਆਪਾਂ ਘੁੰਡ ਵੀ ਚੁੱਕ ਦੇਣੈ। ਇਹ ਵੱਡੇ ਸਾਡੇ ਮਾਪਿਆਂ ਵਰਗੇ ਨੇ।” ਐਨੇ ਨੂੰ ਬੱਸ ਆ ਗਈ ਤੇ ਸਾਰੀਆਂ ਉਸ ’ਚ ਚੜ੍ਹ ਗਈਆਂ।

ਟਿਕਟ ਟਿਕਟ ਕਰਦਾ ਕੰਡਕਟਰ ਕਾਹਲੀ ਕਰ ਰਿਹਾ ਸੀ। ਸਾਰੀਆਂ ਨੇ ਤਿੰਨ-ਤਿੰਨ ਰੁਪਏ ਕੱਢਕੇ ਉਹਨੂੰ ਫੜਾ ਦਿੱਤੇ। ਜੱਗੋ ਵੀ ਦੋ ਟਿਕਟਾਂ ਦੇ ਛੇ ਰੁਪਏ ਫੜਾਉਣ ਲੱਗੀ ਪਰ ਜੀਤੋ ਨੇ ਝੱਟ ਉਹਦਾ ਹੱਥ ਫੜ ਲਿਆ ਤੇ ਬੋਲੀ ਬੀਬੀ ਛੇ ਨਹੀਂ ਸਾਢੇ ਚਾਰ ਮੈਂ ਅੱਧੀ ਟਿਕਟ ਲਵਾਂਗੀ ਪੂਰੀ ਨਹੀਂ ! ਬੱਸ ਕੰਡਕਟਰ ਉਹਨੂੰ ਵੱਢ ਖਾਣ ਨੂੰ ਪਿਆ ਕਿਉਂ ਤੂੰ ਜੁਆਕੜੀ ਏਂ, ਜਿਹੜੀ ਤੇਰੀ ਅੱਧੀ ਟਿਕਟ ਲੱਗੂ, ਅੱਗੇ ਵੀ ਤਾਂ ਰੋਜ਼ ਪੂਰੀ ਲੱਗਦੀ ਆ। ਜੀਤੋ ਵੀ ਅੱਗੋਂ ਉਹਨੂੰ ਔਖੀ ਹੋ ਕੇ ਬੋਲੀ ਜੇ ਮੈਨੂੰ ਦਿਹਾੜੀ ਅੱਧੀ ਮਿਲਦੀ ਆ ਤਾਂ ਮੇਰੀ ਟਿਕਟ ਵੀ ਅੱਧੀ ਲੱਗੂ ਮੈਂ ਨਈਂ ਦੇਂਦੀ ਹੋਰ ਪੈਸੇ। ਸਾਰੀ ਬੱਸ ’ਚ ਰੌਲ਼ਾ ਪੈ ਗਿਆ ਜਦੋਂ ਜਨਾਨੀਆਂ ਨੇ ਦੱਸਿਆ ਕਿ ਕਿਸਾਨ ਨੇ ਆਹ ਕੀਤੀ ਜਿਹੜਾ ਪੰਜ ਸੌ ਏਕੜ ਦਾ ਮਾਲਕ ਹੈ। ਕੰਡਕਟਰ ਨੇ ਫਿਰ ਕਿਹਾ ਮੇਰਾ ਕੀ ਕਸੂਰ ਐ ਇਹਦੇ ’ਚ ਤੁਸੀਂ ਪੈਸੇ ਕੱਢੋ। ਰੌਲ਼ੇ ਗੌਲ਼ੇ ’ਚ ਪਿੰਡ ਦਾ ਅੱਡਾ ਆ ਗਿਆ ਤੇ ਜੀਤੋ ਸਾਢੇ ਚਾਰ ਰੁਪਏ

ਉਹਦੇ ਹੱਥ ’ਤੇ ਰੱਖ ਕੇ ਔਹ ਗਈ...ਔਹ ਗਈ। ਉਹ ਤੁਰੀ ਜਾਂਦੀ ਕਹਿ ਰਹੀ ਸੀ ਕਿਉਂ ਐਥੇ ਕੋਈ ਲੁੱਟ ਪਈ ਐ ? ਪੂਰੀ ਟਿਕਟ ਦੇ ਪੈਸੇ ਦੇਵਾਂ ਮੈਂ ਇਹਨੂੰ...।

****

## ਕਾਰਪੋਰੇਟ ਕਰਜ਼ੇ ਤੇ ਕਿਸਾਨਾਂ ਦੇ ਕਰਜ਼ੇ ਸਬੰਧੀ

ਐਨ.ਸੀ.ਆਰ.ਬੀ. ਦੁਆਰਾ ਅੰਕੜੇ ਦਰਜ ਕੀਤੇ ਜਾਣ ਬਾਅਦ ਤੋਂ ਲਗਭਗ 4 ਲੱਖ ਕਿਸਾਨ ਖ਼ੁਦਕੁਸ਼ੀਆਂ ਕਰਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਚੁੱਕੇ ਹਨ।

ਜੇਕਰ ਬੈਂਕਾਂ ਦੀਵਾਲੀਆ ਕੰਪਨੀਆਂ ਨੂੰ ਉਦਾਰਪੂਰਬਕ ਛੋਟ ਦੇ ਸਕਦੀਆਂ ਹਨ, ਜਿਨ੍ਹਾਂ ਤੋਂ ਬਕਾਇਆ ਵਸੂਲੀ ਲਗਭਗ ਅਸੰਭਵ ਹੋਵੇ ਤਾਂ ਰਿਜ਼ਰਵ ਬੈਂਕ ਸਰਕਾਰ ਨੂੰ ਕਿਸਾਨਾਂ ਲਈ ਰਾਸ਼ਟਰੀ ਕਰਜ਼ ਰਾਹਤ ਕਮਿਸ਼ਨ ਗਠਿਤ ਕਰਨ ਦਾ ਸੁਝਾਅ ਕਿਉਂ ਨਹੀਂ ਦਿੰਦੀ। ਕਾਰਪੋਰੇਟ ਜਿਹੀ ਸਹੂਲਤ ਕਿਸਾਨਾਂ ਨੂੰ ਵੀ ਕਿਉਂ ਨਹੀਂ ਦਿੱਤੀ ਜਾ ਸਕਦੀ ? ਸੂਬਾ ਸਹਿਕਾਰੀ ਬੈਂਕਾਂ ਤੇ ਸੁਸਾਇਟੀਆਂ ਵਲੋਂ ਹੀ ਕਿਸਾਨਾਂ ਦੇ ਬਕਾਇਆ ਕਰਜ਼ ਨੂੰ ਇਕਮੁਸ਼ਤ ਮੁਆਫ਼ ਕਿਉਂ ਕੀਤਾ ਜਾਣਾ ਚਾਹੀਦਾ ਹੈ, ਰਾਸ਼ਟਰੀਕ੍ਰਿਤ ਬੈਂਕਾਂ ਦੇ ਕਰਜ਼ਾਦਾਰ ਕਿਸਾਨਾਂ ’ਤੇ ਇਹ ਵਿਵਸਥਾਵਾਂ ਕਿਉਂ ਨਹੀਂ ਲਾਗੂ ਹੋਣੀਆਂ ਚਾਹੀਦੀਆਂ ? ਕਾਰਪੋਰੇਟ ਨਾਲ ਵਰਤੀ ਜਾਂਦੀ ਵਿੱਤੀ ਉਦਾਰਤਾ ਅਤੇ ਕਰਜ਼ ਦੀਆਂ ਕਿਸ਼ਤਾਂ ਮੋੜਨ ’ਚ ਅਸਮਰੱਥ ਰਹੇ ਕਿਸਾਨਾਂ ਦੀ ਗਰਦਨ ਫੜਨ ਦਾ ਸਿਲਸਿਲਾ ਖ਼ਤਮ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਦੋਵੇਂ ਮਾਮਲਿਆਂ ’ਚ ਬਕਾਇਆ ਰਕਮ ਵਸੂਲੀ ਨਹੀਂ ਜਾ ਸਕਦੀ। ਪਰ ਇਹ ਬਿਲਕੁੱਲ ਸਪੱਸ਼ਟ ਹੈ ਕਿ ਜਦੋਂ ਕੰਪਨੀਆਂ ਤੇ ਕਿਸਾਨਾਂ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਦੋ ਵੱਖ-ਵੱਖ ਪੈਮਾਨੇ ਅਪਣਾਉਂਦੀ ਹੈ। ਇਹ ਭੇਦਭਾਵ ਤਾਂ ਹੀ ਖ਼ਤਮ ਹੋ ਸਕਦਾ ਹੈ, ਜਦੋਂ ਕਿਸਾਨ ਪੁੱਛਣਾ ਸ਼ੁਰੂ ਦੇਣ ਕਿ ਉਨ੍ਹਾਂ ਨਾਲ ਮਤਰੇਈ-ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ ?

***

## ਮੋਹ ਭਿੱਜਿਆ ਰਿਸ਼ਤਾ

ਭੂਆ-ਭਤੀਜੀ ਦਾ ਰਿਸ਼ਤਾ ਪਿਆਰ, ਮਮਤਾ ਅਤੇ ਸਮਰਪਣ ਦਾ ਇੱਕ ਖਾਸ ਬੰਧਨ ਹੈ। ਇਹ ਰਿਸ਼ਤਾ ਸਾਡੇ ਪਰਿਵਾਰਕ ਬੰਧਨਾਂ ਨੂੰ ਹੋਰ ਮਜ਼ਬੂਤ ਬਣਾਉਂਦਾ ਹੈ ਅਤੇ ਸਾਨੂੰ ਜੀਵਨ ਵਿੱਚ ਪਿਆਰ ਅਤੇ ਸਹਿਯੋਗ ਦੇ ਮਹੱਤਵ ਨੂੰ ਸਮਝਾਉਂਦਾ ਹੈ। ਇਹ ਰਿਸ਼ਤਾ ਸਿਰਫ਼ ਰਿਸ਼ਤੇਦਾਰੀ ਤੱਕ ਸੀਮਿਤ ਨਹੀਂ, ਸਗੋਂ ਮਾਨਸਿਕ ਅਤੇ ਆਤਮਿਕ ਤੌਰ ’ਤੇ ਵੀ ਸਾਡੇ ਜੀਵਨ ਨੂੰ ਸੁਧਾਰਦਾ ਹੈ। ਇਸ ਲਈ, ਸਾਨੂੰ ਭੂਆ-ਭਤੀਜੀ ਦੇ ਰਿਸ਼ਤੇ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਹੋਰ ਵੀ ਮਜ਼ਬੂਤ ਬਣਾਉਣਾ ਚਾਹੀਦਾ ਹੈ। ਰਿਸ਼ਤਿਆਂ ਦੀ ਮਜ਼ਬੂਤੀ ਲਈ ਉਨ੍ਹਾਂ ਦੀ ਪਾਲਨਾ ਵੀ ਬਹੁਤ ਜ਼ਰੂਰੀ ਹੁੰਦੀ ਹੈ। ਭੂਆ-ਭਤੀਜੀ ਦੇ ਰਿਸ਼ਤੇ ਨੂੰ ਵੀ ਸਮੇਂ ਤੇ ਧਿਆਨ ਦੀ ਲੋੜ ਹੁੰਦੀ ਹੈ। ਦੋਵਾਂ ਪੱਖਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਰਿਸ਼ਤੇ ਦੀ ਮਜ਼ਬੂਤੀ ਲਈ ਨਿਰੰਤਰ ਪ੍ਰਯਤਨ ਕਰਨੇ ਜ਼ਰੂਰੀ ਹਨ। ਖੁੱਲ੍ਹੇ ਦਿਲ ਨਾਲ ਗੱਲਬਾਤ, ਸਮੇਂ ਸਮੇਂ ’ਤੇ ਮਿਲਣਾ ਅਤੇ ਇੱਕ ਦੂਸਰੇ ਦੀ ਸਥਿਤੀ ਨੂੰ ਸਮਝਣਾ ਹੀ ਇਸ ਰਿਸ਼ਤੇ ਨੂੰ ਪ੍ਰਸੰਸਾ ਦਾ ਪਾਤਰ ਬਣਾਉਂਦਾ ਹੈ।

****

## ਸਿੱਖਿਆ ਬੱਜਟ ’ਚ ਵੀ

ਜਿਸ ਕੋਲ ਦੌਲਤ ਹੈ, ਉਹ ਕਿੰਨੀਆਂ ਵੀ ਡਿਗਰੀਆਂ ਹਾਸਲ ਕਰ ਲਵੇ। ਭਾਰਤ ਵਿੱਚ 1000 ਦੇ ਕਰੀਬ ਯੂਨੀਵਰਸਿਟੀਆਂ ਹਨ, ਜਿਨ੍ਹਾਂ ਕੋਲ ‘ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ’ ਅਨੁਸਾਰ ਰੈਗੂਲਰ ਕੋਰਸ ਚਲਾਉਣ ਦੀ ਮਨਜ਼ੂਰੀ ਹੈ ਪਰ ਇਨ੍ਹਾਂ ਵਿੱਚੋਂ ਸਿਰਫ 80 ਯੂਨੀਵਰਸਿਟੀਆਂ ਕੋਲ ਆਨਲਾਈਨ ਕੋਰਸ ਚਲਾਉਣ ਦੀ ਮਨਜ਼ੂਰੀ ਹੈ। ਮੁਨਾਫਿਆਂ ਦੀ ਦੌੜ ਵਿੱਚ ਹੋਰ ਵੀ ਕਈ ਯੂਨੀਵਰਿਸਟੀਆਂ ਆਨਲਾਈਨ ਕੋਰਸ ਚਲਾ ਰਹੀਆਂ ਹਨ, ਜਿਨ੍ਹਾਂ ਦੀਆਂ ਡਿਗਰੀਆਂ ਨੂੰ ‘ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ’ ਵੱਲੋਂ ਕੋਈ ਮਾਣਤਾ ਨਹੀਂ ਹੁੰਦੀ। ਇਸ ਤਰ੍ਹਾਂ ਵਿਦਿਆਰਥੀਆਂ ਨਾਂਲ ਡਿਗਰੀ ਦੇ ਨਾਂ ’ਤੇ ਧੋਖਾ ਕੀਤਾ ਜਾਂਦਾ ਹੈ।

ਲੋਕ ਵਿਰੋਧੀ ਸਰਕਾਰ ਦੁਆਰਾ ਸਰਕਾਰੀ ਸਿੱਖਿਆ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਹੱਲਿਆਂ ਨੂੰ ਇਸ ਸਮੇਂ ਵਿਦਿਆਰਥੀਆਂ ਦੇ ਸੰਘਰਸ਼ਾਂ ਜ਼ਰੀਏ ਹੀ ਰੋਕਿਆ ਜਾ ਸਕਦਾ ਹੈ। ਵਿਦਿਆਰਥੀ ਤਬਕੇ ਨੂੰ ਸਿੱਖਿਆ ਦੇ ਨਿੱਜੀਕਰਨ ਨੂੰ ਰੋਕਣ ਲਈ ਜਥੇਬੰਦ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ।

***

## ਕਾਰਪੋਰੇਟ ਕਲਚਰ ਨੇ ਲੋਕਾਂ ਦੀ ਜੀਵਨ

ਗੱਲ ਬਣ ਗਈ ਹੈ। ਇਸ ਕੰਮ ਵਿੱਚ ਐਮਾਜ਼ੋਨ ਨੇ 6000 ਕਰੋੜ ਦਾ ਘਾਟਾ ਵੀ ਖਾਧਾ ਹੈ, ਜੋ ਉਨ੍ਹਾਂ ਨੇ ਆਪਣੀਆਂ ਬਾਹਰਲੀਆਂ ਕੰਪਨੀਆਂ ਵਿਚੋਂ ਨਿਵੇਸ਼ ਦਿਖਾ ਕੇ ਪੂਰਾ ਕੀਤਾ ਹੈ। ਇਸ ਦੇ ਨਾਲ ਹੀ ਬੀਤੇ ਸਾਲ ਵਿੱਚ ਐਮਾਜ਼ੋਨ ਨੇ ਤਕਰੀਬਨ 1000 ਕਰੋੜ ਰੁਪਏ ਪ੍ਰੋਫੈਸ਼ਨਲ ਨੂੰ ਵੀ ਦਿੱਤੇ ਤਾਂ ਜੋ ਉਨ੍ਹਾਂ ਖ਼ਿਲਾਫ਼ ਕੋਈ ਖੜ੍ਹਾ ਹੀ ਨਾ ਹੋਵੇ। ਅਜਿਹਾ ਇਕੱਲਾ ਐਮਾਜ਼ੋਨ ਨਹੀਂ ਕਰਦੀ, ਬਲਕਿ ਹੋਰ ਕੰਪਨੀਆਂ ਵੀ ਕਰਦੀਆਂ ਹਨ।

ਨਿਚੋੜ:- ਇਸ ਵੇਲੇ ਹੁਕਮਰਾਨਾਂ ਅਤੇ ਕਾਰਪੋਰਟਾਂ ਨੂੰ ਸੋਚਣ ਦੀ ਲੋੜ ਹੈ ਕਿ ਜੇ ਲੋਕਾਂ ਕੋਲ ਰੋਜ਼ਗਾਰ ਅਤੇ ਪੈਸਾ ਹੀ ਨਾ ਰਿਹਾ ਤਾਂ ਉਹ ਤੁਹਾਡੀਆਂ ਮਹਿੰਗੀਆਂ ਚੀਜ਼ਾਂ ਕਿਵੇਂ ਖਰੀਦਣਗੇ ? ਸ਼ਾਇਦ ਉਨ੍ਹਾਂ ਨੂੰ ਇਹ ਲੱਗਦਾ ਹੋਵੇਗਾ ਕਿ ਮਹਿੰਗੀਆਂ ਵਸਤੂਆਂ ਵੇਚਣ ਲਈ 10 ਫੀਸਦੀ ਆਬਾਦੀ ਜੋ 72 ਫੀਸਦੀ ਪੈਸਾ ਕੰਟਰੋਲ ਕਰਦੀ ਹੈ ਉਹ ਹੀ ਕਾਫੀ ਹੈ। ਪਰ ਇਹ ਵੀ ਸੋਚਣ ਦੀ ਲੋੜ ਹੈ ਕਿ ਜਿਹੜੇ 81 ਕਰੋੜ ਲੋਕ ਮੁਫ਼ਤ ਦੇ ਅਨਾਜ ’ਤੇ ਪਲ ਰਹੇ ਹਨ ਕੀ ਉਹ ਕਾਨੂੰਨ ਵਿਵਸਥਾ ਨੂੰ ਠੀਕ ਰਹਿਣ ਦੇਣਗੇ ? ਅੱਜ ਪੰਜਾਬ ਵਿੱਚ ਨਸ਼ਾ ਅਤੇ ਵਿਗੜਦੀ ਹੋਈ ਕਾਨੂੰਨ ਦੀ ਵਿਵਸਥਾ ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਹੀ ਦੇਣ ਹੈ।

***

## ਕੀਰਤਨ ਦੀ ਸਿੱਖ ਧਰਮ

ਇਹ ਕਰਮਾਂ ਦੀ ਖੇਡ ਹੈ ਸਾਨੂੰ ਇਸ ਨੂੰ ਉਸ ਅਕਾਲ ਪੁਰਖ ’ਤੇ ਛੱਡ ਦੇਣਾ ਚਾਹੀਦਾ ਹੈ। ਇਹ ਗੁਰੂ ਘਰ ਦੇ ਵਜ਼ੀਰ ਵੀ ਆਪਣੇ ਬੱਚਿਆਂ ਦੀ ਚੰਗੀ ਪਾਲਣਾ ਪੋਸ਼ਣਾ ਦੀ ਕਾਮਨਾ ਲੋਚਦੇ ਹਨ ਇਹ ਆਪਣੇ ਬੱਚਿਆਂ ਦੀ ਪਾਲਣ ਪੋਸ਼ਣ ਲਈ ਹੀ ਤਨਖਾਹ ’ਤੇ ਕੰਮ ਕਰਦੇ ਹਨ ਤਾਂ ਇਸ ਵਿੱਚ ਗਲਤ ਕੀ ਹੈ। ਅਸੀਂ ਸਾਰੇ ਕਿਰਤ ਕਰਦੇ ਹਾਂ, ਸਗੋਂ ਇਹਨਾਂ ਵਜ਼ੀਰਾਂ ਦੀ ਕਿਰਤ ਸਾਡੇ ਸਭ ਤੋਂ ਉੱਚੀ ਹੈ। ਜੋ ਨਿਤ ਗੁਰੂ ਦੀ ਸੇਵਾ ਵਿੱਚ ਲੱਗੇ ਰਹਿੰਦੇ ਹਨ। ਬਾਣੀ ਪੜ੍ਹਦੇ ਹਨ। ਰਸਨਾ ਤੇ ਵਾਹਿਗੁਰੂ ਹੈ, ਸਾਡੇ ਪਰਿਵਾਰਾਂ ਦੀ ਖੁਸ਼ੀ ਲਈ ਭਲਾ ਮੰਗਦੇ ਹਨ। ਪਰ ਇਨ੍ਹਾਂ ਗੁਰੂ ਘਰਾਂ ਦੇ ਵਜ਼ੀਰਾਂ ਦੀ ਤਨਖ਼ਾਹ ਆਮ ਵਿਅਕਤੀ ਨਾਲੋਂ ਵੀ ਬਹੁਤ ਘੱਟ ਹੈ। ਫਿਰ ਵੀ ਅਸੀਂ ਇਹਨਾਂ ਦਾ ਤ੍ਰਿਸਕਾਰ ਕਰਦੇ ਹਾਂ। ਜਦੋਂ ਕਿ ਇਹਨਾਂ ਦਾ ਦਰਜਾ ਬਹੁਤ ਉੱਚਾ ਹੈ। ਜੇਕਰ ਕਿਸੇ ਦਾ ਵਿਰਤੀ ਕਰਮ ਗਲਤ ਹੋਵੇਗਾ ਵੀ ਤਾਂ ਅਸੀਂ ਕੌਣ ਹਾਂ ਕਿਸੇ ਵੀ ਵਜ਼ੀਰ ਨੂੰ ਕੁਝ ਕਹਿਣ ਜਾਂ ਉਸ ਪ੍ਰਤੀ ਧਾਰਨਾ ਬਣਾਉਣ ਵਾਲੇ ਇਹ ਕੰਮ ਉਸ ਅਕਾਲ ਪੁਰਖ ਵਾਹਿਗੁਰੂ ਦਾ ਹੈ ਜੋ ਸਭ ਨੂੰ ਆਪਣੇ ਆਪਣੇ ਕਰਮਾਂ ਦਾ ਫਲ ਦਿੰਦਾ ਹੈ।

ਮੈਂ ਇਸ ਗੱਲ ਨੂੰ ਮਹਿਸੂਸ ਕਰ ਰਹੀ ਹਾਂ, ਕਿ ਇਹਨਾਂ ਗੁਰੂ ਘਰਾਂ ਦੇ ਵਜ਼ੀਰਾਂ ਨੂੰ ਆਪਣਾ ਅਮਲੀ ਜੀਵਨ ਉੱਚਾ ਬਣਾਉਣਾ ਚਾਹੀਦਾ ਹੈ। ਇਹ ਨਦਰ ਗੁਰੂ ਹਰ ਕਿਸੇ ’ਤੇ ਨਹੀਂ ਕਰਦਾ ਹੈ, ਇਹ ਉਸ ’ਤੇ ਹੀ ਹੁੰਦੀ ਹੈ ਜਿਸ ਨੂੰ ਉਹ ਸਭ ਤੋਂ ਵੱਧ ਪਿਆਰ ਅਤੇ ਮਾਣ ਦਿੰਦਾ ਹੈ ਜਿਵੇਂ ਬਾਬਾ ਬੁੱਢਾ ਜੀ ਨੂੰ ਮਿਲਿਆ। ਇਸ ਦੇ ਨਾਲ ਹੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਗੁਰੂ ਘਰਾਂ ਦੇ ਵਜ਼ੀਰਾਂ ਪ੍ਰਤੀ ਸਤਿਕਾਰ ਨੂੰ ਵਧਾਉਣ ਲਈ ਪਰਸਪਰ ਯਤਨ ਕਰਨੇ ਚਾਹੀਦੇ ਹਨ। ਅਸਲ ਵਿੱਚ ਗੁਰੂ ਅਕਾਲ ਪੁਰਖ ਅਤੇ ਸੰਗਤ ਕੀਰਤਨੀ ਨੂੰ ਨਦਰ-ਏ-ਮਹਿਰਮਤ ਕਰਕੇ ਕੀਰਤਨੀਆ ਬਣਾਉਂਦੀ ਹੈ। ਅਸਲ ਵਿੱਚ ਕੀਰਤਨੀਆਂ ਗੁਰੂ ਦੀ ਵਡਿਆਈ ਗਾਉਂਦੇ ਹੋਣ ਕਰਕੇ ਹਮੇਸ਼ਾ ਨਿਮਰਤਾ ਵਿੱਚ ਰਹਿੰਦੇ ਹਨ ਕੀਰਤਨ ਕਰਕੇ ਮੇਰੀ ਵਡਿਆਈ ਨੂੰ ਗੁਰੂ ਦੀ ਵਡਿਆਈ ਹੀ ਮੰਨਿਆ ਜਾਣਾ ਚਾਹੀਦਾ ਹੈ। ਕਲਯੁਗ ਦੀ ਇਸ ਹਨੇਰੀ ਵਿੱਚ ਕੀਰਤਨ ਹੀ ਪ੍ਰਧਾਨ ਹੈ ਗੁਰੂ ਮੁੱਖ ਵਾਕ ਹੈ :-

ਕਲਜੁਗ ਮਹਿ ਕੀਰਤਨ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥ (ਅੰਗ-੧੦੭੫)

ਨਿਰਬਾਣ ਕੀਰਤਨ ਦੀ ਸ਼ਰਤ ਇਹ ਹੈ ਕਿ ਰਸਨਾ ਸ਼ਬਦ ਗਾਇਨ ਕਰੇ, ਹਿਰਦਾ ਗਾਹਕ ਹੋਵੇ ਅਤੇ ਸੁਰਤ ਬਿਰਤੀ ਦੀ ਚਾਹਕ ਵਾਲੀ ਹੋਵੇ। ਜਦੋਂ ਗੁਰਮਤਿ, ਸੰਗੀਤ ਤੇ ਗੁਰੂ ਸ਼ਬਦ ਮਿਲ ਜਾਣ ਤਾਂ ਕੀਰਤਨ ਦਾ ਇੱਕ ਵਿਲੱਖਣ ਰੂਪ ਪੈਦਾ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਜੀ ਤੋਂ ਲੈ ਕੇ ਹੁਣ ਤੱਕ ਜੋ ਰੱਬੀ ਕੀਰਤਨ ਹੈ, ਉਹ ਸਭ ਦੇ ਹਿਰਦਿਆਂ ਨੂੰ ਠਾਰਦਾ ਹੈ। ਚਾਹੇ ਉਹ ਇਨਸਾਨ ਹੈ ਜਾਂ ਜੀਵ। ਜਦੋਂ ਅੱਖਾਂ ਬੰਦ ਕਰਕੇ ਸੁਰਤ ਟਿਕਾਉਣ ਦਾ ਯਤਨ ਕਰਦੇ ਹਾਂ, ਉਸ ਸਮੇਂ ਆਨੰਦ ਪ੍ਰਾਪਤ ਹੁੰਦਾ ਹੈ। ਬਹੁਤੇ ਲੋਕਾਂ ਲਈ ਇਹ ਵਾਦ ਵਿਵਾਦ ਦਾ ਵਿਸ਼ਾ ਹੈ। ਪਰ ਜੋ ਕਿਰਪਾ ਦ੍ਰਿਸ਼ਟੀ ਦੇ ਪਾਤਰ ਹਨ ਉਹਨਾਂ ਲਈ ਇਹ ਆਨੰਦ ਦੀ ਅਵਸਥਾ ਹੈ, ਮਨ ਦੀ ਸ਼ਾਂਤੀ ਅਤੇ ਟਿਕਾਊ ਦੀ ਅਵਸਥਾ ਹੈ।

***

## ਇੱਕ ਦੇਸ਼-ਇੱਕ ਚੋਣ ਦੀ

ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਇਹੋ ਜਿਹੇ ਵਿਚਾਰ ਮਜ਼ਬੂਤ ਦਲੀਲਾਂ ਨਾਲ ਦਿਤੇ। ਹਾਲਾਂਕਿ ਅਕਾਲੀ ਦਲ ਦੇ ਦੋਵੇਂ ਧੜਿਆਂ ਨੇ ਇਸ ਬਾਰੇ ਕੋਈ ਪ੍ਰਤੀਕਰਮ ਦੇਣ ਤੋਂ ਗੁਰੇਜ਼ ਕੀਤਾ। 2020 ਵਿੱਚ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਨਾਤਾ ਤੋੜਨ ਅਤੇ 2024 ਦੀਆਂ ਚੋਣਾਂ ਤੋਂ ਪਹਿਲਾਂ ਗੱਠਜੋੜ ਨਾ ਹੋਣ ਤੋਂ ਬਾਅਦ, ਅਕਾਲੀ ਲੀਡਰਸ਼ਿਪ ਵੱਖ-ਵੱਖ ਮੁੱਦਿਆਂ ’ਤੇ ਨਵਾਂ ਨਜ਼ਰੀਆ ਅਪਣਾ ਰਹੀ ਹੈ। ਇਸ ਤੋਂ ਪਹਿਲਾਂ, ਸ਼੍ਰੋਮਣੀ ਅਕਾਲੀ ਦਲ ਨੇ ਕੋਵਿੰਦ ਪੈਨਲ ਦੇ ਸਾਹਮਣੇ ‘ਇਕ ਰਾਸ਼ਟਰ ਇੱਕ ਚੋਣ’ ਦਾ ਸਮਰਥਨ ਕੀਤਾ ਸੀ

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਬੇਹੱਦ ਨਾਜ਼ੁਕ ਵਿਸ਼ੇ ਸੰਬੰਧੀ ਹਰ ਪੱਧਰ ’ਤੇ ਵੱਡੀ ਅਤੇ ਵਿਸਥਾਰਿਤ ਬਹਿਸ ਹੋਣੀ ਜ਼ਰੂਰੀ ਹੈ। ਇਸ ਦੇ ਨਾਲ ਹੀ ਸਾਰੀਆਂ ਹੀ ਸਿਆਸੀ ਅਤੇ ਹੋਰ ਮਹੱਤਵਪੂਰਨ ਧਿਰਾਂ ਦਾ ਇਸ ਲਈ ਇਕਮਤ ਹੋਣਾ ਜ਼ਰੂਰੀ ਹੈ, ਤਾਂ ਜੋ ਹਰ ਪੱਧਰ ’ਤੇ ਉੱਠੇ ਸ਼ੰਕਿਆਂ ਨੂੰ ਦੂਰ ਕੀਤਾ ਜਾ ਸਕੇ।

***

## ਹੁਣ ਆਸਟ੍ਰੇਲੀਆ ’ਚ ਘੁੰਮਣ

ਹੁਣ ਆਸਟ੍ਰੇਲੀਆ ’ਚ ਘੁੰਮਣ ਜਾਣ ਵਾਲੇ ਇਸ ਪ੍ਰਕਿਰਿਆ ਲਈ ਰਜਿਸਟ੍ਰੇਸ਼ਨ ਫੀਸ 25 ਆਸਟ੍ਰੇਲੀਆਈ ਡਾਲਰ ਨਿਰਧਾਰਤ ਕੀਤੀ ਗਈ ਹੈ। ਇਸ ਪ੍ਰਣਾਲੀ ਦੀ ਸ਼ੁਰੂਆਤ 2024-25 ਪ੍ਰੋਗਰਾਮ ਸਾਲ ’ਚ ਹੋਵੇਗੀ, ਜੋ ਸਿਰਫ ਨਿਰਧਾਰਤ ਦੇਸ਼ਾਂ ਤੋਂ ਪਹਿਲੀ ਵਾਰ ਬਿਨੈਕਾਰਾਂ ਲਈ ਅਰਜ਼ੀ ਦੇਵੇਗੀ।

ਮੌਜੂਦਾ ਵੀਜ਼ਾ ਧਾਰਕ ਜਾਂ ਉਹ ਲੋਕ ਜਿਨ੍ਹਾਂ ਨੂੰ ਪਹਿਲਾਂ ਹੀ ਚੀਨ, ਵੀਅਤਨਾਮ ਜਾਂ ਭਾਰਤ ਤੋਂ ਵਰਕ ਐਂਡ ਹੋਲੀਡੇ ਵੀਜ਼ਾ ਦਿੱਤਾ ਗਿਆ ਹੈ, ਉਹ ਇਮੀਅਕਾਊਂਟ ਰਾਹੀਂ ਦੂਜੇ ਜਾਂ ਤੀਜੇ ਵੀਜ਼ਾ ਲਈ ਆਨਲਾਈਨ ਅਰਜ਼ੀ ਦੇ ਸਕਦੇ ਹਨ। ਹੋਰ ਭਾਗਲੈਣ ਵਾਲੇ ਦੇਸ਼ਾਂ ਦੇ ਬਿਨੈਕਾਰਾਂ ਲਈ ਮੌਜੂਦਾ ਪ੍ਰਬੰਧਾਂ ’ਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

***

## ਭਾਜਪਾ ਰਾਹੁਲ ਦੇ ਬਿਆਨਾਂ ਤੋਂ ਕਿਉਂ ਤੜਫੀ ?

ਸਿੱਖ ਭਾਈਚਾਰੇ ਨੂੰ ਇਹ ਵੀ ਸ਼ਿਕਾਇਤ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਭਾਜਪਾ ਦਖਲ ਦੇ ਰਹੀ ਹੈ। ਖ਼ਾਸ ਕਰਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭਾਜਪਾ ਪ੍ਰਸਤ ਸਿੱਖ ਆਗੂਆਂ ਦਾ ਕਬਜਾ ਹੈ ਅਤੇ ਹਰਿਆਣਾ ਵਿੱਚ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾਉਣ ਨੂੰ ਵੀ ਸਿੱਖ ਭਾਈਚਾਰੇ ਦਾ ਇਕ ਵੱਡਾ ਹਿੱਸਾ ਆਪਣੇ ਧਰਮ ਵਿੱਚ ਦਖਲ ਵਜੋਂ ਦੇਖਦਾ ਹੈ। ਪੰਜਾਬ ਨਾਲ ਵੱਖ-ਵੱਖ ਖੇਤਰਾਂ ਵਿੱਚ ਹੋ ਰਹੇ ਵਿਤਕਰਿਆਂ ਨੂੰ ਵੀ ਸਿੱਖ ਭਾਈਚਾਰਾ ਆਪਣੇ ਨਾਲ ਜੋੜ ਕੇ ਦੇਖਦਾ ਹੈ। ਸਿੱਖ ਭਾਈਚਾਰਾ ਇਸ ਗੱਲ ਤੋਂ ਵੀ ਚਿੰਤਤ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੁਸਲਮਾਨਾਂ ਅਤੇ ਇਸਾਈਆਂ ਦੀ ਤਰ੍ਹਾਂ ਹੀ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਣ ਲਗ ਪਿਆ ਹੈ। ਰਾਜਸਥਾਨ, ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਕੜਾ ਪਹਿਨ ਕੇ ਸਿੱਖ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੇ ਇਮਤਿਹਾਨ ਦੇਣ ਤੋਂ ਰੋਕਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ ਵੱਖ-ਵੱਖ ਰਾਜਾਂ ਵਿੱਚ ਬਿਨਾਂ ਠੋਸ ਆਧਾਰ ਦੇ ਸਿੱਖ ਭਾਈਚਾਰੇ ਦੇ ਲੋਕਾਂ ’ਤੇ ਦੇਸ਼ ਧ੍ਰੋਹ ਦੇ ਕੇਸ ਵੀ ਦਰਜ ਕੀਤੇ ਗਏ ਹਨ। ਇਨ੍ਹਾਂ ਦਿਨਾਂ ਵਿੱਚ ਖ਼ਾਸ ਕਰਕੇ ਰਾਜਸਥਾਨ ਵਿੱਚ ਇੱਕ ਸਿੱਖ ਆਗੂ ਤੇਜਿੰਦਰਪਾਲ ਸਿੰਘ ਟਿੰਮਾ ’ਤੇ ਦਰਜ ਕੀਤੇ ਗਏ ਦੇਸ਼ਧ੍ਰੋਹ ਦੇ ਕੇਸ ਦੀ ਚਰਚਾ ਹੋ ਰਹੀ ਹੈ।

ਹੁਣੇ ਜਿਹੇ ਉੜੀਸਾ ਵਿੱਚ ਇੱਕ ਫੌਜੀ ਸਿੱਖ ਅਧਿਕਾਰੀ ਦੀ ਮੰਗੇਤਰ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਜਿਨਸੀ ਹਿੰਸਾ ਦਾ ਮਾਮਲਾ ਸਾਹਮਣੇ ਆਇਆ ਹੈ। ਫੌਜੀ ਅਧਿਕਾਰੀ ਦੀ ਮੰਗੇਤਰ ਨੇ ਕਿਹਾ ਸੀ ਕਿ ਮੈਨੂੰ ਹੱਥ-ਪੈਰ ਬੰਨ੍ਹ ਕੇ ਥਾਣੇ ਵਿੱਚ ਰੱਖਿਆ ਗਿਆ। ਪੁਲਿਸ ਨੇ ਉਸਦੇ ਅੰਡਰਗਾਰਮੈਂਟਸ ਉਤਾਰ ਦਿੱਤੇ ਤੇ ਜ਼ੁਲਮ ਕੀਤਾ ਗਿਆ। ਬਲਾਤਕਾਰ ਦੀ ਧਮਕੀ ਦਿੱਤੀ ਗਈ। ਜਿਨਸੀ ਹਿੰਸਾ ਕੀਤੀ ਗਈ। ਏਮਜ਼ ਦੀ ਮੈਡੀਕਲ ਰਿਪੋਰਟ ਮੁਤਾਬਕ ਪੀੜਤ ਔਰਤ ਦੇ ਪੂਰੇ ਸਰੀਰ ’ਤੇ ਕੁੱਟਮਾਰ ਦੇ ਨਿਸ਼ਾਨ ਹਨ, ਉਸ ਦਾ ਇੱਕ ਦੰਦ ਟੁੱਟ ਗਿਆ ਹੈ ਅਤੇ ਉਸ ਦਾ ਜਬਾੜਾ ਵੀ ਜ਼ਖ਼ਮੀ ਹੈ। ਉਸ ਦੇ ਇੱਕ ਹੱਥ ਦੀ ਹੱਡੀ ਵੀ ਟੁੱਟ ਗਈ ਹੈ। ਕਾਂਗਰਸ ਨੇ ਵੀ ਇਸ ਮਾਮਲੇ ਵਿੱਚ ਮੋਹਨ ਮਾਝੀ ਸਰਕਾਰ ’ਤੇ ਨਿਸ਼ਾਨਾ ਸਾਧਿਆ ਹੈ। ਇਸ ਮਾਮਲੇ ’ਤੇ ਮੁੱਖ ਮੰਤਰੀ ਮੋਹਨ ਚਰਨ ਮਾਝੀ ਨੇ ਭਰੋਸਾ ਦਿੱਤਾ ਹੈ ਕਿ ਜੋ ਵੀ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਉੜੀਸਾ ’ਚ ਪੁਲਿਸ ਤੋਂ ਮਦਦ ਲੈਣ ਗਈ ਸਿੱਖ ਫ਼ੌਜੀ ਅਧਿਕਾਰੀ ਦੀ ਮੰਗੇਤਰ ਨਾਲ ਪੁਲਿਸ ਨੇ ਕੀਤੀ ਬੇਰਹਿਮੀ ਅਤੇ ਜਿਨਸੀ ਹਿੰਸਾ ਤੋਂ ਪੂਰਾ ਦੇਸ਼ ਹੈਰਾਨ ਹੈ।

***

## ਹਰਿਆਣਾ ਚੋਣਾਂ

ਇਸ ਸਭ ਦੇ ਬਾਵਜੂਦ ਭਾਜਪਾ ਨੂੰ ਇਸ ਸਮੇਂ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਥੋਂ ਤੱਕ ਕਾਂਗਰਸ ਦਾ ਸਵਾਲ ਹੈ ਤਾਂ ਇਹਨਾਂ ਚੋਣਾਂ ਦੌਰਾਨ ਕਾਂਗਰਸ ਭਾਜਪਾ ਅੱਗੇ ਵੱਡੀ ਚੁਣੌਤੀ ਬਣ ਕੇ ਉਭਰੀ ਹੈ। ਲੋਕ ਸਭਾ ਚੋਣਾਂ ਦੌਰਾਨ ਵੀ ਕਾਂਗਰਸ ਹਰਿਆਣਾ ਦੀਆਂ 10 ਲੋਕ ਸਭਾ ਸੀਟਾਂ ਵਿਚੋਂ 5 ਲੋਕ ਸਭਾ ਚੋਣਾਂ ਜਿੱਤ ਕੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਚੁੱਕੀ ਹੈ। ਕਾਂਗਰਸ ਦੇ ਦੋ ਵਾਰ ਮੁੱਖ ਮੰਤਰੀ ਰਹੇ ਭੁਪਿੰਦਰ ਸਿੰਘ ਹੁੱਡਾ, ਕੁਮਾਰੀ ਸੈਲਜਾ ਅਤੇ ਰਣਦੀਪ ਸਿੰਘ ਸੂਰਜੇਵਾਲਾ ਵਿਅਕਤੀਗਤ ਰੂਪ ਵਿੱਚ ਵੋਟਰਾਂ ਦੇ ਵੱਡੇ ਵਰਗਾਂ ਨੂੰ ਪ੍ਰਭਾਵਿਤ ਕਰਦੇ ਹਨ ਪਰ ਹੁੱਡਾ ਅਤੇ ਸੈਲਜਾ ਦੇ ਵੱਖ- ਵੱਖ ਧੜੇ ਸਰਗਰਮ ਹੋਣ ਕਾਰਨ ਕਾਂਗਰਸ ਨੂੰ ਨੁਕਸਾਨ ਵੀ ਹੋ ਸਕਦਾ ਹੈ। ਕਾਂਗਰਸ ਇਸ ਸਮੇਂ ਹਰਿਆਣਾ ਵਿੱਚ ਸੱਤਾ ਵਿਰੋਧੀ ਲਹਿਰ ਦਾ ਲਾਭ ਉਠਾਉਣ ਦਾ ਵੀ ਯਤਨ ਕਰ ਰਹੀ ਹੈ। ਹਰਿਆਣਾ ਵਿੱਚ ਚੋਣ ਲੜ ਰਹੀਆਂ ਸਾਰੀਆਂ ਧਿਰਾਂ ਦੇ ਆਗੂ ਪੂਰੀ ਤਰ੍ਹਾਂ ਚੋਣ ਸਰਗਰਮੀਆਂ ਕਰ ਰਹੇ ਹਨ। ਵੋਟਰਾਂ ਨੂੰ ਇਹਨਾਂ ਸਿਆਸੀ ਪਾਰਟੀਆਂ ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ। ਕੌਣ ਸਹੀ ਹੈ ! ਕੌਣ ਗਲਤ ਹੈ ? ਘੱਟੋ-ਘੱਟ ਹੁਣ ਤਾਂ ਬਿਨਾਂ ਪਰਖੇ ਅਤੇ ਸਮਝੇ ਵੋਟ ਨਹੀਂ ਪਾਉਣੀ ਚਾਹੀਦੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com